ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ 21, 22, 23 ਫਰਵਰੀ 2025 ਨੂੰ ਮਨਾਇਆ ਜਾ ਰਿਹਾ ਹੈ

13ਵਾਂ ਸਾਲ ਹਫਤਾਵਾਰੀ

# ਦੇਸ਼ ਦੁਆਬਾ

VOL -13 ISSUE - 46
Feburary 19, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ 21, 22, 23 ਫਰਵਰੀ 2025 ਨੂੰ ਮਨਾਇਆ ਜਾ ਰਿਹਾ ਹੈ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।**

ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ ਅਤੇ ਯੂਬਾ ਸਿਟੀ ਵਿਖੇ 23 ਫਰਵਰੀ 2025, ਫਰਿਜਨੋ ਵਿਖੇ 2 ਮਾਰਚ 2025, ਸੈਕਰਾਮੈਂਟੋ ਵਿਖੇ 9 ਮਾਰਚ 2025 ਅਤੇ ਬੇ-ਏਰੀਆ ਵਿਖੇ 16 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। **ਹੋਰ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।**

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਉਤਸਵ ਮਨਾਇਆ




ਡਾ. ਕੇ.ਸ੍ਰੀਕਰ ਰੈਡੀ, ਕੌਂਸਲ ਜਨਰਲ ਆਫ ਇੰਡੀਆ, ਸਾਨਫਰਾਂਸਿਸਕੋ ਗੁਰੂ ਪਿਆਰੀ ਸਾਧ ਸੰਗਤ ਨੂੰ ਵਧਾਈਆਂ ਦਿੰਦੇ ਹੋਏ।




(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 2 ਅਤੇ 3 'ਤੇ)

## ਨਿਊਯਾਰਕ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਪ੍ਰਕਾਸ਼ ਪੁਰਬ ਸ਼ਰਧਾ ਪੂਰਵਕ ਮਨਾਇਆ ਗਿਆ




ਸਕੱਤਰ ਬਲਵਿੰਦਰ ਭੌਰਾ



ਭਾਰਤੀ ਸਫ਼ਾਰਤਖਾਨੇ ਤੋਂ ਪ੍ਰਗਿਆ ਸਿੰਘ



ਕਮਿਸ਼ਨਰ ਇਮਾਨੂਅਲ ਕਾਸਟਰੋ ਕਮਿਸ਼ਨਰ ਅਫੇਅਰ ਆਫ਼ਿਸ ਸਿਟੀ ਮੇਅਰ




ਚੇਅਰਮੈਨ ਜਸਵਿੰਦਰ ਸਿੰਘ ਬਿੱਲਾ



ਪ੍ਰਧਾਨ ਪਰਮਜੀਤ ਕਮਾਮ

(ਤਸਵੀਰਾਂ ਅਤੇ ਰਿਪੋਰਟ ਦੇਖੋ ਸਫਾ 36 ਤੋਂ 39 ਤੇ)




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed



Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com



Cell (510) 368-3983



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA CA, PITTSBURG CELEBRATED THE 648TH PARKASH UTSAV OF SATGURU RAVIDASS JI












Sri Guru Ravidass Sabha CA, Pittsburg celebrated the 648th Parkash Utsav of SATGURU RAVIDASS JI with great devotion and enthusiasm on last Sunday, February 16, 2025 at Sri GURU RAVIDASS TEMPLE Pittsburg. Guru Ji Ki Sangat and devotees started Akhand Path on February 14, 2025 (FRIDAY) 9:30 AM which concluded on February 16, 2025 (SUNDAY) 9:30 AM. Devine Kirtan DIWAN was enhanced by Kirtani Jatha of Bhai Onkar Singh Ji- Una Wale and Bhai Balwinder Singh Ji along with Katha by Sant Krishan Nath Ji - Chaheru Wale. The Nishan Sahib CholaSewa was performed on Saturday Feb. 15. The devotee family of Balbir Bagha performed the Nishan Sahib Chola Sewa and langar on this occasion. Bhai Balwinder Singh Ji, Bhai Harjinder Singh Ji Rasia and Bibi Kamaljeet Kaur did the Shabad Kirtan on Saturday evening.

Devotees came from all over California. Gurughar Parking lots and other 3 parking lots were full. Even the street parking was hard to find. Gurughar committee provided shuttle from various parking locations to Gurughar throughout the day. The Management Committee is thankful to Sangat for their donations/ contributions and all the volunteers who served Langar, decorated Gurughar, directed traffic/parking, cooked food, cleaned the kitchen, Jorha Sewa and helped organizing the function during Gurpurab Celebrations. Numerous vendors came to showcase and sell their products. A special booth was set up for Dastar Bandi where hundreds of devotees were taught to tie the turbans and were provided with free Turbans. Thanks to the Management committee and the volunteers for doing this Sewa.

The Honorable Dr. K. Srikar Reddy - Consul General of India, Mr. Jelani Killings - Mayor of Pittsburg, Mr. Ron Bernal -Mayor of Antioch and Ms. Shanelle Scales - Preston - Contra Costa County Supervisor came to pay respects to Guru Sahib and congratulate Sangat on the occasion of 648th birth anniversary celebrations of Sri Guru Ravidass ji. Mr. Rakesh Adlakha – Deputy Consul General and Mr. Jaswant Singh - Consul (Head of Chancery) participated in the celebrations with their families. The entire Sangat is thankful to Dr. Amarjit Singh Dosanjh, Dr. Nirmal Singh and UC Berkeley BPSHI group for helping and making the Health Awareness and Medical Camp very successful. The media partners Jasbir Kumar, Upinder Pal (Pal Films) and Prem Kumar Chumber (Ambedkar Times & Desh Doaba) did a commendable job for covering this event and live telecasting it all over the world. The Management Committee also thanked all the Sewadars for hosting Langar Stalls - Sarbjit Kaur Saag and Makki Di Roti, Pakora and tea; Piyush Sharma - Ice cream; Rashpal Singh /Sargam Restaurant, Santokh Madhar, Narinder and Balwinder Kumar- Kadhi Chawal and Aloo Tikki; Rajindra Catering - Milk, Tikki, Chhole Bhature, Dessert; caterer Surinder Koka and Jarnail Kala – Jalebee; Karnayal Singh- Mango Lassi; Flamingo banquet – Snacks and Jalebee; Kulwinder Sandhi; Fresh Sugar cane juice, Narinder Chahal & Des Raj - Mix fruits,Veg Spring Rolls, Coffee, Cheese Quesadilla; Baljinder Singh (Bindi)- Soda, Juice, Milk Badaam, Fruity drinks and water; Deepu – Soda, Juice and water etc.

*More News & pictures coming next week in Desh Doaba*

# SRI GURU RAVIDASS SABHA CA, PITTSBURG CELEBRATED THE 648TH PARKASH UTSAV OF SATGURU RAVIDASS JI











## SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ



## ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ

ਸ੍ਰੀ ਗੁਰੂ ਰਵਿਦਾਸ ਟੈਂਪਲ ਯੁਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648 ਵੇਂ ਆਗਮਨ ਪੁਰਬ ਦੇ ਸਬੰਧ ਵਿਚ ਗੁਰੂ ਘਰ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ।

21 ਫਰਵਰੀ 2025 ਦਿਨ ਸ਼ੁੱਕਰਵਾਰ ਨੂੰ ਗੁਰਪੁਰਬ ਦੀਆਂ ਖੁਸ਼ੀਆਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 10 ਵਜੇ ਅਰੰਭ ਕੀਤੇ ਜਾਣਗੇ। 22 ਫਰਵਰੀ 2025 ਦਿਨ ਸ਼ਨਿਚਰਵਾਰ ਸ਼ਾਮ 3.30 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਬਦਲੇ ਜਾਣਗੇ ਅਤੇ 23 ਫਰਵਰੀ 2025 ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਇਸ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਦੌਰਾਨ ਪ੍ਰਸਿੱਧ ਰਾਗੀ/ਢਾਡੀ ਜਥੇ, ਕਥਾਵਾਚਕ ਗੁਰਬਾਣੀ ਅਤੇ ਧਾਰਮਿਕ ਵਾਰਾਂ ਅਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

* ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੁਬਾ ਸਿਟੀ (ਕੈਲੀਫੋਰਨੀਆ) ਦੇ ਪ੍ਰਧਾਨ ਸ਼੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤੀ ਜਾਵੇਗੀ।
* ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਗੁਰੂ ਪਿਆਰੀ ਸਾਧ ਸੰਗਤ ਵਲੋਂ ਕੀਤੀ ਜਾਵੇਗੀ।
* ਗੁਰੂ ਦੇ ਲੰਗਰਾਂ ਦੀ ਸੇਵਾ ਦੀ ਤਾਜ ਰੈਸਟੋਰੈਂਟ ਯੁਬਾ ਸਿਟੀ ਵਲੋਂ ਕੀਤੀ ਜਾਵੇਗੀ।



ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ

**ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530 713 1823
ਗੁਰਨਾਮ ਸਿੰਘ ਭੰਡਾਲ (ਚੇਅਰਮੈਨ) 530 218 4468



ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ



ਸ੍ਰੀ ਦਲਵਿੰਦਰ ਰੱਲ੍ਹ- ਵਾਈਸ ਚੇਅਰਮੈਨ



ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ



ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ



ਸ੍ਰੀ ਰਾਮ ਸੇਵਕ ਭਾਟੀਆ- ਕੈਸ਼ੀਅਰ



ਸ੍ਰੀ ਕਿਸ਼ੋਰ ਬੰਗੜ - ਵਾਈਸ ਕੈਸ਼ੀਅਰ



ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ



ਸ੍ਰੀ ਪ੍ਰਸ਼ੋਤਮ ਸੂਦ - ਟਰੱਸਟੀ

**ਗੁਰੂ ਘਰ ਦੇ ਮੌਜੂਦਾ ਸੇਵਾਦਾਰ**

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ, ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ, ਸ੍ਰੀ ਦਲਵਿੰਦਰ ਰੱਲ੍ਹ- ਵਾਈਸ ਚੇਅਰਮੈਨ
ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ, ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ, ਸ੍ਰੀ ਰਾਮ ਸੇਵਕ ਭਾਟੀਆ- ਹੈਡ ਕੈਸ਼ੀਅਰ
ਸ੍ਰੀ ਕਿਸ਼ੋਰ ਕੁਮਾਰ - ਵਾਈਸ ਕੈਸ਼ੀਅਰ, ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ, ਪ੍ਰਸ਼ੋਤਮ ਸੂਦ - ਟਰੱਸਟੀ

**SHRI GURU RAVIDASS TEMPLE, 1480 HAYNE AVE YUBA CITY, CA 95993**

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥







## ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਿਤੀ 21, 22 ਅਤੇ 23 ਫਰਵਰੀ 2025 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਜੀ ਦਾ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮਾਂ ਦਾ ਵੇਰਵਾ

*ਸ਼ੁਕਰਵਾਰ, 21 ਫਰਵਰੀ, 2025*

ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ
ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ- ਸਵੇਰੇ 9 ਤੋਂ 10 ਵਜੇ ਤੱਕ

*ਐਤਵਾਰ, 23 ਫਰਵਰੀ 2025*

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - ਸਵੇਰੇ 11 ਵਜੇ
ਉਪਰੰਤ ਗੁਰੂ ਜੀ ਦੇ ਕੀਰਤਨੀ ਜਥੇ
ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

### ਸੰਗਤ ਦੇ ਸੇਵਾਦਾਰ

ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

**ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437**

**Address: 2650 Blaine Avenue Selma (CA) 93662**

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ। ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌ-ਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।


ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਉਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**
**ਧੰਨਵਾਦ ਸਹਿਤ- "ਕੌਮੀ ਉਡਾਰੀਆਂ"**

# ਇਨਕਲਾਬੀ ਆਗੂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ

ਬਚਪਨ ਵਿਚ ਜਦੋਂ ਕਦੀ ਇਨਕਲਾਬੀ ਰਹਿਨੁਮਾ ਗੁਰੂ ਰਵਿਦਾਸ ਅਤੇ ਮਹਾਨ ਡਾ. ਅੰਬੇਡਕਰ ਦੇ ਸੰਘਰਸ਼ ਦਾ ਜ਼ਿਕਰ ਘਰ ਵਿਚ ਚੱਲਦਾ ਤਾਂ ਬਜ਼ੁਰਗਾਂ ਦੇ ਮੂੰਹੋਂ ਇਹ ਸ਼ਬਦ ਵੀ ਸੁਣਦਾ ਸਾਂ, 'ਬੱਲੇ, ਮੰਗੂ ਰਾਮ ਕਿਤੇ ਘਰ-ਘਰ ਜੰਮਣਾ, ਉਹਦੀਆਂ ਕੀ ਰੀਸਾਂ।' ਬਚਪਨ ਵਿਚ ਹੀ ਮੇਰੇ ਕੋਮਲ ਮਨ ਦੇ ਚਿੱਤਰ-ਪਟ 'ਤੇ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਵੱਲੋਂ ਪੰਜਾਬ ਦੇ ਦਲਿਤ ਵਰਗ ਲਈ ਕੀਤੇ ਸੰਘਰਸ਼ ਦੀਆਂ ਕਈ ਕਾਲਪਨਿਕ ਤਸਵੀਰਾਂ ਉਲੀਕੀਆਂ ਜਾਂਦੀਆਂ। ਦਿਲ ਵਿਚ ਸੱਧਰ ਜਾਗਦੀ, ਕਾਸ਼! ਇਹ ਮਹਾਨ ਵਿਅਕਤੀ ਸਾਡੇ ਜੀਵਨ ਵਿਚ ਹੁੰਦਾ। ਸਮਾਂ ਬੀਤਣ ਦੇ ਨਾਲ ਗੱਲ ਆਈ-ਗਈ ਹੋ ਜਾਂਦੀ।




1970 ਈ: ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ' ਜਾਰੀ ਹੋਇਆ ਤਾਂ ਹੈਰਾਨੀ ਭਰੀ ਅਸਲੀਅਤ ਤੋਂ ਪਰਦਾ ਉਠਿਆ ਕਿ ਮੰਗੂ ਰਾਮ ਜਿਸ ਨੂੰ ਪਿਆਰ ਨਾਲ ਲੋਕ ਬਾਬੂ ਮੰਗੂ ਰਾਮ ਕਹਿੰਦੇ ਸਨ, ਹਾਲੇ ਜਿਉਂਦੇ ਹਨ। ਗੱਲ ਮੰਨਣ ਵਿਚ ਨਾ ਆਵੇ, ਘਰ ਵਿਚ ਜ਼ਿਕਰ ਚੱਲਿਆ ਤਾਂ ਇਸ ਗੱਲ ਨੂੰ ਕੋਈ ਮੰਨੇ ਹੀ ਨਾ। ਖੈਰ, ਕੁਝ ਅਰਸੇ ਬਾਅਦ ਇਹ ਹੈਰਾਨੀ ਹਕੀਕਤ ਵਿਚ ਬਦਲ ਗਈ ਜਦੋਂ 'ਰਵਿਦਾਸ ਪੱਤ੍ਰਿਕਾ' ਦੇ ਦਫਤਰ ਵਿਚ ਸ਼ਾਖਸਾਤ ਰੂਪ ਵਿਚ ਉਸ ਮਹਾਨ ਸ਼ਖਸੀਅਤ ਦੇ ਦਰਸ਼ਨ ਕੀਤੇ।

ਇਕ ਮਧਰੇ ਕੱਦ ਦਾ, ਗੋਰਾ-ਚਿੱਟਾ, ਵਧੇਰੇ ਉਮਰ ਪਰ ਚੰਗੀ ਸਿਹਤ ਵਾਲਾ, ਸਿਰ ਉਪਰ ਉਨ ਵਾਲੀ ਕਸ਼ਮੀਰੀ ਟੋਪੀ ਅਤੇ ਬੰਦ ਗਲੇ ਵਾਲਾ ਕੋਟ ਪਾਈ ਆਕਰਸ਼ਕ ਵਿਅਕਤੀਤਵ ਦਾ ਮਾਲਕ- ਬਾਬੂ ਮੰਗੂ ਰਾਮ ਮੁੱਗੋਵਾਲੀਆ 'ਰਵਿਦਾਸ ਪੱਤ੍ਰਿਕਾ' ਉਪਰ ਬਿਰਾਜਮਾਨ ਸੀ। ਪਰ ਮੈਨੂੰ ਯਕੀਨ ਫਿਰ ਵੀ ਨਹੀਂ ਸੀ ਆ ਰਿਹਾ ਕਿ ਇਹ ਉਹੋ ਮੰਗੂ ਰਾਮ ਹੈ ਜੋ ਮੇਰੇ ਬਚਪਨ ਦੀਆਂ ਯਾਦਾਂ ਦੇ ਬੇਤਾਜ਼ ਬਾਦਸ਼ਾਹ ਸੀ। ਉਸ ਨੂੰ ਮਿਲ ਕੇ, ਉਸ ਦਾ ਦੀਦਾਰ ਕਰਕੇ ਐਨਾ ਚਾਅ ਸੀ, ਕਲਮ ਬਿਆਨ ਕਰਨ ਤੋਂ ਅਸਮਰੱਥ ਹੈ। ਕਈ ਵਾਰੀ ਇਹ ਪਹਿਲੀ ਮਿਲਣੀ ਇਕ ਫਿਲਮ ਦੀ ਰੀਲ ਲੱਗਦੀ ਪਰ, ਨਹੀਂ, ਸੱਚਮੁਚ ਹੀ ਬਾਬੂ ਮੰਗੂ ਰਾਮ ਮੇਰੇ ਸਾਹਮਣੇ ਸਨ ਅਤੇ ਬੜੀ ਧੀਮੀ ਆਵਾਜ਼ ਵਿਚ ਮੇਰੇ ਸੁਆਲਾਂ ਦੇ ਜੁਆਬ ਦੇ ਰਹੇ ਸਨ। ਲੱਗਭੱਗ 85 ਸਾਲ ਦੀ ਉਮਰ ਵਿਚ ਵੀ ਉਹਨਾਂ ਦੀਆਂ ਅੱਖਾਂ ਦਲਿਤ ਲੋਕਾਂ ਦੇ ਰੌਸ਼ਨ ਭਵਿੱਖ ਦੀਆਂ ਆਸ਼ਾਵਾਂ ਨਾਲ ਚਮਕ ਰਹੀਆਂ ਸਨ।

ਇਸ ਤੋਂ ਬਾਅਦ ਬਾਊ ਜੀ ਨੂੰ ਕਈ ਵਾਰ ਮਿਲਣ ਅਤੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਮਿਲਿਆ। ਉਹਨਾਂ ਦਾ ਜੀਵਨ ਕਹਾਣੀ ਅਤੇ ਉਹਨਾਂ ਵੱਲੋਂ ਆਰੰਭਿਆ ਘੋਲ ਜਿੱਥੇ ਅੱਜ ਵੀ ਮੈਨੂੰ ਜੀਵਨ ਵਿਚ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ, ਉਥੇ ਬਾਊ ਜੀ ਨੂੰ ਗੁੰਮਨਾਮੀ ਭਰਿਆ ਜੀਵਨ ਬਤੀਤ ਕਰਨ ਲਈ ਬੇਵੱਸ ਕਰਨ ਵਾਲੇ ਕੁਝ ਇਕ ਸਵਾਰਥੀ ਲੋਕਾਂ ਦੀਆਂ ਲੂੰਬੜ-ਚਾਲਾਂ ਨੂੰ ਨੰਗਿਆਂ ਕਰਨ ਲਈ ਵੀ ਮੇਰੀ ਕਲਮ ਬਹਿਬਲ ਹੋ ਰਹੀ ਹੈ- ਪਰ ਇਸ ਲੇਖ ਰਾਹੀਂ ਉਨ੍ਹਾ ਖੁਦਗਰਜ਼, ਕੁਰਸੀ ਦੇ ਭੁੱਖੇ ਚੌਧਰੀਆਂ ਦਾ ਭਾਂਡਾ ਭੰਨਣਾ ਸਾਡਾ ਉਪਦੇਸ਼ ਨਹੀਂ ਹੈ।



ਡਾ. ਜੀ. ਸੀ. ਕੌਲ
91-94632-23223

1925 ਈ: ਵਿਚ ਅਮਰੀਕਾ ਤੋਂ ਵਾਪਸ ਆ ਕੇ ਉਹਨਾਂ ਨੇ ਪੰਜਾਬ ਦੇ ਦਲਿਤ ਵਰਗ ਨੂੰ ਆਦਿ ਧਰਮ ਮੰਡਲ, ਪੰਜਾਬ ਦੇ ਝੰਡੇ ਹੇਠ ਸੰਗਠਿਤ ਕਰਨ ਦਾ ਅਤਿ-ਕਠਿਨ ਕੰਮ ਸ਼ੁਰੂ ਕੀਤਾ। ਬਾਊ ਜੀ ਨੇ ਅਣਥੱਕ ਯਤਨਾਂ ਨਾਲ ਆਪਣੇ ਬਹੁਤ ਸਾਰੇ ਸੁਚੱਜੇ, ਸੂਝਵਾਨ ਅਤੇ ਦੂਰ-ਅੰਦੇਸ਼ ਸਾਥੀਆਂ ਨਾਲ ਮਿਲ ਕੇ ਪੰਜਾਬ ਦੇ ਦਲਿਤਾਂ ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕ ਅਜਿਹੀ ਚਿਣਗ ਬਾਲੀ ਜੋ ਅੱਗ ਦਾ ਭਾਂਬੜ ਬਣ ਗਈ। ਜਿੱਥੇ ਆਦਿ ਧਰਮ ਮੰਡਲ ਦੇ ਆਗੂ ਪੰਜਾਬ ਵਿਚ ਦਲਿਤ ਵਰਗ ਦੀ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਅਵਸਥਾ ਬਦਲਣ ਲਈ ਸੰਘਰਸ਼ਸ਼ੀਲ ਸਨ, ਉਥੇ ਉਹ ਦਲਿਤਾਂ ਦੇ ਮਸੀਹਾ ਮਹਾਨ ਡਾ: ਅੰਬੇਡਕਰ ਦੇ ਸੰਘਰਸ਼ ਭਰੇ ਘੋਲ ਵਿਚ ਵੀ ਪੂਰਾ ਸਹਿਯੋਗ ਦੇ ਰਹੇ ਸਨ।

ਆਦਿ ਧਰਮ ਮੰਡਲ, ਪੰਜਾਬ ਦੀ ਅਗਰਗਾਮੀ ਵਿਚਾਰਧਾਰਾ ਜਾਣਨ ਲਈ ਇਸ ਸੰਸਥਾ ਵੱਲੋਂ 1931 ਵਿਚ ਜਾਰੀ ਕੀਤੀ ਗਈ ਪਹਿਲੀ ਰਿਪੋਰਟ ਦੀਆਂ ਹੇਠ ਲਿਖੀਆਂ ਕੁਝ ਧਾਰਾਵਾਂ ਵਰਣਨਯੋਗ ਹਨ-

(ੳ) ਇਹ ਜਨ-ਸਭਾ ਸਰਬਸੰਮਤੀ ਨਾਲ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਅਛੂਤਾਂ ਦੀ ਹਿੰਦੂ ਧਰਮ ਜਾਂ ਹਿੰਦੂ ਆਬਾਦੀ ਵਿਚ ਗਿਣਤੀ ਨਾ ਕੀਤੀ ਜਾਵੇ, ਸਗੋਂ ਉਹਨਾਂ ਨੂੰ ਆਦਿ-ਧਰਮ ਮਜ਼ਹਬ ਵਿਚ ਗਿਣਿਆ ਜਾਵੇ। ਅਸੀਂ ਨਾ ਹਿੰਦੂ ਹਾਂ ਅਤੇ ਨਾ ਹੀ ਹਿੰਦੂ ਸਾਡੇ ਵਿਚੋਂ ਹਨ। (ਅ) ਇਹ ਜਨ-ਸਭਾ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਜਿਹਨਾਂ ਸ਼ਾਸਤਰਾਂ ਅਰਥਾਤ ਮਨੂ-ਸਿਮਰਤੀਆਂ ਆਦਿ ਵਿਚ ਅਛੂਤਾਂ ਨੂੰ ਦਾਸ ਬਣਾ ਕੇ ਰੱਖਣ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਜਿਹਨਾਂ ਵਿਚ ਅਛੂਤਾਂ ਨੂੰ ਉਨਤ ਹੋਣ ਤੋਂ ਰੋਕਿਆ ਗਿਆ ਹੈ, ਉਹਨਾਂ ਉਪਰ ਕਾਨੂੰਨੀ ਪ੍ਰਤੀਬੰਧ ਲਾਇਆ ਜਾਵੇ।

(ੲ) ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ।

(ਸ) ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ-ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ ਪਿਆਰ ਵਿਚ ਵਾਧਾ ਕਰਨਾ।

(ਹ) ਮੂਰਤੀ ਪੂਜਾ ਦਾ ਤਿਆਗ ਕਰੋ। ਜਾਦੂ-ਟੂਣਿਆਂ, ਵਹਿਮਾਂ ਭਰਮਾਂ ਅਤੇ ਭੂਤਾਂ-ਪ੍ਰੇਤਾਂ ਤੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

ਉਪਰੋਕਤ ਪ੍ਰਸਤਾਵਾਂ ਨੂੰ ਵਾਚ ਕੇ ਇਹ ਪਤਾ ਲੱਗਦਾ ਹੈ ਕਿ ਜੋ ਬੁਰਾਈਆਂ ਅੱਜ ਵੀ ਸਾਡੇ ਸਮਾਜ ਵਿਚ ਪ੍ਰਚੱਲਿਤ ਹਨ, ਉਹਨਾਂ ਨੂੰ ਦੂਰ ਕਰਨ ਲਈ ਅੱਜ ਤੋਂ ਲੱਗਭੱਗ 90 ਸਾਲ ਪਹਿਲਾਂ ਸੋਚਣਾ ਕਿੰਨੀ ਦੂਰ-ਅੰਦੇਸ਼ੀ ਅਤੇ ਸਮਾਜਿਕ ਉਥਾਨ ਵਾਲੀ ਗੱਲ ਸੀ।

ਮਹਾਨ ਡਾ: ਅੰਬੇਡਕਰ ਦੀ ਰਹਿਨੁਮਾਈ ਹੇਠ ਆਦਿ ਧਰਮ ਮੰਡਲ, ਪੰਜਾਬ ਨੇ ਭਾਰਤ ਦੀ ਅੰਗਰੇਜ਼ੀ ਹਕੂਮਤ ਨੂੰ ਇਸ ਵਿਚਾਰਧਾਰਾ ਨਾਲ ਸਹਿਮਤ ਕੀਤਾ ਕਿ ਅਸੀਂ ਸਦੀਆਂ ਤੋਂ ਮਿੱਧੇ-ਕੁਚਲੇ ਕਰੋੜਾਂ ਦਲਿਤ ਲੋਕ ਹਿੰਦੂ ਨਹੀਂ, ਬਾਹਰੋਂ ਆਏ ਆਰੀਏ ਨਹੀਂ, ਸਗੋਂ ਭਾਰਤ ਦੇ ਆਦਿ ਵਾਸੀ ਹਾਂ ਅਤੇ ਆਦਿ ਧਰਮ ਸਾਡਾ ਮਜ਼ਹਬ ਹੈ। 1931 ਈ: ਵਿਚ ਬਾਊ ਜੀ ਦੀ ਜੱਦੋ-ਜਹਿਦ ਨਾਲ ਹੀ ਪੰਜਾਬ ਵਿਚ ਆਦਿ ਧਰਮ ਨੂੰ ਇਕ ਵੱਖਰੇ ਧਰਮ ਵਜੋਂ ਮਾਨਤਾ ਮਿਲੀ। ਉਹਨਾਂ ਦੀ ਇਹ ਪ੍ਰਾਪਤੀ ਕੋਈ ਸਾਧਾਰਨ ਤੇ ਮਾਮੂਲੀ ਪ੍ਰਾਪਤੀ ਨਹੀਂ ਸੀ। 1932 ਈ: ਵਿਚ ਬਾਬਾ ਸਾਹਿਬ ਡਾ: ਅੰਬੇਡਕਰ ਅਤੇ ਸ੍ਰੀ ਗਾਂਧੀ ਵਿਚਕਾਰ ਹੋਏ ਪੂਨਾ ਪੈਕਨ ਦੇ ਤਹਿਤ 1936-37 ਵਿਚ ਭਾਰਤ ਵਿਚ ਹੋਈਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਪੰਜਾਬ ਪ੍ਰਾਂਤ ਵਿਚ ਦਲਿਤਾਂ ਲਈ 8 ਸੀਟਾਂ ਰਿਜ਼ਰਵ ਕੀਤੀਆਂ ਗਈਆਂ। ਇਨ੍ਹਾਂ 8 ਸੀਟਾਂ ਵਿਚੋਂ 7 ਸੀਟਾਂ 'ਤੇ ਆਦਿ ਧਰਮ ਮੰਡਲ ਦੇ ਨੁਮਾਇੰਦੇ ਪੰਜਾਬ ਵਿਧਾਨ ਸਭਾ, ਲਾਹੌਰ ਲਈ ਚੁਣੇ ਗਏ। ਬਾਬਾ ਸਾਹਿਬ ਦੇ ਸਹਿਯੋਗ ਨਾਲ ਆਦਿ ਧਰਮ ਮੰਡਲ ਦੇ ਬਾਨੀ ਦੀ ਇਹ ਇਕ ਮਹਾਨ ਜਿੱਤ ਸੀ।

ਬਾਬੂ ਜੀ ਨੇ ਜਲੰਧਰ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ ਅਤੇ ਇੱਥੇ ਹੀ ਉਨ੍ਹਾ ਨੇ ਬੜੀਆਂ ਬੋਝਲ ਆਰਥਿਕ ਕਠਿਨਾਈਆਂ ਦੇ ਬਾਵਜੂਦ ਸੇਠ ਕਿਸ਼ਨ ਦਾਸ, ਬੂਟਾ ਮੰਡੀ ਜਲੰਧਰ ਦੇ ਸਹਿਯੋਗ ਨਾਲ ਆਦਿ-ਧਰਮ ਮੰਡਲ, ਪੰਜਬ ਦੇ ਨਾਂ ਅਧੀਨ ਜਗ੍ਹਾ ਖਰੀਦ ਕੇ ਸੰਸਥਾ ਦਾ ਕੇਂਦਰੀ ਦਫਤਰ ਕਾਇਮ ਕੀਤਾ। ਪਰ ਕੁਝ ਚਾਲਾਕ ਤੇ ਸਵਾਰਥੀ ਸਿਆਸਤਦਾਨਾਂ ਨੇ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਪ੍ਰਾਪਤ ਕਰਕੇ, ਨਿੱਜੀ ਚੌਧਰ ਲਈ, ਪੰਜਾਬ ਭਰ ਵਿਚ ਇਸ ਸੰਸਥਾ ਅਧੀਨ ਸੰਗਠਿਤ ਹੋ ਰਹੇ ਦਲਿਤ ਲੋਕਾਂ ਨਾਲ ਗੱਦਾਰੀ ਕੀਤੀ, ਸੰਸਥਾ ਦੀ ਪਿੱਠ ਵਿਚ ਛੁਰਾ ਮਾਰਿਆ, ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਗੁੰਮਨਾਮੀ ਵਾਲਾ ਜੀਵਨ ਜਿਊਣ ਲਈ ਮਜਬੂਰ ਕੀਤਾ ਅਤੇ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਆਦਿ ਧਰਮ ਮੰਡਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਦੂਰ ਰੱਖਣ ਲਈ ਇਹ ਪ੍ਰਚਾਰ ਵੀ ਕਰਵਾਇਆ ਕਿ ਬਾਬੂ ਮੰਗੂ ਰਾਮ ਤਾਂ ਚੜ੍ਹਾਈ ਕਰ ਗਿਆ ਹੈ। ਸਿੱਟੇ ਵਜੋਂ ਹੌਲੀ-ਹੌਲੀ ਲੋਕ ਇਸ ਮਹਾਨ ਯੋਧੇ ਦੀਆਂ ਕੁਰਬਾਨੀਆਂ ਭੁੱਲ ਗਏ। ਪਰ 1970 ਈ: ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ'ਜਾਰੀ ਹੋਇਆ ਤਾਂ ਬਾਊ ਜੀ ਇਕ ਵਾਰ ਫਿਰ ਮੌਤ ਵਰਗੀ ਗੁੰਮਨਾਮੀ 'ਚੋਂ ਬਾਹਰ ਆਏ। 'ਰਵਿਦਾਸ ਪੱਤ੍ਰਿਕਾ' ਦੇ ਐਡੀਟਰ ਹੋਣ ਦੇ ਨਾਤੇ ਮੈਨੂੰ ਉਹਨਾਂ ਨਾਲ ਕਈ ਵਾਰ ਵਿਚਾਰ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ- ਅੱਜ ਜਦੋਂ ਮੈਂ ਉਹਨਾਂ ਨਾਲ ਮਿਲਾਪ ਦੀਆਂ ਯਾਦਾਂ ਨੂੰ ਫਰੋਲਦਾ ਹਾਂ ਤਾਂ ਦੇਖਦਾ ਹਾਂ ਕਿ ਆਖਰੀ ਸਮੇਂ ਤੱਕ ਵੀ ਦਲਿਤਾਂ ਨੂੰ ਸੰਗਠਿਤ ਕਰਨ ਲਈ ਉਹਨਾਂ ਦੇ ਮਨ ਵਿਚ ਕਿੰਨੀ ਲਗਨ ਸੀ, ਕਿੰਨੀ ਤੜਪ ਸੀ, ਕਿੰਨੀ ਤੀਬਰ-ਇੱਛਾ ਸੀ ਕਿ ਅਸੀਂ ਸਾਰੇਇਕ ਝੰਡੇ ਥੱਲੇ ਇਕੱਠੇ ਹੋ ਜਾਈਏ। ਮੈਨੂੰ ਯਾਦ ਹੈ ਕਿ 14 ਅਪ੍ਰੈਲ 1974 ਈ: ਨੂੰ ਜਦੋਂ ਸ੍ਰੀ ਮੰਗੂ ਰਾਮ 'ਜਸਪਾਲ' (ਚੀਫ ਐਡੀਟਰ, ਰਵਿਦਾਸ ਪੱਤ੍ਰਿਕਾ) ਨਾਲ ਮੈਂ ਉਹਨਾਂ ਨੂੰ ਗੜ੍ਹਸ਼ੰਕਰ ਵਿਖੇ ਉਹਨਾਂ ਦੀ ਸਿਹਤਯਾਬੀ ਲਈ ਪਤਾ ਕਰਨ ਲਈ ਗਿਆ ਤਾਂ ਆਪਣੀ ਬਿਮਾਰੀ ਬਾਰੇ ਦੋ-ਚਾਰ ਮਿੰਟ ਗੱਲ ਕਰਨ ਤੋਂ ਬਾਅਦ ਉਹ ਮੇਰੇ ਨਾਲ ਆਦਿ-ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਨੂੰ ਪੁਨਰ-ਸੁਰਜੀਤ ਕਰਨ ਬਾਰੇ ਹੀ ਵਿਚਾਰ-ਵਟਾਂਦਰਾ ਕਰਦੇ ਰਹੇ ਅਤੇ ਫਿਰ 23 ਅਪ੍ਰੈਲ 1974 ਨੂੰ ਉਹਨਾਂ ਦਾ ਬਿਆਨ 'ਅਪੀਲ ਅਤੇ ਐਲਾਨ' ਸਿਰਲੇਖ ਹੇਠ 'ਰਵਿਦਾਸ ਪੱਤ੍ਰਿਕਾ' ਵਿਚ ਛਪਿਆ, ਜਿਸ ਵਿਚ ਉਹਨਾਂ ਨੇ ਇਸ ਸੰਸਥਾ ਦੀ ਪੰਜਾਬ ਪੱਧਰ ਦੀ ਐਡਹਾਕ ਕਮੇਟੀ ਕਾਇਮ ਕਰਕੇ ਨਵੇਂ ਸਿਰਿਉਂ ਇਸ ਨੂੰ ਜਥੇਬੰਦ ਕਰਨ ਦਾ ਉਪਰਾਲਾ ਸ਼ੁਰੂ ਕੀਤਾ। 1975 ਵਿਚ ਆਦਿ-ਧਰਮ ਮੰਡਲ ਦੀ 50ਵੀਂ ਵਰ੍ਹੇਗੰਢ ਉਪਰ ਪ੍ਰਕਾਸ਼ਿਤ ਕੀਤੇ ਗਏ ਇਕ ਸੋਵੀਨਰ ਲਈ, ਵੱਡੇ-ਵੱਡੇ ਸਿਆਸੀ ਆਗੂਆਂ ਵੱਲੋਂ ਮੰਗਵਾਏ ਗਏ ਸੰਦੇਸ਼ਾਂ ਰਾਹੀਂ ਇਕ ਵਾਰ ਫਿਰ ਬਾਊ ਜੀ ਨੂੰ 'ਚੜ੍ਹਾਈ' ਕਰ ਗਿਆ ਘੋਸ਼ਿਤ ਕੀਤਾ, ਹਾਲਾਂਕਿ ਜਿਸ ਸਮਾਗਮ 'ਤੇ ਇਹ ਸੋਵੀਨਰ ਰਿਲੀਜ਼ ਕੀਤਾ ਗਿਆ, ਉਥੇ ਖੁਦ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਵੀ ਮੌਜੂਦ ਸਨ। ਮੈਨੂੰ ਇਸ ਗੱਲ ਦਾ ਵੀ ਵਿਸ਼ੇਸ਼ ਦੁੱਖ ਹੈ ਕਿ 1980 ਈ: ਵਿਚ ਬਾਬੂ ਜੀ ਦੀ ਅੰਤਿਮ ਸ਼ੋਕ ਸਭਾ 'ਤੇ ਵਿਸ਼ੇਸ਼ ਸੱਦਾ-ਪੱਤਰ ਭੇਜੇ ਜਾਣ ਦੇ ਬਾਵਜੂਦ ਵੀ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਹਾਸਲ ਕਰਨ ਵਾਲਿਆਂ ਵਿਚੋਂ ਕੋਈ ਵੀ ਘੜੰਮ ਚੌਧਰੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਉਨ੍ਹਾਂ ਦੇ ਨਿਵਾਸ-ਸਥਾਨ, ਗੜ੍ਹਸ਼ੰਕਰ ਵਿਖੇ ਨਹੀਂ ਪਹੁੰਚਿਆ। ਪਰ ਮੈਨੂੰ ਇਸ ਗੱਲ ਦੀ ਤਸੱਲੀ ਅੱਜ ਇਹ ਹੈ ਕਿ ਬਾਬੂ ਜੀ ਦੀਆਂ ਪ੍ਰਾਪਤੀਆਂ ਨੂੰ ਪੁਨਰ ਸੁਰਜੀਤ ਕਰਨ ਦੇ ਮਹਾਨ ਉਪਰਾਲੇ ਕੀਤੇ ਜਾ ਰਹੇ ਹਨ। ਮੈਂ ਉਸ ਮਹਾਨ ਯੋਧੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ 11, 12 ਜੂਨ 'ਤੇ ਲੱਖ-ਲੱਖ ਪ੍ਰਣਾਮ ਕਰਦਾ ਹਾਂ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ







## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 648ਵੇਂ ਪ੍ਰਕਾਸ਼ ਪੁਰਬ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ 21-22-23 ਫਰਵਰੀ 2025 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੀਫੋਰਨੀਆ) ਦੇ ਪ੍ਰਧਾਨ ਸ਼੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤੀ ਜਾਵੇਗੀ।
ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਗੁਰੂ ਪਿਆਰੀ ਸਾਧ ਸੰਗਤ ਵਲੋਂ ਕੀਤੀ ਜਾਵੇਗੀ।
ਗੁਰੂ ਦੇ ਲੰਗਰਾਂ ਦੀ ਸੇਵਾ ਦੀ ਤਾਜ ਰੈਸਟੋਰੈਂਟ ਯੂਬਾ ਸਿਟੀ ਵਲੋਂ ਕੀਤੀ ਜਾਵੇਗੀ।

# ਸ਼ਿੰਗਾਰਾ ਸਿੰਘ ਰੱਲ੍ਹ
# (ਪ੍ਰਧਾਨ)
# 530 713 1823



**SHRI GURU RAVIDASS TEMPLE,**
**1480 HAYNE AVE YUBA CITY, CA 95993**



SHRI GURU RAVIDASS TEMPLE, 1480 HAYNE AVE YUBA CITY, CA 95993

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 648ਵੇਂ ਪ੍ਰਕਾਸ਼ ਪੁਰਬ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ 21-22-23 ਫਰਵਰੀ 2025 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



Jaspal Jassal with his son Aman Jassal

# Jaspal Jassal





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ





## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 648ਵੇਂ ਪ੍ਰਕਾਸ਼ ਪੁਰਬ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ 21-22-23 ਫਰਵਰੀ 2025 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


# L.A. MERCHANDISE

**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

**500 N. Palora Ave. Yuba City, CA 95991**

Loose Fabrics, Groceries, Blankets, Vegetables

530-671-0439, Fax 530-822-0439
Cell- 530-844-3250




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ





ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।




ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ



Baksho Kaur Bisla Hardev Singh Bisla



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 648ਵੇਂ ਪ੍ਰਕਾਸ਼ ਪੁਰਬ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ 21-22-23 ਫਰਵਰੀ 2025 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

SHRI GURU RAVIDASS TEMPLE,
1480 HAYNE AVE YUBA CITY, CA 95993






# Dilwinder Ralh & Ralh Family



# Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

**Call : Dharminder Singh**

**Cell : 530-870-6600**

**Fax : (530) 870-1429**


**532 Houston St.**
**West Sacramento, CA 95691**

**Email: myfuturetruck@gmail.com**



ਐਸੀ ਲਾਲ ਤੁਝ ਬਿਨੁ ਕਉਨ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)




**All devotees are co ordialy invited to attend as per programme to have Guru's blessings.**

With the blessings of Satguru Shri Guru Ravidass ji Maharaj **Shri Guru Ravidass Sabha Fresno** with co operation of Sangat is going to celebrate 648th Prakash Purab of **Shri Guru Ravidass Ji Maharaj on 2 March 2025 Sunday at Gurughar**.

Model picture of Sri Guru Ravidass Temple Fresno (California)



## Programme:

**Friday february 28, 2025, 10:00 AM**
Arambh shri akhand path under the supervision of Bhai Ram Singh ji Head Granthi of Gurughar.
**Saturday March 1, 2025, 4 PM**
**Nishan Sahib Sewa (Ceremony)**
**Sunday, March 2, 2025, 10 AM**
Bhog Shri Akhand Path Sahib
Kirtan Darbar followed by Bhog up to 2:30 PM.

**Kirtan will be performed by**
Bhai Harvinder Singh Rasia, Bhai Lakhvir Singh Rasia
Bhai Harblas Singh Jhinger and Bibi Amar Kaur Ji
Guru's Langer will be served through out all three days.
**BLOOD DONATION AND MEDICAL CAMP**
Dedicated to Gurpurab special medical camp and Blood Donation Camp is being organised by Dr. Nirmal Bhatti MD, Dr. Satnam Banger MD, Dr. Surdeep Singh DDS and their associates.

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ) ਦੇ ਸੇਵਾਦਾਰ


ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ)


ਰਤਨ ਪਾਲ ਜੱਸੀ (ਵਾਈਸ ਚੇਅਰਮੈਨ)


ਸ੍ਰੀ ਅਮਰ ਦੜੋਚ (ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੱਮਟ (ਵਾਈਸ ਪ੍ਰਧਾਨ)


ਸ੍ਰੀ ਸ਼ਿਵਚਰਨ (ਜਨਰਲ ਸਕੱਤਰ)


ਸ੍ਰੀ ਤੇਗਵੀਰ ਸਿੰਘ ਭਾਟੀਆ (ਸਹਾਇਕ ਜਨਰਲ ਸਕੱਤਰ)


ਦਵਿੰਦਰ ਸਿੰਘ ਨਿਗਾਹ (ਖਜਾਨਚੀ)


ਸ੍ਰੀ ਕੁਲਦੀਪ ਸਿੰਘ (ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ)


ਸ੍ਰੀ ਪਵਨ ਸਰੋਇਆ (ਮੀਡੀਆ ਪਰਸਨ)


ਭਾਈ ਰਾਮ ਸਿੰਘ ਜੀ ਹੈੱਡ ਗ੍ਰੰਥੀ

# 5025 S Cherry Ave Fresno, CA 93706

## ਗੁਰੂ ਘਰ ਦਾ ਫੋਨ ਨੰਬਰ: 559-486-3091

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street Union City CA 94587



ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਸਮੂਹ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕਿ

**ਜਗਤ ਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ**

ਦਾ ਪ੍ਰਕਾਸ਼ ਉਤਸਵ ਮਿਤੀ

**16 ਮਾਰਚ 2025 (ਦਿਨ ਐਤਵਾਰ)**

ਨੂੰ 31252 ਵੀਸੀ ਸਟ੍ਰੀਟ ਯੂਨੀਅਨ ਸਿਟੀ ਕੈਲੀਫੋਰਨੀਆ 94587 ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 3 ਵਜੇ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਆਪਣੇ ਪਰਿਵਾਰਾਂ ਸਮੇਤ ਪਹੁੰਚੋ ਅਤੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕਰੋ ਜੀ।

* ਇਸ ਸ਼ੁਭ ਦਿਨ ਤੇ ਕਿਸੇ ਵੀ ਪ੍ਰਕਾਰ ਦੀ ਸੇਵਾ ਲੈਣ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ। ਇਸ ਪ੍ਰੋਗਰਾਮ ਦੇ ਸਹਿਜ ਪਾਠ ਦੀ ਸੇਵਾ ਮਨਜੀਤ ਸਿੰਘ ਅਤੇ ਬੀਬੀ ਸਪਿੰਦਰ ਕੌਰ ਅਤੇ ਉਹਨਾਂ ਦੇ ਪਰਿਵਾਰ ਵਲੋਂ ਲਈ ਗਈ ਹੈ।
* ਇਸ ਸਾਲ ਗੁਰਪੁਰਬ ਗੁਰੂਘਰ ਦੀ ਨਵੀਂ ਇਮਾਰਤ ਵਿਚ ਮਨਾਇਆ ਜਾ ਰਿਹਾ ਹੈ। ਇਸ ਗੁਰੂਘਰ ਨੂੰ ਪੂਰਾ ਕਰਨ ਲਈ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਓ ਜੀ। ਗੁਰੂ ਘਰ ਦਾ ਪ੍ਰੋਗਰਾਮ ਹਰ ਦੂਸਰੇ ਅਤੇ ਚੋਥੇ ਐਤਵਾਰ ਨੂੰ ਹੁੰਦਾ ਹੈ। ਪ੍ਰੋਗਰਾਮ ਦੀ ਸੇਵਾ ਲੈਣ ਲਈ ਕਮੇਟੀ ਨਾਲ ਸੰਪਰਕ ਕਰੋ ਜੀ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਕੈਲੀਫੋਰਨੀਆ) ਵਿਖੇ ਡਾਕਟਰ ਜੇਰਮੀ ਨੇ ਹਾਜਰੀ ਲਗਵਾਈ







**ਯੂਨੀਅਨ ਸਿਟੀ (ਡੀਡੀਬੀ)–** ਡਾਕਟਰ ਜੇਰਮੀ (Dr. Jeremy) 12 ਫਰਵਰੀ, 2025 ਨੂੰ ਗੁਰਪੁਰਬ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਕੈਲੀਫੋਰਨੀਆ) ਵਿਖੇ ਆਏ। ਉਨ੍ਹਾਂ ਨੇ ਭਾਰਤ ਅਤੇ ਅਮਰੀਕਾ ਵਿੱਚ ਜਾਤੀ ਵਿਰੋਧੀ ਅੰਦੋਲਨ 'ਤੇ ਖੋਜ ਕੀਤੀ। ਸ਼੍ਰੀ ਵਿਨੋਦ ਕੁਮਾਰ ਚੁੰਬਰ ਤੇ ਹੋਰ ਸੰਗਤਾਂ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਦਿਖਾਉਂਦੇ ਹੋਏ ਅਤੇ ਸੰਗਤ ਦੀ ਹਾਜ਼ਰੀ ਵਿੱਚ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ।

**For langar Sewa please contact any of the committee members**

| Chairman | President | General Secretary | Treasurer |
|---|---|---|---|
| Vinod Kumar Chumber | Tarlochan Singh | Naresh Kumar Gaddu | Mandeep Rai |
| 510-953-9800 | 510-712-1743 | 510-857-4551 | 415-342-9159 |


ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ
648 ਵੇਂ "ਗੁਰਪੁਰਬ" ਨੂੰ ਸਮਰਪਿਤ
ਹਰਿ
25ਵਾਂ ਮਹਾਨ ਨਗਰ ਕੀਰਤਨ
ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।
ਪ੍ਰੋਗਰਾਮਾਂ ਦਾ ਵੇਰਵਾ
ਸ਼ੁੱਕਰਵਾਰ 07 ਮਾਰਚ 2025 ਨੂੰ ਸਵੇਰੇ 8 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ।
ਸ਼ਨੀਵਾਰ 08 ਮਾਰਚ 2025 ਨੂੰ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ ।
ਅਤੇ ਬਾਅਦ ਦੁਪਿਹਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ।
ਐਤਵਾਰ 09 ਮਾਰਚ 2025 ਨੂੰ ਰੱਖੇ ਹੋਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 25ਵਾਂ ਮਹਾਨ ਨਗਰ ਕੀਰਤਨ
ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ
ਪੰਜ ਪਿਆਰਿਆ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ ।
ਪੰਥ ਪ੍ਰਸਿੱਧ ਰਾਗੀ ਭਾਈ ਕਰਨਜੀਤ ਸਿੰਘ ਖ਼ਾਲਸਾ, ਭਾਈ ਜਸਪ੍ਰੀਤ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ ਵਾਲੇ, ਗੁਰੂਘਰ ਦਾ ਹਜੂਰੀ ਰਾਗੀ ਜੱਥਾ
ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੇ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।
ਆਪ ਸਭ ਜੀ ਨੂੰ ਪਰਿਵਾਰ ਸਮੇਤ ਇਹਨਾ ਸਮਾਗਮ ਵਿੱਚ ਹਾਜਰੀ ਲਗਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ ।
ਭਾਈ ਕਰਨਜੀਤ ਸਿੰਘ ਖ਼ਾਲਸਾ U.K ਵਾਲੇ
ਭਾਈ ਜਸਪ੍ਰੀਤ ਸਿੰਘ ਭਾਈ ਮਨਪ੍ਰੀਤ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ ਜੀ ਵਾਲੇ
ਭਾਈ ਆਤਮਜੋਤ ਸਿੰਘ Yuba City ਵਾਲੇ
ਭਾਈ ਜਸਪਾਲ ਸਿੰਘ ਸਾਰੰਗ ਜਲੰਧਰ ਵਾਲੇ
ਭਾਈ ਅੰਮ੍ਰਿਤਪਾਲ ਸਿੰਘ ਸੰਗਰੂਰ ਵਾਲੇ
ਭਾਈ ਮਨਜੀਤ ਸਿੰਘ ਫਿਲੌਰ ਵਾਲੇ
ਭਾਈ ਬੇਤਾਰ ਸਿੰਘ ਲੁਧਿਆਣੇ ਵਾਲੇ
ਗੁਰੂਘਰ ਦਾ ਹਜੂਰੀ ਰਾਗੀ ਜੱਥਾ
ਲੰਗਰ ਸਟਾਲ ਦੀ ਬੁਕਿੰਗ ਲਈ ਸੰਪਰਕ ਕਰੋ । ਸ੍ਰੀ ਹਰਬੰਸ ਸਿੰਘ ਰੱਲ - (916) 472-5170 ਸ੍ਰੀ ਅਵਤਾਰ ਸਿੱਧੂ - (916) 717-4223
ਸਟਾਲ ਦੀ ਬੁਕਿੰਗ ਲਈ ਸੰਪਰਕ ਕਰੋ । ਸ੍ਰੀ ਕੁਲਬੀਰ ਸੇਪਲਾ (916) 207-1010 ਸ੍ਰੀ ਮਨਜੀਤ ਸਾਹਨੀ (916) 799-0874
ਫਲੋਟ ਬੁਕਿੰਗ ਲਈ ਸੰਪਰਕ ਕਰੋ । ਸ੍ਰੀ ਵਰਿੰਦਰ ਵਿਰਕ - (916) 910-5731
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ । ਗੁਰੂਘਰ ਦੇ ਫੋਨ (916) 992 - 1710
ਆਪ ਜੀ ਨੂੰ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਗੁਰੂਘਰ ਦੀ ਨਵੀ ਇਮਾਰਤ ਉਸਾਰੀ ਅਧੀਨ ਹੈ।
ਗੁਰੂਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧਸੰਗਤਿ ਨੂੰ ਇਹਨਾ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ ।
SHRI GURU RAVIDASS TEMPLE SACRAMENTO
6221 16th Street Rio Linda, Sacramento, California 95673

# ਹੋਮਲੈਂਡ ਸਕਿਉਰਿਟੀ ਵਿਭਾਗ ਦੇ ਸਾਰੇ 6000 ਏਜੰਟਾਂ ਨੂੰ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਦੇ ਕੰਮ 'ਤੇ ਲਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ ( ਡੀ ਐਚ ਐਸ) ਨੇ ਆਪਣੀ ਸਮੁੱਚੀ ਜਾਂਚ ਡਵੀਜਨ ਜੋ 6000 ਏਜੰਟਾਂ 'ਤੇ ਅਧਾਰਤ ਹੈ, ਨੂੰ ਆਦੇਸ਼ ਦਿੱਤਾ ਹੈ ਕਿ ਉਹ ਆਪਣਾ ਧਿਆਨ ਡਰੱਗ ਡੀਲਰਾਂ, ਅੱਤਵਾਦੀਆਂ ਤੇ ਮਨੁੱਖੀ ਤਸਕਰੀ ਵੱਲੋਂ ਹਟਾ ਕੇ ਟਰੰਪ ਪ੍ਰਸ਼ਾਸਨ ਦੇ ਉਸ ਮਿਸ਼ਨ ਵੱਲ ਦੇਵੇ ਜਿਸ ਤਹਿਤ ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਉਨਾਂ ਦੇ ਮੂਲ ਦੇਸ਼ਾਂ ਵਿਚ ਵਾਪਿਸ ਭੇਜਿਆ ਜਾ ਰਿਹਾ ਹੈ। ਡੀ ਐਚ ਐਸ ਦੀ ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨ ਏਜੰਸੀ (ਐਚ ਐਸ ਆਈ) ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਹਾਲ ਹੀ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਾਰੀ ਕੀਤੇ ਕਾਰਜਕਾਰੀ ਆਦੇਸ਼ ਅਨੁਸਾਰ ਕੰਮ ਕਰ ਰਹੇ ਹਨ ਜਿਸ ਤਹਿਤ ਸੰਘੀ ਲਾਅ ਇਨਫੋਰਸਮੈਂਟ ਸਾਧਨਾਂ ਦੀ ਵਰਤੋਂ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਰਨ ਲਈ ਕਿਹਾ ਗਿਆ ਹੈ। ਇਸ ਲਈ ਆਉਣ ਵਾਲੇ ਦਿਨਾਂ ਵਿਚ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਫੜੋਫੜੀ ਤੇ ਉਨਾਂ ਦੇ ਦੇਸ਼ ਨਿਕਾਲੇ ਦੇ ਕੰਮ ਵਿਚ ਤੇਜੀ ਆਵੇਗੀ। ਇਨਾਂ ਅਧਿਕਾਰੀਆਂ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਟਰੰਪ ਪ੍ਰਸ਼ਾਸਨ ਦੇ ਇਸ ਤਾਜਾ ਆਦੇਸ਼ ਕਾਰਨ ਮੈਕਸੀਕਨ ਡਰੱਗ ਗਿਰੋਹ ਜੋ ਸਰਹੱਦ ਪਾਰੋਂ ਖਤਰਨਾਕ ਨਸ਼ਾ ਫੈਂਟਾਨਾਇਲ ਦੀ ਤਸਕਰੀ ਕਰਦੇ ਹਨ, ਸਮੇਤ ਅਮਰੀਕੀਆਂ ਨੂੰ ਦਰਪੇਸ਼ ਹੋਰ ਖਤਰਨਾਕ



ਕੌਮਾਂਤਰੀ ਖਤਰਿਆਂ ਨਾਲ ਜੁੜੇ ਕਈ ਅਹਿਮ ਮਾਮਲਿਆਂ ਦੀ ਜਾਂਚ ਪ੍ਰਭਾਵਤ ਹੋਵੇਗੀ। ਐਚ ਐਸ ਆਈ ਦੇ ਇਕ ਸਾਬਕਾ ਸੁਪਰਵਾਈਜਰ ਏਜੰਟ ਕ੍ਰਿਸ ਕੈਪਨੇਲੀ ਨੇ ਕਿਹਾ ਹੈ ਕਿ ਮੇਰੇ ਸਾਥੀਆਂ ਨੂੰ ਪਹਿਲਾਂ ਹੀ ਡਰ ਸਤਾ ਰਿਹਾ ਸੀ ਕਿ ਜੇਕਰ ਟਰੰਪ ਚੋਣ ਜਿੱਤ ਗਏ ਤਾਂ ਪ੍ਰਵਾਸ ਸਬੰਧੀ ਸਖਤੀ ਹੋਵੇਗੀ। ਇਹ ਇਕ ਤਰਾਂ ਸਮੁੱਚੀ ਵਿਵਸਥਾ ਨੂੰ ਪੱਟੜੀ ਤੋਂ ਲਾਹ ਦੇਣ ਵਾਲੀ ਕਾਰਵਾਈ ਹੈ। ਉਨਾਂ ਕਿਹਾ ਕਿ ਕੁਝ ਦੋਸਤ ਡੀ ਐਚ ਐਸ ਤੋਂ ਬਾਹਰ ਹੋਰ ਲਾਅ ਇਨਫੋਰਸਮੈਂਟ ਏਜੰਸੀਆਂ ਵਿਚ ਨੌਕਰੀਆਂ ਲੱਭ ਰਹੇ ਹਨ ਜਿਥੇ ਉਨਾਂ ਨੂੰ ਪ੍ਰਵਾਸੀਆਂ ਮਗਰ ਭੱਜਣਾ ਨਾ ਪਵੇ।

ਇਨਾਂ ਦੋਸਤਾਂ ਦਾ ਕਹਿਣਾ ਹੈ ਕਿ ਜੋ ਕੰਮ ਕਰਨ ਲਈ ਉਨਾਂ ਨੂੰ ਕਿਹਾ ਜਾ ਰਿਹਾ ਹੈ ਇਹ ਉਹ ਨਹੀਂ ਹੈ ਜਿਸ ਲਈ ਉਨਾਂ ਦੀ ਨਿਯੁਕਤੀ ਹੋਈ ਸੀ। ਇਹ ਸਾਡੇ ਹੁਨਰ ਤੇ ਤਜ਼ਰਬੇ ਦੀ ਯੋਗ ਵਰਤੋਂ ਨਹੀਂ ਹੈ। ਇਸ ਸਬੰਧੀ ਡੀ ਐਚ ਐਸ ਦੀ ਜਨਤਿਕ ਮਾਮਲਿਆਂ ਬਾਰੇ ਸਹਾਇਕ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਕਿਹਾ ਹੈ ਕਿ ਇਸ ਸਮੇ ਐਚ ਐਸ ਆਈ ਸਮੇਤ ਡੀ ਐਚ ਐਸ ਦੇ ਸਾਰੇ ਏਜੰਟ ਗੈਰ ਕਾਨੂੰਨੀ ਵਿਦੇਸ਼ੀਆਂ ਨੂੰ ਗ੍ਰਿਫਤਾਰ ਕਰਨ ਤੇ ਉਨਾਂ ਨੂੰ ਵਾਪਿਸ ਭੇਜਣ ਦੇ ਕੰਮ ਵਿਚ ਲੱਗੇ ਹੋਏ ਹਨ ਤਾਂ ਜੋ ਅਮਰੀਕਾ ਦੀ ਸੁਰੱਖਿਆ ਦੇ ਮੁੱਢਲੇ ਮਿਸ਼ਨ ਦੀ ਪੂਰਤੀ ਕੀਤੀ ਜਾ ਸਕੇ।

# ਦਿੱਲੀ ਵਿੱਚ ਦਲਿਤ ਵਿਧਾਇਕ ਨੂੰ ਵਿਰੋਧੀ ਧਿਰ ਦਾ ਆਗੂ ਨਿਯੁਕਤ ਕੀਤਾ ਜਾਵੇ- ਸਵਾਤੀ ਮਾਲੀਵਾਲ



**ਨਵੀਂ ਦਿੱਲੀ–** ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਬੁੱਧਵਾਰ ਨੂੰ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦਿੱਲੀ ਵਿਧਾਨ ਸਭਾ 'ਚ ਦਲਿਤ ਵਿਧਾਇਕ ਨੂੰ ਵਿਰੋਧੀ ਧਿਰ ਦਾ ਆਗੂ ਬਣਾਇਆ ਜਾਵੇ। ਆਪਣੇ ਪੱਤਰ ਵਿੱਚ ਮਾਲੀਵਾਲ ਨੇ ਉਮੀਦ ਪ੍ਰਗਟ ਕੀਤੀ ਹੈ ਕਿ ਦਿੱਲੀ ਚੋਣ ਨਤੀਜਿਆਂ ਤੋਂ ਬਾਅਦ ਕੇਜਰੀਵਾਲ ਚੰਗਾ ਕੰਮ ਕਰ ਰਹੇ ਹਨ ਅਤੇ ਆਪਣੀ ਸਿਹਤ ਅਤੇ ਮਨ ਦੀ ਸ਼ਾਂਤੀ 'ਤੇ ਧਿਆਨ ਦੇ ਰਹੇ ਹਨ।

ਉਨ੍ਹਾਂ 2022 ਦੀਆਂ ਪੰਜਾਬ ਚੋਣਾਂ ਦੌਰਾਨ ਕੀਤੇ ਵਾਅਦੇ ਦੀ ਵੀ ਯਾਦ ਦਿਵਾਈ, ਜਿੱਥੇ ਕੇਜਰੀਵਾਲ ਨੇ ਚੋਣ ਜਿੱਤਣ 'ਤੇ ਦਲਿਤ ਉਪ ਮੁੱਖ ਮੰਤਰੀ ਨਿਯੁਕਤ ਕਰਨ ਦੀ ਸਹੁੰ ਖਾਧੀ ਸੀ। ਮਾਲੀਵਾਲ ਨੇ ਕਿਹਾ, "ਤੁਹਾਨੂੰ ਯਾਦ ਹੋਵੇਗਾ ਕਿ 2022 ਦੀਆਂ ਪੰਜਾਬ ਚੋਣਾਂ ਦੌਰਾਨ, ਤੁਸੀਂ ਵਾਅਦਾ ਕੀਤਾ ਸੀ ਕਿ ਜਿੱਤਣ ਤੋਂ ਬਾਅਦ ਅਸੀਂ ਇੱਕ ਦਲਿਤ ਉਪ ਮੁੱਖ ਮੰਤਰੀ ਨਿਯੁਕਤ ਕਰਾਂਗੇ। ਇਹ ਬਦਕਿਸਮਤੀ ਦੀ ਗੱਲ ਹੈ ਕਿ ਤਿੰਨ ਸਾਲ ਬਾਅਦ ਵੀ ਇਹ ਵਾਅਦਾ ਪੂਰਾ ਨਹੀਂ ਹੋਇਆ।" ਉਨ੍ਹਾਂ ਅੱਗੇ ਜ਼ੋਰ ਦਿੱਤਾ ਕਿ ਹੁਣ ਦਿੱਲੀ ਵਿੱਚ ਵਿਰੋਧੀ ਧਿਰ ਦੇ ਆਗੂ ਦੀ ਨਿਯੁਕਤੀ ਕੇਜਰੀਵਾਲ ਲਈ ਆਪਣੀ ਪਹਿਲੀ ਵਚਨਬੱਧਤਾ ਨੂੰ ਪੂਰਾ ਕਰਨ ਦਾ ਇੱਕ ਆਦਰਸ਼ ਮੌਕਾ ਹੋਵੇਗਾ। ਮਾਲੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਇੱਕ ਦਲਿਤ ਦੀ ਐਲ ਪੀ ਵਜੋਂ ਨਿਯੁਕਤੀ ਸਿਰਫ਼ ਇੱਕ ਸਿਆਸੀ ਫੈਸਲਾ ਨਹੀਂ ਹੋਵੇਗਾ, ਸਗੋਂ ਬਰਾਬਰੀ ਅਤੇ ਨਿਆਂ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਪੂਰਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗਾ।

# ਅਕਾਲੀ ਦਲ ਦਾ ਸੰਕਟ ਬਰਕਰਾਰ, ਕਮੇਟੀ ਨੇ ਭਰਤੀ ਕੀਤੀ ਬੰਦ

**ਪਟਿਆਲਾ–** ਪੰਥਕ ਸ਼ਕਤੀ ਨੂੰ ਇਕਜੁੱਟ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਮਜ਼ਬੂਤ ਧਿਰ ਵਜੋਂ ਉਭਾਰਨ ਦੇ ਮਨੋਰਥ ਨਾਲ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਕਮੇਟੀ ਦੀ ਤੀਜੀ ਮੀਟਿੰਗ ਪਟਿਆਲਾ ਨੇੜੇ ਸਥਿਤ 'ਟੌਹੜਾ ਇੰਸਟੀਟਿਊਟ ਬਹਾਦਰਗੜ੍ਹ' ਵਿਖੇ ਹੋਈ। ਹਾਲਾਂਕਿ ਅਸਤੀਫ਼ਾ ਦਿੱਤੇ ਹੋਣ ਕਰਕੇ ਇਸ ਦੌਰਾਨ ਕਮੇਟੀ ਦੇ ਮੁਖੀ ਵਜੋਂ ਹਰਜਿੰਦਰ ਸਿੰਘ ਧਾਮੀ ਅਤੇ ਮੈਂਬਰ ਵਜੋਂ ਪ੍ਰੋ। ਕਿਰਪਾਲ ਸਿੰਘ ਬਡੂੰਗਰ ਮੀਟਿੰਗ 'ਚੋਂ ਗ਼ੈਰਹਾਜ਼ਰ ਰਹੇ। ਉਨ੍ਹਾਂ ਦੀ ਗ਼ੈਰਹਾਜ਼ਰੀ 'ਚ ਕਮੇਟੀ ਦੇ ਪੰਜ ਮੈਂਬਰਾਂ ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਝੂੰਦਾਂ, ਸੰਤਾ ਸਿੰਘ ਉਮੈਦਪੁਰੀ ਤੇ ਬੀਬੀ ਸਤਵੰਤ ਕੌਰ ਨੇ ਮੀਟਿੰਗ ਕੀਤੀ। ਘੋਖ ਦੌਰਾਨ ਇਹ ਭਰਤੀ ਕਮੇਟੀ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਜਿਸ ਮਨੋਰਥ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਭਰਤੀ ਕਮੇਟੀ ਬਣਾਈ ਗਈ ਸੀ ਉਸ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਭਰਤੀ ਕਰਨ ਲਈ ਰਾਜ਼ੀ ਨਹੀਂ ਹੈ ਤੇ ਇਸ ਸਬੰਧੀ ਇਹ ਕਮੇਟੀ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪ ਦੇਵੇਗੀ। ਮੀਟਿੰਗ ਮਗਰੋਂ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਭਰਤੀ ਸਬੰਧੀ ਇਸ ਕਮੇਟੀ ਅਤੇ ਅਕਾਲੀ ਦਲ ਦੀ ਵਿਚਾਰਧਾਰਾ ਤੇ ਤਰੀਕੇ 'ਚ ਅੰਤਰ ਹੈ ਤੇ ਹੁਣ ਤੱਕ ਦੀਆਂ ਮੀਟਿੰਗਾਂ ਤੇ ਸਰਗਰਮੀਆਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਅਕਾਲੀ ਦਲ ਇਸ ਕਮੇਟੀ ਦੇ ਕਹਿਣ ਮੁਤਾਬਕ ਭਰਤੀ ਨਹੀਂ ਕਰਨਾ ਚਾਹੁੰਦਾ। ਇਸ ਸਬੰਧੀ ਕਮੇਟੀ ਵੱਲੋਂ ਰਿਪੋਰਟ ਤਿਆਰ ਕਰਕੇ ਸਿੰਘ ਸਾਹਿਬ ਨੂੰ ਸੌਂਪੀ ਜਾਵੇਗੀ। ਪੰਜਾਂ ਮੈਂਬਰਾਂ ਨੇ ਕਿਹਾ ਕਿ ਇਸ ਮਗਰੋਂ ਅਕਾਲ ਤਖ਼ਤ ਵੱਲੋਂ ਜੋ ਵੀ ਹੁਕਮ ਹੋਣਗੇ, ਉਨ੍ਹਾਂ ਦੀ ਪਾਲਣਾ ਕੀਤੀ ਜਾਵੇਗੀ। ਇਸ ਮੌਕੇ ਵਡਾਲਾ ਨੇ ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਹਾਲੇ ਸ੍ਰੀ ਧਾਮੀ ਦਾ ਅਸਤੀਫ਼ਾ ਪ੍ਰਵਾਨ ਨਹੀਂ ਹੋਇਆ, ਜਿਸ ਕਰਕੇ ਉਨ੍ਹਾਂ ਨੂੰ ਅੱਜ ਦੀ ਮੀਟਿੰਗ 'ਚ ਆਉਣਾ ਚਾਹੀਦਾ ਸੀ। ਮਨਪ੍ਰੀਤ ਇਯਾਲੀ ਨੇ ਕਿਹਾ ਕਿ ਭੂੰਦੜ ਦੇ ਦੂਜੀ ਮੀਟਿੰਗ 'ਚ ਨਾ ਆਉਣ ਮਗਰੋਂ ਉਹ ਉਨ੍ਹਾਂ ਦੇ ਘਰ ਵੀ ਗਏ ਪਰ ਉਨ੍ਹਾਂ ਨੇ ਸਹਿਯੋਗ ਨਹੀਂ ਦਿੱਤਾ।



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਅਰਬਨ ਅਸਟੇਟ ਵਿਖੇ ਸ਼ਰਧਾ ਨਾਲ ਮਨਾਇਆ







**ਫ਼ਗਵਾੜਾ (ਬੀ.ਕੇ.ਰੱਤੂ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ 648ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਅਰਬਨ ਅਸਟੇਟ ਫ਼ਗਵਾੜਾ ਵੱਲੋਂ ਸ੍ਰੀ ਗੁਰੂ ਰਵਿਦਾਸ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪਹਿਲੇ ਦਿਨ ਸਵੇਰੇ ਨਿਸ਼ਾਨ ਸਾਹਿਬ ਨੂੰ ਚੋਲਾ ਪਹਿਨਾਉਣ ਦੀ ਰਸਮ ਕੀਤੀ ਗਈ। ਸ਼ਾਮ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਦੀ ਅੰਮ੍ਰਿਤ ਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਜਿਸ ਵਿੱਚ ਭਾਈ ਪਵਨ ਕੁਮਾਰ ਜਲੰਧਰ, ਜੋਗਿੰਦਰ ਝਿੱਕਾ ਜਰਮਨ ਅਤੇ ਪ੍ਰੋਫੈਸਰ ਰਿਸ਼ੀ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਗਿਆ। ਦੂਸਰੇ ਦਿਨ ਸਵੇਰੇ ਸ੍ਰੀ ਸੁਖਮਣੀ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ। ਜਿਸ ਤੋਂ ਬਾਅਦ ਧਾਰਮਿਕ ਸਟੇਜ ਸਜਾਈ ਗਈ। ਜਿਸ ਵਿਚ ਭਾਈ ਮੱਖਣ ਸਿੰਘ ਅਤੇ ਹਜੂਰੀ ਰਾਗੀ ਭਾਈ ਕਰਮ ਸਿੰਘ ਜਲੰਧਰ ਵਾਲਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਸਿੱਧ ਮਿਸ਼ਨਰੀ ਗੀਤਕਾਰ ਅਤੇ ਲੇਖਕ ਸੋਹਣ ਸ਼ਹਿਜਲ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਮਿਸ਼ਨ ਅਤੇ ਜੀਵਨ ਅਧਾਰਿਤ ਕਵਿਤਾ ਪਾਠ ਕੀਤਾ। ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ, ਫਗਵਾੜਾ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ , ਕੌਂਸਲਰ ਗੁਰਪ੍ਰੀਤ ਕੌਰ ਜੰਡੂ, ਵੀਨਾ ਰਾਣੀ, ਇੰਪਰੂਵਮੈਂਟ ਟਰੱਸਟ ਫਗਵਾੜਾ ਦੇ ਚੇਅਰਮੈਨ ਕਸ਼ਮੀਰ ਸਿੰਘ ਮਲ੍ਹੀ, ਡਾ। ਸੰਜੀਵ ਸਰੋਆ, ਡਾ. ਨਵਦੀਪ ਸਿੰਘ, ਮਮਤਾ ਕਾਂਸੇ ਡਿਫੈਂਸ ਅਸਟੇਟ ਆਫੀਸਰ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ।

ਸਮਾਗਮ ਦੌਰਾਨ ਉਹਨਾਂ ਦਾਨੀ ਸੱਜਣਾ ਨੂੰ ਸਨਮਾਨਿਤ ਕੀਤਾ ਗਿਆ ਜਿਨਾਂ ਨੇ ਪਿਛਲੇ ਇੱਕ ਸਾਲ ਦੇ ਸਮੇਂ ਵਿੱਚ ਸਭਾ ਦੇ ਪੇ ਬੈਕ ਟੂ ਸੁਸਾਇਟੀ ਮਿਸ਼ਨ ਵਾਸਤੇ ਇਕ ਲੱਖ ਰੁਪਏ ਤੋਂ ਵੱਧ ਦੀ ਦਾਨ ਰਾਸ਼ੀ ਭੇਂਟ ਕੀਤੀ ਹੈ। ਸਨਮਾਨਤ ਹੋਣ ਵਾਲੇ ਦਾਨੀਆਂ ਵਿਚ ਮਾਸਟਰ ਗੁਰਮੇਜ ਸਿੰਘ, ਜਗਨਨਾਥ ਬੰਸਲ, ਜਗਦੀਸ਼ ਚੰਦਰ ਵਿਰਦੀ, ਪਰਮਜੀਤ ਕੈਲੇ, ਜਗਜੀਤ ਸਿੰਘ, ਜੋਗਾ ਰਾਮ, ਘਣਸ਼ਾਮ, ਕੇ।ਕੇ ਗੁਰੂ, ਅਸ਼ੋਕ ਕੁਮਾਰ, ਪ੍ਰੇਮ ਨਾਥ ਸਰੋਆ, ਪ੍ਰਦੀਪ ਬਾਗਲਾ, ਸੰਦੀਪ ਬਾਗਲਾ ਸਰਵਣ ਰਾਮ ਬਿਰਹਾ, ਅਵਤਾਰ ਸਿੰਘ ਦਰਦੀ, ਰਾਜ ਕੁਮਾਰ, ਜਰਨੈਲ ਸਿੰਘ, ਪਵਨ ਕੁਮਾਰ ਬੀਸਲਾ, ਪ੍ਰੇਮ ਲਾਲ, ਜੁਗਲ ਕਿਸ਼ੋਰ ਟੂਰਾ, ਸਤਪਾਲ ਬਸਰਾ, ਡਾ। ਜੋਗਿੰਦਰ ਸਿੰਘ, ਦਰਸ਼ਨ ਕੌਰ, ਭੁਪਿੰਦਰ ਸਿੰਘ, ਡਾ. ਬਲਕਾਰ ਚੰਦ, ਸੰਤੋਸ਼ ਚੰਦ ਹੀਰ, ਪ੍ਰਸ਼ੋਤਮ ਲਾਲ ਜੱਖੂ, ਭਾਗਮਲ, ਹੀਰਾ ਲਾਲ ਚੰਬਾ, ਹਰਜਸ ਪਾਲ, ਬਲਕਾਰ ਕੁਮਾਰ, ਕੁਲਵਿੰਦਰ ਸਿੰਘ ਗੁਰੂ, ਗਿਆਨ ਚੰਦ ਲੇਹਲ ਸ਼ਾਮਲ ਸਨ। ਸਭਾ ਦੇ ਨਵੇਂ ਬਣੇ ਮੈਂਬਰਾਂ ਕਮਲਜੀਤ ਸਿੰਘ ਬਾਂਸਲ, ਧਰਮਿੰਦਰ ਕੁਮਾਰ, ਅਵਤਾਰ ਰਾਮ ਸੰਧੂ, ਨਿਰਮਲ ਰਤਨ, ਪ੍ਰੋਫੈਸਰ ਤੀਰਥ ਰਾਮ ਬਸਰਾ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਗਿਆ।

ਸਮਾਗਮ ਦੌਰਾਨ ਪ੍ਰਦੀਪ ਰਾਜਾ ਵਲੋਂ ਪ੍ਰਕਾਸ਼ਿਤ ਮੈਗਜ਼ੀਨ ਖਬਰਸਾਰ ਦਾ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤਾ ਗਿਆ। ਅਖੀਰ ਵਿੱਚ ਸਭਾ ਦੇ ਪ੍ਰਧਾਨ ਜਗਨਨਾਥ ਬੰਸਲ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਉਤਸਵ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਭਾ ਦੇ ਸਮੂਹ ਮੈਂਬਰਾਂ ਅਤੇ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸਭਾ ਦੇ ਜਨਰਲ ਸਕੱਤਰ ਅਤੇ ਸਾਬਕਾ ਡੀ.ਜੀ.ਐਮ. ਕੈਨਰਾ ਬੈਂਕ ਘਣਸ਼ਾਮ ਵਲੋਂ ਨਿਭਾਈ ਗਈ। ਸਵੇਰ ਦੇ ਚਾਹ ਨਾਸ਼ਤੇ ਦਾ ਪ੍ਰਬੰਧ ਸਤਪਾਲ ਬਸਰਾ ਸਾਬਕਾ ਚੀਫ਼ ਮੈਨੇਜਰ ਕੇਨਰਾ ਬੈਂਕ ਵਲੋ ਕੀਤਾ ਗਿਆ, ਸਭਾ ਵਲੋਂ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਭਗਵੰਤ ਰਾਏ, ਬਲਦੇਵ ਸਿੰਘ, ਗੁਰਬਚਨ ਲਾਲ ਬੰਗੜ, ਰੇਸ਼ਮ ਲਾਲ, ਸੰਤੋਖ ਲਾਲ ਸਰੋਏ, ਆਰ.ਸੀ ਟੰਡਨ, ਐਚ ਐਲ ਬੰਗਾ, ਜੀਵਨ ਕੁਮਾਰ, ਜੋਰਾਵਰ ਸਿੰਘ, ਗੁਰਦਾਵਰ ਰਾਮ, ਸ਼ਿੰਗਾਰਾ ਰਾਮ ਬਿਰਦੀ, ਕ੍ਰਿਸ਼ਨ ਸੰਧੂ, ਰਾਮ ਜੀ ਬੰਸਲ, ਮਨੋਹਰ ਲਾਲ, ਜਸਬੀਰ ਸਿੰਘ, ਹੇਮਰਾਜ, ਲੁਪਿੰਦਰ ਕੁਮਾਰ, ਅਵਤਾਰ ਚੰਦ ਗਾਟ, ਵਿਜੇ ਕੁਮਾਰ, ਜੀਤ ਸਿੰਘ, ਅਨਿਲ ਕੁਮਾਰ, ਚਮਨ ਲਾਲ, ਬਲਵੰਤ ਸਿੰਘ ਦੜੋਚ, ਅਮਨਦੀਪ ਬਿਰਹਾ, ਸੁਰਿੰਦਰ ਕੁਮਾਰ, ਪਰਵਿੰਦਰ ਰਾਜੂ, ਅਮਰਜੀਤ ਬੰਗਾ, ਸੋਹਣ ਲਾਲ ਬਾਗਲਾ, ਰਾਜੇਸ਼ ਕੁਮਾਰ, ਆਰ।ਕੇ। ਭੱਟੀ, ਨਿਰਮਲ ਸਿੰਘ, ਬਲਵਿੰਦਰ ਕੁਮਾਰ, ਬਲਦੇਵ ਸਿੰਘ, ਨਰਿੰਦਰ ਠੇਕੇਦਾਰ, ਬਿੱਲੂ ਖੇੜਾ, ਚੈਨ ਰਾਮ ਸੋਢੀ ਆਦਿ ਹਾਜਰ ਸਨ।

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਨਿਊਜ਼ੀਲੈਂਡ ਜਨਮ ਭੂਮੀ ਪਰ 18 ਸਾਲਾ ਦਮਨ ਕੁਮਾਰ ਨੂੰ ਕਾਨੂੰਨ ਕਹਿੰਦਾ ਮਾਪਿਆਂ ਦੇ ਦੇਸ਼ ਜਾਓ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ 18 ਸਾਲਾ ਦਮਨ ਕੁਮਾਰ ਦਾ ਜਨਮ ਭਾਵੇਂ ਨਿਊਜ਼ੀਲੈਂਡ ਦਾ ਹੈ, ਪਰ ਕਾਨੂੰਨੀ ਘੁੰਢੀ ਕਰਕੇ ਉਸਨੂੰ ਇਸ ਦੇਸ਼ ਦੀ ਨਾਗਰਿਕਤਾ ਨਹੀਂ ਮਿਲ ਰਹੀ ਅਤੇ ਉਸਨੂੰ ਹੁਣ ਵਾਪਿਸ ਭਾਰਤ (ਮਾਪਿਆਂ ਦੇ ਦੇਸ਼) ਵਿਖੇ ਚਲੇ ਜਾਣ ਦੇ ਹੁਕਮ ਹੋ ਗਏ ਹਨ। ਇਸ ਤੋਂ ਪਹਿਲਾਂ ਦੋ ਵਾਰ ਉਸਨੂੰ ਇਥੇ ਹੋਰ ਰਹਿਣ ਦੀ ਇਜਾਜਤ ਮਿਲ ਗਈ ਸੀ, ਪਰ ਹੁਣ ਸਾਰੀ ਚਾਰਾਜੋਈ ਖਤਮ ਹੋਣ ਦੇ ਬਰਾਬਰ ਹੈ ਅਤੇ ਉਸਨੂੰ ਅਗਲੇ ਸੋਮਵਾਰ ਦੇਸ਼ ਛੱਡਣ ਲਈ ਕਿਹਾ ਗਿਆ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਸਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਰਾਸ਼ਟਰੀ ਮੀਡੀਆ ਦੇ ਵਿਚ ਉਸਦੇ ਵਕੀਲ ਦੁਆਰਾ ਦਿੱਤੇ ਪ੍ਰਤੀਕਰਮ ਨਾਲ ਇਹ ਖ਼ਬਰ ਹਰ ਇਕ ਦਾ ਧਿਆਨ ਖਿੱਚ ਰਹੀ ਹੈ। ਬਹੁਤਾਤ ਲੋਕਾਂ ਅਤੇ ਸੰਸਥਾਵਾਂ ਨੇ ਇਸਦੀ ਨਿੰਦਾ ਕੀਤੀ ਹੈ। ਵਰਨਣਯੋਗ ਹੈ ਕਿ ਦਮਨ ਕੁਮਾਰ ਅਜੇ ਤੱਕ ਭਾਰਤ ਗਿਆ ਹੀ ਨਹੀਂ ਹੈ। ਦਮਨ ਕੁਮਾਰ ਦੀ ਭੈਣ ਜੋ ਕਿ 22 ਸਾਲਾ ਹੈ, ਨੂੰ ਇਥੇ ਕਾਨੂੰਨੀ ਤੌਰ ’ਤੇ ਰਹਿਣ ਦੀ ਇਜਾਜਤ ਹੈ ਤੇ ਉਹ ਇਥੇ ਦੀ ਨਾਗਰਿਕ ਹੈ। ਕਿਉਂਕਿ ਉਸਦਾ ਜਨਮ ਕਾਨੂੰਨ ਬਦਲੀ ਹੋਣ ਤੋਂ ਪਹਿਲਾਂ ਹੋਇਆ ਸੀ ਤੇ ਇਹ ਜਨਮ ਵੇਲੇ ਹੀ ਨਾਗਿਰਕਤਾ ਹਾਸਿਲ ਕਰ ਗਈ ਸੀ। ਉਸ ਵੇਲੇ ਕਾਨੂੰਨ ਕਹਿੰਦਾ ਸੀ ਕਿ 01 ਜਨਵਰੀ 2006 ਤੋਂ ਪਹਿਲਾਂ ਇਥੇ ਜਨਮੇ ਬੱਚਿਆਂ ਨੂੰ ਨਿਊਜ਼ੀਲੈਂਡ ਦੇਸ਼ ਦੀ ਨਾਗਰਿਕਤਾ ਆਪਣੇ ਆਪ ਮਿਲੇਗੀ। ਫਿਰ ਕਾਨੂੰਨ ਬਦਲਣ ਤੋਂ ਬਾਅਦ ਸ਼ਰਤ ਰੱਖ ਦਿੱਤੀ ਗਈ ਕਿ 01 ਜਨਵਰੀ 2006 ਤੋਂ ਬਾਅਦ ਜਨਮ ਲੈਣ ਵਾਲਿਆਂ ਦੇ ਮਾਪਿਆਂ ਵਿਚੋਂ ਕੋਈ ਇਕ ਨਿਊਜ਼ੀਲੈਂਡ ਦਾ ਨਾਗਰਿਕ ਜਾਂ ਪੱਕਾ ਵਸਨੀਕ ਹੋਣਾ ਚਾਹੀਦਾ ਹੈ। ਕਾਨੂੰਨੀ ਚੱਕਰ ਦੇ ਚਲਦਿਆਂ ਦਮਨ ਕੁਮਾਰ ਦੇ ਕੇਸ ਵਿੱਚ ਅਜਿਹਾ ਨਹੀਂ ਸੀ, ਉਸਦੇ ਮਾਪੇ ਵੀ ਉਸ ਵੇਲੇ ਇਥੇ ਗੈਰ ਕਾਨੂੰਨੀ ਤੌਰ (ਓਵਰ ਸਟੇਅਰ) ਹੋ ਗਏ ਸਨ॥ ਪਰਿਵਾਰ ਨੇ ਐਸੋਸੀਏਟ ਇਮੀਗ੍ਰੇਸ਼ਨ ਮੰਤਰੀ ਕ੍ਰਿਸ ਪੇਂਕ ਨੂੰ ਇੱਕ ਬੇਨਤੀ ਭੇਜੀ ਸੀ, ਪਰ ਉਨ੍ਹਾਂ ਦੇ ਦਫ਼ਤਰ ਨੇ ਇਸਨੂੰ ਰੱਦ ਕਰ ਦਿੱਤਾ। ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਆਪਣੇ ਫੈਸਲੇ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਕਿ ਪਰਿਵਾਰ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ ’ਤੇ ਹੈ ਅਤੇ ਉਸਨੂੰ ਜਲਦੀ ਤੋਂ ਜਲਦੀ ਦੇਸ਼ ਛੱਡ ਦੇਣਾ ਚਾਹੀਦਾ ਹੈ।




ਜਾਂਚ ਅਤੇ ਪਾਲਣਾ ਦੇ ਜਨਰਲ ਮੈਨੇਜਰ, ਸਟੀਵ ਵਾਟਸਨ ਨੇ ਸਥਿਤੀ ਦੀ ਮੁਸ਼ਕਲ ਨੂੰ ਸਵੀਕਾਰ ਕੀਤਾ ਪਰ ਸਪੱਸ਼ਟ ਕੀਤਾ ਕਿ 1 ਜਨਵਰੀ, 2006 ਤੋਂ ਬਾਅਦ ਪੈਦਾ ਹੋਏ ਬੱਚੇ ਆਪਣੇ ਮਾਪਿਆਂ ਦੇ ਵੀਜ਼ਾ ਦਰਜੇ ਦੇ ਅਨੁਸਾਰ ਹੱਕਦਾਰ ਬਣਦੇ ਹਨ। ਕਿਉਂਕਿ ਦਮਨ ਦੀ ਮਾਂ, ਸੁਨੀਤਾ ਦੇਵੀ, ਉਸਦੇ ਜਨਮ ਸਮੇਂ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ ’ਤੇ ਸੀ, ਇਸ ਲਈ ਉਹ ਕਦੇ ਵੀ ਰਿਹਾਇਸ਼ ਲਈ ਯੋਗ ਨਹੀਂ ਹੋ ਸਕਦਾ ਸੀ। ਕਾਨੂੰਨੀ ਚਾਰਾਜੋਈ ਕਰਦਿਆਂ ਪਹਿਲਾਂ ਹੀ ਪਰਿਵਾਰ ਦੀ ਵਾਪਿਸ ਜਾਣ ਦੀ ਆਖ਼ਰੀ ਮਿਤੀ ਦੋ ਵਾਰ ਵਧਾਈ ਜਾ ਚੁੱਕੀ ਹੈ। ਇਸ ਭੈਣ-ਭਰਾ ਦੇ ਮਾਤਾ-ਪਿਤਾ, ਜੋ ਕਿ ਲਗਭਗ 24 ਸਾਲ ਪਹਿਲਾਂ (2001) ਵਿਚ ਨਿਊਜ਼ੀਲੈਂਡ ਆਏ ਸਨ ਅਤੇ ਕੁਝ ਸਾਲਾਂ ਬਾਅਦ ਵੀਜ਼ਾ ਨਾ ਮਿਲਣ ਕਾਰਨ ਓਵਰਸਟੇਅਰ ਹੋ ਗਏ ਸਨ, ਨੂੰ ਵੀ ਨਾਲ ਹੀ ਇਸ ਦੇਸ਼ ਤੋਂ ਚਲੇ ਜਾਣ ਲਈ ਕਿਹਾ ਗਿਆ ਹੈ।

ਹੁਣ ਨਾ ਇਧਰ ਦੇ ਰਹੇ ਨਾ ਉਧਰ ਦੇ: ਦਮਨ, ਜਿਸਦੀ ਯੂਨੀਵਰਸਿਟੀ ਸ਼ੁਰੂ ਕਰਨ ਅਤੇ ਨਿਊਜ਼ੀਲੈਂਡ ਸਮਾਜ ਵਿੱਚ ਯੋਗਦਾਨ ਪਾਉਣ ਦੀ ਯੋਜਨਾ ਸੀ, ਨੇ ਮੀਡੀਆ ਨੂੰ ਦੱਸਿਆ ਕਿ ਉਹ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਬੇਨਤੀ ਕਰ ਰਿਹਾ ਹੈ ਕਿ ਉਸਨੂੰ ਇਸੇ ਦੇਸ਼ ਵਿੱਚ ਰਹਿਣ ਦੀ ਇਜਾਜਤ ਦਿੱਤੀ ਜਾਵੇ ਜਿਸ ਦੇਸ਼ ਨੂੰ ਉਸਨੇ ਆਪਣਾ ਘਰ ਮੰਨਿਆ ਹੈ। ਉਸਨੂੰ ਡਰ ਹੈ ਕਿ ਜੇਕਰ ਉਸਨੂੰ ਭਾਰਤ ਜਾਣ ਲਈ ਮਜ਼ਬੂਰ ਕੀਤਾ ਗਿਆ ਤਾਂ ਉਸਨੂੰ ਬਹੁਤ ਸਾਰੀਆਂ ਅਸਫਲਤਾਵਾਂ ਦਾ ਸਾਹਮਣਾ ਕਰਨਾ ਪਵੇਗਾ, ਜਿੱਥੇ ਉਸਦਾ ਕੋਈ ਸੰਪਰਕ ਨਹੀਂ ਹੈ ਅਤੇ ਉਹ ਉਥੇ ਦੀ ਭਾਸ਼ਾ ਪੰਜਾਬੀ ਪੜ੍ਹ ਜਾਂ ਲਿਖ ਵੀ ਨਹੀਂ ਸਕਦਾ। ਸੋ ਕਾਨੂੰਨ ਦੀ ਕਰਵਟ ਨੇ ਇਸ ਪਰਿਵਾਰ ਦੇ ਲਈ ‘ਨਾ ਇਧਰ ਦੇ ਰਹੇ ਨਾ ਉਧਰ ਦੇ’ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ।

ਆਪਣੇ ਸਕੂਲ ਦੇ ਸਾਲਾਂ ਦੌਰਾਨ, ਦਮਨ ਨੇ ਆਪਣੀ ਇਮੀਗ੍ਰੇਸ਼ਨ ਸਥਿਤੀ ਨੂੰ ਗੁਪਤ ਰੱਖਿਆ, ਉਹ ਚਾਹੁੰਦਾ ਸੀ ਕਿ ਉਸਦੇ ਸਾਥੀ ਉਸ ਨਾਲ ਬਰਾਬਰ ਵਿਵਹਾਰ ਕਰਨ। ਹੁਣ, ਜਦੋਂ ਉਹ ਇੱਕ ਅਨਿਸ਼ਚਿਤ ਭਵਿੱਖ ਦਾ ਸਾਹਮਣਾ ਕਰ ਰਿਹਾ ਹੈ, ਉਸਦੀ ਭੈਣ ਰਾਧਿਕਾ ਕਹਿੰਦੀ ਹੈ ਕਿ ਉਸਨੂੰ ਦੇਸ਼ ਨਿਕਾਲਾ ਦੇਣ ਦਾ ਫੈਸਲਾ ਉਨ੍ਹਾਂ ਦੇ ਪਰਿਵਾਰ ਨੂੰ ਤੋੜ ਦੇਵੇਗਾ। ਉਸਦਾ ਮੰਨਣਾ ਹੈ ਕਿ ਮੰਤਰੀ ਨੂੰ ਦਖਲ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਭਰਾ ਅਤੇ ਮਾਪਿਆਂ ਲਈ ਇੱਕ ਅਨਿਆਂਪੂਰਨ ਨਤੀਜੇ ਵਜੋਂ ਵੇਖਦੀ ਹੈ।

ਰਾਸ਼ਟਰੀ ਮੀਡੀਆ ਨੇ ਸਬੰਧਿਤ ਵਕੀਲ ਦੇ ਹਵਾਲੇ ਨਾਲ ਇਸ ਮਾਮਲੇ ਨੂੰ ਪੂਰੀ ਤਰ੍ਹਾਂ ਸ਼ਰਮਨਾਕ ਦੱਸਿਆ, ਕਿਹਾ ਕਿ ਦਮਨ ਨਾਲ ਨਿਰਦੋਸ਼ ਹੋਣ ਦੇ ਬਾਵਜੂਦ ਇੱਕ ਅਪਰਾਧੀ ਵਾਂਗ ਵਿਵਹਾਰ ਕੀਤਾ ਜਾ ਰਿਹਾ ਹੈ।

ਇਸ ਦੌਰਾਨ, ਗ੍ਰੀਨ ਪਾਰਟੀ ਦੇ ਇਮੀਗ੍ਰੇਸ਼ਨ ਬੁਲਾਰੇ ਰਿਕਾਰਡੋ ਮੇਨੇਂਡੇਜ਼ ਨੇ ਮੰਤਰੀ ਸ੍ਰੀ ਪੇਂਕ ਨੂੰ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ। ਮਾਨਵਤਾ ਦੇ ਅਧਾਰ ਉੱਤੇ ਸ਼ਾਇਦ ਕੋਈ ਇਸ ਨੌਜਵਾਨ ਦੇ ਹੱਕ ਵਿੱਚ ਫੈਸਲਾ ਆ ਜਾਵੇ, ਪਰ ਕਾਨੂੰਨੀ ਘੁੰਢੀ ਦੇ ਚਲਦਿਆਂ ਇਸ ਨੂੰ ਕਿਵੇਂ ਖੋਲ੍ਹਿਆ ਜਾਵੇਗਾ ਸਮਾਂ ਦੱਸੇਗਾ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ








**ਫਰੀਮਾਂਟ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਬੀਤੇ ਦਿਨੀ ਅਮਰੀਕੀ ਪੰਜਾਬੀ ਕਵੀਆਂ ਵੱਲੋਂ 300 ਗੁਰਦੁਆਰਾ ਰੋਡ, ਫਰੀਮਾਂਟ ਵਿਖੇ ਮੁਕਤਸਰ ਦੀ ਜੰਗ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਮੰਚ ਸੰਭਾਲਦਿਆਂ ਪ੍ਰਵਾਨਾ ਵੱਲੋਂ ਇਤਿਹਾਸ ’ਤੇ ਰੌਸ਼ਨੀ ਪਾਈ ਗਈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸਥਾਨਕ ਕਵੀ ਸ਼ਾਮਲ ਸਨ- ਠਾਕੁਰ ਸਿੰਘ, ਤਰਸੇਮ ਸਿੰਘ ਸੁੰਮਨ, ਤ੍ਰਿਲੋਚਨ ਸਿੰਘ ਦੁਪਾਲਪੁਰੀ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ, ਜਿਹਨਾਂ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰਵਾਨਾ ਵਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਅਜਿਹੇ ਪ੍ਰੋਗਰਾਮ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਸਫਲ ਹੁੰਦੇ ਹਨ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।






# ਅਮਰੀਕਾ ਤੇ ਭਾਰਤ ਵਿਚਾਲੇ ਟੈਕਸ, ਦੁਪਾਸੜ ਸਬੰਧ ਤੇ ਪ੍ਰਵਾਸ ਨਾਲ ਜੁੜੇ ਮੁੱਦਿਆਂ ਦਾ ਹੱਲ ਜਰੂਰੀ-ਸ਼੍ਰੀ ਥਾਨੇਦਾਰ

**ਸੈਕਰਾਮੈਂਟੋ, ਕੈਲਫੋਰਨੀਆ (ਹੁਸਨ ਲੜੋਆ ਬੰਗਾ)–** ਸਾਂਸਦ ਸ੍ਰੀ ਥਾਨੇਦਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੀਟਿੰਗ ਤੋਂ ਪਹਿਲਾਂ ਟੈਕਸ ਦੇ ਮੁੱਦੇ ਨੂੰ ਉਭਾਰਦਿਆਂ ਕਿਹਾ ਹੈ ਕਿ ਵਪਾਰ, ਦੁਪਾਸੜ ਸਬੰਧ ਤੇ ਪ੍ਰਵਾਸ ਪ੍ਰਮੁੱਖ ਮੁੱਦੇ ਹਨ ਜਿਨਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਸ਼੍ਰੀ ਥਾਨੇਦਾਰ ਨੇ ਕਿਹਾ ਕਿ ਇਹ ਬਹੁਤ ਉਤਸੁਕਤਾ ਵਾਲਾ ਸਮਾਂ ਹੈ, ਪ੍ਰਧਾਨ ਮੰਤਰੀ ਮੋਦੀ ਤੇ ਡੋਨਾਲਡ ਟਰੰਪ ਇਸ ਤੋਂ ਪਹਿਲਾਂ ਦੋ ਵਾਰ ਮਿਲ ਚੁੱਕੇ ਹਨ, ਮੈ ਹੁਣ ਇਸ ਮੀਟਿੰਗ ਤੋਂ ਆਸਵੰਦ ਹਾਂ ਜਿਸ ਵਿਚ ਕੁਝ ਅਹਿਮ ਮੁੱਦਿਆਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨਾਂ ਕਿਹਾ ਕਿ ਟੈਕਸ, ਆਪਸੀ ਸਬੰਧ, ਵਣਜ ਤੇ ਪ੍ਰਵਾਸ ਅਹਿਮ ਹਨ। ਮੈ ਆਸ ਕਰਦਾ ਹਾਂ ਕਿ ਇਨਾਂ



ਮੁੱਦਿਆਂ ਬਾਰੇ ਗੱਲ ਕੀਤੀ ਜਾਵੇਗੀ ਤੇ ਫੈਸਲਾ ਲਿਆ ਜਾਵੇਗਾ। ਜਦੋਂ ਪੁੱਛਿਆ ਗਿਆ ਕਿ ਕੀ ਮੀਟਿੰਗ ਦੌਰਾਨ ਬੰਗਲਾਦੇਸ਼ ਦੇ ਮੁੱਦੇ ';ਤੇ ਵੀ ਵਿਚਾਰ ਹੋ ਸਕਦੀ ਹੈ ਤਾਂ ਸ੍ਰੀ ਥਾਨੇਦਾਰ ਨੇ ਕਿਹਾ ਮੈਨੂੰ ਆਸ ਹੈ ਕਿ ਅਜਿਹਾ ਹੋਵੇਗਾ। ਉਨਾਂ ਕਿਹਾ ਰਾਸ਼ਟਰਪਤੀ ਬਾਈਡਨ ਦੇ ਕਾਰਜਕਾਲ ਵੇਲੇ ਵਿਦੇਸ਼ ਵਿਭਾਗ ਨੇ ਬੰਗਲਾਦੇਸ਼ ਵਿਰੁੱਧ ਕੁਝ ਆਰਥਕ ਪਾਬੰਦੀਆਂ ਲਾਈਆਂ ਸਨ ਜਿਨਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦੇ ਪੁੱਤਰ ਧਰੁਵ ਜੈਸ਼ੰਕਰ ਕਾਰਜਕਾਰੀ ਡਾਇਰੈਕਟਰ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਅਮੈਰਿਕਾ ਕਹਿ ਚੁੱਕੇ ਹਨ ਕਿ ਭਾਰਤ ਤੇ ਅਮਰੀਕਾ ਵਿਚਾਲੇ ਵਪਾਰ ਟਕਰਾਅ ਰੋਕਣ ਲਈ ਸਮਝੌਤਾ ਹੋਣਾ ਜਰੂਰੀ ਹੈ। ਉਨਾਂ ਕਿਹਾ ਕਿ ਭਾਰਤ ਸਟੀਲ ਦਾ ਪ੍ਰਮੁੱਖ ਉਤਪਾਦਕ ਹੈ ਇਸ ਲਈ ਟਕਰਾਅ ਸੰਭਵ ਹੈ। ਜਿਕਰਯੋਗ ਹੈ ਕਿ ਟਰੰਪ ਸਟੀਲ ਦਰਾਮਦ ਉਪਰ 25% ਟੈਕਸ ਲਾਉਣ ਦਾ ਐਲਾਨ ਕਰ ਚੁੱਕੇ ਹਨ। ਜੈਸ਼ੰਕਰ ਨੇ ਗੈਰ ਕਾਨੂੰਨੀ ਭਾਰਤੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮੁੱਦੇ ਨੂੰ ਵੀ ਹੱਲ ਕਰਨ 'ਤੇ ਜੋਰ ਦਿੱਤਾ ਹੈ।

# ਸੰਘੀ ਜੱਜ ਵੱਲੋਂ ਮੁਲਾਜ਼ਮਾਂ ਦੀ ਛਾਂਟੀ ਵਿਰੁੱਧ ਦਾਇਰ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਮਾਸਾਚੂਸੈਟਸ ਦੀ ਇਕ ਅਦਾਲਤ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੰਘੀ ਮੁਲਾਜ਼ਮਾਂ ਸਬੰਧੀ ਨੀਤੀ ਨੂੰ ਲਾਗੂ ਕਰਨ ਦੀ ਖੁਲ ਦਿੱਤੀ ਗਈ ਹੈ। ਜੱਜ ਦਾ ਇਹ ਫੈਸਲਾ ਵੱਡੀ ਪੱਧਰ 'ਤੇ ਸੰਘੀ ਮੁਲਾਜ਼ਮਾਂ ਦੀ ਕਟੌਤੀ ਦਾ ਵਿਰੋਧ ਕਰਨ ਵਾਲਿਆਂ ਲਈ ਵੱਡਾ ਝਟਕਾ ਹੈ। ਯੂ ਐਸ ਡਿਸਟ੍ਰਿਕਟ ਜੱਜ ਜਾਰਜ ਓ ਟੂਲ ਨੇ ਇਕ ਲਿਖਤੀ ਆਦੇਸ਼ ਵਿਚ ਕਿਹਾ ਕਿ ਸੰਘੀ ਮੁਲਾਜ਼ਮ ਯੂਨੀਅਨਾਂ ਵੱਲੋਂ ਪ੍ਰੋਗਰਾਮ ਰੋਕਣ ਲਈ ਦਾਇਰ ਪਟੀਸ਼ਨ 'ਤੇ ਸੁਣਵਾਈ ਲਈ ਆਧਾਰ ਮੌਜੂਦ ਨਹੀਂ ਹੈ ਕਿਉਂਕਿ ਇਸ ਮੁੱਦੇ 'ਤੇ ਸੁਣਵਾਈ ਕਰਨਾ ਇਸ ਅਦਾਲਤ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ।

ਜੱਜ ਨੇ ਪ੍ਰੋਗਰਾਮ ਲਾਗੂ ਕਰਨ ਉਪਰ ਪਿਛਲੇ ਹਫਤੇ ਲਾਈ ਰੋਕ ਖਤਮ ਕਰ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਤਕਰੀਬਨ 23 ਲੱਖ ਸੰਘੀ ਮੁਲਾਜ਼ਮਾਂ ਨੂੰ ਪੇਸ਼ਕਸ਼ ਕੀਤੀ ਹੈ ਕਿ ਜੇਕਰ ਉਹ ਖੁਦ ਅਸਤੀਫਾ ਦੇ ਦਿੰਦੇ ਹਨ ਤਾਂ ਉਨਾਂ ਨੂੰ 8 ਮਹੀਨੇ ਦੀ ਤਨਖਾਹ ਤੇ ਹੋਰ ਲਾਭ ਦਿੱਤੇ ਜਾਣਗੇ।

ਸੰਘੀ ਵਰਕਰਾਂ ਨੂੰ ਇਸ ਸਬੰਧੀ ਫੈਸਲਾ ਲੈਣ ਵਾਸਤੇ 6 ਫਰਵਰੀ ਤੱਕ ਦਾ ਸਮਾਂ ਦਿੱਤਾ ਗਿਆ ਹੈ। ਜੱਜ ਟੂਲ ਨੇ ਪਿਛਲੇ ਹਫਤੇ ਸੁਣਵਾਈ ਦੌਰਾਨ ਇਸ ਸਮਾਂ ਸੀਮਾ ਨੂੰ ਰੱਦ ਕਰ ਦਿੱਤਾ ਸੀ। ਟਰੰਪ ਪ੍ਰਸ਼ਾਸਨ ਨੂੰ ਹੁਣ ਸੰਘੀ ਵਰਕਰਾਂ ਦੇ ਜਵਾਬ ਲਈ ਨਵੀਂ ਸਮਾਂ ਸੀਮਾ ਮਿਥਣੀ ਪਵੇਗਾ। ਵਾਈਟ ਹਾਊਸ ਪ੍ਰੈਸ ਸਕੱਤਰ ਕਾਰੋਲਾਈਨ ਲੀਵਿਟ ਨੇ ਜੱਜ ਦੇ ਆਦੇਸ਼ ਦਾ ਸਵਾਗਤ ਕਰਦਿਆਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਪੱਸ਼ਟ ਹੈ ਕਿ 7.7 ਕਰੋੜ ਤੋਂ ਵਧ ਅਮਰੀਕੀਆਂ ਜਿਨਾਂ ਨੇ ਰਾਸ਼ਟਰਪਤੀ ਟਰੰਪ ਤੇ ਉਨਾਂ ਦੀਆਂ ਤਰਜੀਹਾਂ ਦਾ ਸਮਰਥਨ ਕੀਤਾ ਹੈ, ਦੀ ਜਿੱਤ ਹੋਈ ਹੈ। ਜਿਕਰਯੋਗ ਹੈ ਕਿ ਪਿਛਲੇ ਹਫਤੇ 60 ਹਜਾਰ ਤੋਂ ਵਧ ਵਰਕਰ ਟਰੰਪ ਪ੍ਰਸ਼ਾਸਨ ਦੇ ਪ੍ਰੋਗਰਾਮ ਉਪਰ ਸਹਿਮਤੀ ਪ੍ਰਗਟਾ ਚੁੱਕੇ ਹਨ ਹਾਲਾਂ ਕਿ ਇਹ ਵਰਕਰ ਕੁਲ ਸੰਘੀ ਵਰਕਰਾਂ ਦਾ 2.6% ਹੀ ਹਨ। ਵਾਈਟ ਹਾਊਸ ਦਾ ਅਨੁਮਾਨ ਹੈ ਕਿ 5 ਤੋਂ 10% ਤੱਕ ਵਰਕਰ ਇਸ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਤਿਆਰ ਹੋ ਜਾਣਗੇ।

# ਲਾਪਤਾ ਟਰਾਂਸਜੈਂਡਰ ਵਿਅਕਤੀ ਦੀ ਤਸ਼ੱਦਦ ਉਪਰੰਤ ਹੋਈ ਮੌਤ, 5 ਵਿਅਕਤੀ ਗ੍ਰਿਫਤਾਰ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੁਲਿਸ ਵੱਲੋਂ ਲਾਪਤਾ ਹੋਏ ਮਿਨੀਸੋਟਾ ਦੇ ਇਕ 24 ਸਾਲਾ ਟਰਾਂਸਜੈਂਡਰ ਵਿਅਕਤੀ ਦਾ ਮਾਮਲਾ ਹੱਲ ਕਰ ਲੈਣ ਦਾ ਦਾਅਵਾ ਕੀਤਾ ਗਿਆ ਹੈ। ਪੁਲਿਸ ਅਨੁਸਾਰ ਲਾਪਤਾ ਹੋਏ ਸੈਮ ਨਾਰਡਕੁਇਸਟ ਦੀ ਲਾਸ਼ ਬਰਾਮਦ ਕਰ ਲਈ ਗਈ ਹੈ ਤੇ ਇਸ ਸਬੰਧੀ ਨਿਊਯਾਰਕ ਵਿਚ 5 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਗ੍ਰਿਫਤਾਰ ਵਿਅਕਤੀਆਂ ਵਿਰੁੱਧ ਦੂਸਰਾ ਦਰਜਾ ਹੱਤਿਆ ਸਮੇਤ ਹੋਰ ਦੋਸ਼ ਲਾਏ ਗਏ ਹਨ। ਪੁਲਿਸ ਦਾ ਮੰਨਣਾ ਹੈ ਕਿ ਮੌਤ ਤੋਂ ਪਹਿਲਾਂ ਸੈਮ ਨਾਰਡਕੁਇਸਟ ਉਪਰ ਤਸ਼ਦਦ ਕੀਤਾ ਗਿਆ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਸੈਮ ਦੇ ਪਰਿਵਾਰ ਵੱਲੋਂ 9 ਫਰਵਰੀ ਨੂੰ ਬੇਨਤੀ ਕਰਨ ਉਪਰੰਤ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਸੀ। 13 ਫਰਵਰੀ ਨੂੰ ਰੋਚੈਸਟਰ ਦੇ ਦੱਖਣ ਪੂਰਬ ਵਿਚ ਤਕਰੀਬਨ 50 ਮੀਲ ਦੂਰ ਯਾਟਸ ਕਾਊਂਟੀ ਵਿਚ ਮਨੁੱਖੀ ਅੰਗ ਬਰਾਮਦ ਹੋਏ ਹਨ ਜੋ ਸਮਝਿਆ ਜਾਂਦਾ ਹੈ ਕਿ ਸੈਮ ਦੇ ਹਨ। ਇਸ ਉਪਰੰਤ ਪੁਲਿਸ ਦੇ ਹੱਥ ਅਜਿਹੇ ਸਬੂਤ ਲੱਗੇ ਜਿਨਾਂ ਤੋਂ ਪਤਾ ਲੱਗਾ ਕਿ ਦਸੰਬਰ 2024 ਤੇ ਫਰਵਰੀ 2025 ਦਰਮਿਆਨ ਸੈਮ ਉਪਰ ਤਸ਼ੱਦਦ ਕੀਤਾ ਗਿਆ। ਨਿਊਯਾਰਕ ਸਟੇਟ ਪੁਲਿਸ ਦੇ ਕੈਪਟਨ ਕੈਲੀ ਸਵਿਫਟ ਅਨੁਸਾਰ ਸੈਮ ਉਪਰ ਵਾਰ ਵਾਰ ਤਸ਼ੱਦਦ ਕੀਤਾ ਗਿਆ ਜਿਸ ਕਾਰਨ ਉਹ ਦਮ ਤੋੜ ਗਿਆ। ਪ੍ਰੈਸ ਬਿਆਨ ਅਨੁਸਾਰ ਗ੍ਰਿਫਤਾਰ ਲੋਕਾਂ ਦੀ ਉਮਰ 19 ਸਾਲ ਤੋਂ 38 ਸਾਲ ਦਰਮਿਆਨ ਹੈ ਜਿਨਾਂ ਵਿਚ ਪਰੀਸੀਅਸ ਅਰਜ਼ੂਆਗਾ (38), ਜੈਨੀਫਰ ਏ ਕੁਇਜਾਨੋ (30) ਕੀਲੇ ਸੇਜ (33), ਪੈਟਰਿਕ ਏ ਗੁੱਡਵਿਨ (30) ਤੇ ਏਮਿਲੀ ਮੋਟੀਕਾ (19) ਸ਼ਾਮਿਲ ਹਨ। ਸਵਿਟ ਨੇ ਕਿਹਾ ਹੈ ਕਿ ਜਾਂਚਕਾਰ ਗ੍ਰਿਫਤਾਰ 5 ਸ਼ੱਕੀਆਂ ਤੇ ਨਾਰਡਕੁਇਸਟ ਵਿਚਾਲੇ ਸਬੰਧਾਂ ਦੀ ਜਾਂਚ ਕਰ ਰਹੇ ਹਨ। ਉਨਟਾਰੀਓ ਕਾਊਂਟੀ ਡਿਸਟ੍ਰਿਕਟ ਅਟਾਰਨੀ ਜੇਮਜ ਰਿਟਸ ਨੇ ਕਿਹਾ ਹੈ ਕਿ ਗ੍ਰਿਫਤਾਰ ਸ਼ੱਕੀ ਦੋਸ਼ੀਆਂ ਨੂੰ ਉਨਟਾਰੀਓ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਨਾਰਡਕੁਇਸਟ ਪਿਛਲੇ ਸਾਲ ਸਤੰਬਰ ਵਿਚ ਇਕ ਆਨਲਾਈਨ ਬਣੀ ਦੋਸਤ ਕੁੜੀ ਨੂੰ ਮਿਲਣ ਨਿਊਯਾਰਕ ਗਿਆ ਸੀ। 1 ਜਨਵਰੀ ਤੋਂ ਬਾਅਦ ਨਾਰਡਕੁਇਸਟ ਦੇ ਦੋਸਤਾਂ ਤੇ ਪਰਿਵਾਰ ਨਾਲ ਉਸ ਦਾ ਕੋਈ ਸੰਪਰਕ ਨਹੀਂ ਹੋਇਆ।



# ਨਜਾਇਜ ਪ੍ਰਵਾਸੀਆਂ ਦੀ ਅਮਰੀਕਾ ਦੇ ਗੁਆਂਢੀ ਮੁਲਕਾਂ ਵਿਚ ਵੀ ਫੜੋ-ਫੜੀ ਆਰੰਭ

## ਡਰ ਕਾਰਨ ਬਹੁਤੇ ਪ੍ਰਵਾਸੀ ਖੁਦ ਹੀ ਵਾਪਸ ਪਰਤਣ ਲਈ ਤਿਆਰ, ਡਿਪੋਰਟ ਕਰਨ ਵਿਚ ਆ ਰਹੀਆਂ ਨੇ ਮੁਸ਼ਕਲਾਂ









**ਪਨਾਮਾ ਸ਼ਹਿਰ (ਬਿਊਰੋ)–** ਅਮਰੀਕਾ ਵਿਚ ਤਾਂ ਨਜਾਇਜ ਪ੍ਰਵਾਸੀਆਂ ਦੀ ਫੜੋ-ਫੜੀ ਜਾਰੀ ਹੀ ਹੈ, ਹੁਣ ਦੱਖਣੀ ਅਮ-ਰੀਕੀ ਮੁਲਕਾਂ ਵਿਚ ਵੀ ਨਜਾਇਜ ਪ੍ਰਵਾਸੀ ਪਕੜੇ ਜਾਣ ਲੱਗ ਪਏ ਹਨ। ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਵਾਲੇ ਤਿੰਨ ਸੌ ਦੇ ਕਰੀਬ ਲੋਕਾਂ ਨੂੰ ਪਨਾਮਾ ਦੇ ਇਕ ਹੋਟਲ ਵਿਚ ਨਜ਼ਰਬੰਦ ਕੀਤਾ ਗਿਆ ਹੈ। ਇਹ ਗ਼ੈਰਕਾਨੂੰਨੀ ਪਰਵਾਸੀ ਕੌਮਾਂਤਰੀ ਅਥ-ਾਰਿਟੀਜ਼ ਵੱਲੋਂ ਉਨ੍ਹਾਂ ਨੂੰ ਆਪੋ ਆਪਣੇ ਮੁਲਕ ਵਾਪਸ ਭੇਜਣ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਗੈਰਕਾਨੂੰਨੀ ਪਰਵਾਸੀਆਂ ਵਿਚੋਂ ਬਹੁਤੇ ਇਰਾਨ, ਭਾਰਤ, ਨੇਪਾਲ, ਸ੍ਰੀ ਲੰਕਾ, ਪਾਕਿਸਤਾਨ, ਅਫ਼ਗਾਨਿਸਤਾਨ, ਚੀਨ ਤੇ ਹੋਰਨਾਂ ਏਸ਼ਿਆਈ ਮੁਲਕਾਂ ਨਾਲ ਸਬੰਧਤ ਹਨ। ਸਰਕਾਰ ਮੁਤਾਬਕ ਅਮਰੀਕਾ ਵਿਚ ਇਸ ਵਕਤ ਵੀ 13.7 ਮਿਲੀਅਨ ਦਸਤਾਵੇਜ ਤੋਂ ਬਿਨਾਂ ਪ੍ਰਵਾਸੀ ਹਨ। ਇਹਨਾਂ ਵਿਚੋਂ ਚੌਥਾ ਹਿੱਸਾ ਲੋਕਾਂ ਨੂੰ ਫਿਲਹਾਲ ਕਾਨੂੰਨੀ ਰਾਹਤ ਮਿਲੀ ਹੋਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ 40 ਫੀਸਦ ਤੋਂ ਵੱਧ ਪਰਵਾਸੀ ਸਵੈ-ਇੱਛਾ ਨਾਲ ਆਪੋ-ਆਪਣੇ ਮੁਲਕਾਂ ਨੂੰ ਵਾਪਸ ਜਾਣਾ ਚਾਹੁੰਦੇ ਹਨ। ਹੋਟਲ ਵਿਚ ਨਜ਼ਰਬੰਦ ਇਨ੍ਹਾਂ ਡਿਪੋਰਟੀਜ਼ ਨੇ ਖਿੜਕੀਆਂ ਰਾਹੀਂ 'ਹੈਲਪ' ਦੇ ਸੁਨੇਹੇ ਲਿਖ ਕੇ ਮਦਦ ਦੀ ਬੇਨਤੀ ਕੀਤੀ ਹੈ। ਕੋਸਟਾ ਰੀਕਾ ਦੇ ਰਾਸ਼ਟਰਪਤੀ ਰੌਡ੍ਰਿਗੋ ਸ਼ੇਵਾਜ਼ ਰੌਬਲਜ਼ ਦੇ ਦਫ਼ਤਰ ਵੱਲੋਂ ਜਾਰੀ ਇਕ ਬਿਆਨ ਮੁਤਾਬਕ 200 ਪਰਵਾ-ਸੀਆਂ ਦਾ ਪਹਿਲਾ ਬੈਚ ਬੁੱਧਵਾਰ ਨੂੰ ਇਕ ਕਮਰਸ਼ੀਅਲ ਉਡਾਣ ਰਾਹੀਂ ਜੁਆਨ ਸੈਂਟਾਮਾਰੀਆ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜੇਗਾ। ਬਿਆਨ ਵਿੱਚ ਕਿਹਾ ਗਿਆ, ''ਕੋਸਟਾ ਰੀਕਾ ਸਰਕਾਰ ਨੇ 200 ਗੈਰ-ਕਾਨੂੰਨੀ ਪਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਵਿੱਚ ਅਮਰੀਕਾ ਨਾਲ ਸਹਿਯੋਗ ਕਰਨ 'ਤੇ ਸਹਿਮਤੀ ਜਤਾਈ ਹੈ। ਇਹ ਲੋਕ ਮੱਧ ਏਸ਼ੀਆ ਦੇ ਦੇਸ਼ਾਂ ਅਤੇ ਭਾਰਤ ਤੋਂ ਹਨ।'' ਅਮਰੀਕਾ ਨੂੰ ਇਨ੍ਹਾਂ ਵਿੱਚੋਂ ਕੁਝ ਨੂੰ ਸਿੱਧੇ ਉਨ੍ਹਾਂ ਦੇ ਮੁਲਕ ਡਿਪੋਰਟ ਕਰਨ ਵਿਚ ਮੁਸ਼ਕਲ ਆ ਰਹੀ ਹੈ, ਇਸ ਕਰਕੇ ਪਨਾਮਾ ਨੂੰ ਰਸਤੇ ਵਿਚ ਠਹਿਰ ਵਜੋਂ ਵਰਤਿਆ ਜਾ ਰਿਹਾ ਹੈ। ਪਨਾਮਾ ਅਤੇ ਅਮਰੀਕਾ ਦਰਮਿਆਨ ਪਰਵਾਸ ਸਮਝੌਤੇ ਤਹਿਤ ਪਰਵਾਸੀਆਂ ਨੂੰ ਡਾਕਟਰੀ ਸਹਾਇਤਾ ਅਤੇ ਭੋਜਨ ਮਿਲ ਰਿਹਾ ਹੈ।

# ਪੰਜਾਬ ਅਤੇ ਹਰਿਆਣਾ ਵਿਚ ਫਰਜ਼ੀ ਟਰੈਵਲ ਏਜੰਟਾਂ ਖ਼ਿਲਾਫ਼ ਕਾਰਵਾਈ, ਏਜੰਟ ਹੋਏ ਰੂਪੋਸ਼

**ਚੰਡੀਗੜ੍ਹ (ਬਿਊਰੋ)–** ਪੰਜਾਬ ਅਤੇ ਹਰਿਆਣਾ ਵਿਚ ਨਕਲੀ ਟਰੈਵਲ ਏਜੰਟ ਰੂਪੋਸ਼ ਹੋਣਾ ਆਰੰਭ ਹੋ ਗਏ ਹਨ, ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਮਾਸੂਮ ਲੋਕਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਵਿਦੇਸ਼ ਭੇਜ ਕੇ ਧੋਖਾਧੜੀ ਕਰਨ ਵਾਲੇ ਅਣਅਧਿਕਾਰਤ ਟਰੈਵਲ ਏਜੰਟਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦੀ ਇਕ ਬੇਨਤੀ 'ਤੇ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਹਰਮੀਤ ਸਿੰਘ ਗਰੇਵਾਲ ਦੇ ਬੈਂਚ ਨੇ ਵਕੀਲ ਕੰਵਰ ਪਹੁਲ ਸਿੰਘ ਦੀ ਪਟੀਸ਼ਨ ਦਾ ਨਿਬੇੜਾ ਕਰਦੇ ਹੋਏ ਇਹ ਹਦਾਇਤ ਕੀਤੀ। ਪਟੀਸ਼ਨਰ ਨੇ 'ਇਮੀਗ੍ਰੇਸ਼ਨ ਜਾਂਚ ਚੌਕੀਆਂ' ਦੀ ਸਥਾਪਨਾ ਅਤੇ 'ਪ੍ਰਮਾਣਿਤ ਭਰਤੀ ਏਜੰਟਾਂ' ਦੀ ਇਕ ਨਵੀਂ ਸੂਚੀ ਜਾਰੀ ਕਰਨ ਦੀ ਮੰਗ ਵੀ ਕੀਤੀ ਸੀ। ਹਾਲ ਹੀ ਵਿੱਚ ਅਮਰੀਕਾ ਵੱਲੋਂ ਗੈਰ-ਕਾਨੂੰਨੀ ਤੌਰ 'ਤੇ ਭਾਰਤੀ ਪਰਵਾਸੀਆਂ ਨੂੰ ਡਿਪੋਰਟ ਕੀਤੇ ਜਾਣ ਤੋਂ ਬਾਅਦ ਇਹ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਇਮੀਗ੍ਰੇਸ਼ਨ ਐਕਟ 1983 ਤਹਿਤ ਪੰਜਾਬ ਵਿੱਚ ਚੈੱਕ ਪੋਸਟਾਂ ਦੀ ਸਥਾਪਨਾ ਕਰਨ ਲਈ ਫੌਰੀ ਕਦਮ ਉਠਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ ਤਾਂ ਜੋ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾ ਸਕੇ ਅਤੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਿਆ ਜਾ ਸਕੇ।

ਅਮਰੀਕਾ ਵੱਲੋਂ ਭਾਰਤੀ ਨੌਜਵਾਨਾਂ ਨੂੰ ਡਿਪੋਰਟ ਕੀਤੇ ਜਾਣ ਤੋਂ ਬਾਅਦ ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ 7 ਮਾਰਚ ਤੋਂ ਸ਼ੁਰੂ ਹੋਣ ਵਾਲੇ ਬਜਟ ਸੈਸ਼ਨ ਵਿੱਚ ਟਰੈਵਲ ਏਜੰਸੀਆਂ ਨਾਲ ਜੁੜੇ ਬਿੱਲ ਵਿੱਚ ਸੋਧ ਕਰਕੇ ਇਸ ਨੂੰ ਪੇਸ਼ ਕਰਨ ਦੀ ਤਿਆਰੀ ਹੈ ਤਾਂ ਜੋ ਗਲਤ ਢੰਗ ਨਾਲ ਨੌਜਵਾਨਾਂ ਨੂੰ ਬਾਹਰ ਭੇਜਣ ਵਾਲੇ ਅਤੇ ਕਬੂਤਰਬਾਜ਼ੀ ਕਰਨ ਵਾਲੇ ਟਰੈਵਲ ਏਜੰਟਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਸਕੇ। ਗੁਜਰਾਤ ਪੁਲਿਸ ਵੀ ਨਕਲੀ ਏਜੰਟਾਂ ਦੀ ਭਾਲ ਵਿਚ ਜੁਟ ਗਈ ਹੈ। ਪੰਜਾਬ ਵਿਚ ਖੁੱਲੇ ਆਈਲੈਟਸ ਕੇਂਦਰਾਂ ਨੂੰ ਵੀ ਤਾਲੇ ਲੱਗ ਗਏ ਹਨ। ਸ਼ਹਿਰਾਂ ਦੀਆਂ ਉਹ ਥਾਵਾਂ, ਜਿੱਥੇ ਆਈਲੈਟਸ ਕਰਨ ਅਤੇ ਵਿਦੇਸ਼ ਜਾਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ ਸੀ, ਹੁਣ ਸੁੰਨਸਾਨ ਹੋ ਗਏ ਹਨ। ਜ਼ਿਆਦਾਤਰ ਟਰੈਵਲ ਏਜੰਟਾਂ ਨੇ ਆਪਣਾ ਸਮਾਨ ਵੇਚ ਕੇ ਖਿਸਕਣ ਵਿਚ ਹੀ ਭਲਾਈ ਸਮਝੀ ਹੈ।



# ਸ. ਲਾਲ ਸਿੰਘ ਸੁਲਹਾਣੀ ਦੁਆਰਾ ਰਚਿਤ ਕਿਤਾਬ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਤੇ ਪੰਥਕ ਆਗੂ ਸਮਾਗਮ ਯਾਦਗਾਰੀ ਹੋ ਨਿੱਬੜਿਆ

**ਫ਼ਿਰੋਜ਼ਪੁਰ–** ਸ੍ਰ. ਲਾਲ ਸਿੰਘ ਸੁਲਹਾਣੀ ਨੇ ਅੱਜ ਤੋਂ ਤਕਰੀਬਨ ਪੈਂਤੀ ਸਾਲ ਪਹਿਲਾਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਰਕਾਰੀ ਨੌਕਰੀ ਨੂੰ ਲੱਤ ਮਾਰ ਕੇ ਸਮਾਜ ਦੀ ਸੇਵਾ ਦਾ ਰਾਹ ਅਪਣਾਇਆ। ਉਹ ਨਾ ਕੇਵਲ ਸਾਹਿਬ ਸ੍ਰੀ ਕਾਂਸ਼ੀ ਰਾਮ ਵੱਲੋਂ ਆਰੰਭੇ ਸਮਾਜਿਕ ਤਬਦੀਲੀ ਦੇ ਸੰਘਰਸ਼ ਦੇ ਯੋਧੇ ਸਿਪਾਹੀ ਹਨ ਸਗੋਂ ਕਲਮ ਨਾਲ ਵੀ ਇਸ ਇਨਕਲਾਬ ਵਿੱਚ ਆਪਣਾ ਹਿੱਸਾ ਪਾ ਰਹੇ ਹਨ। ਉਹਨਾਂ ਦੇ ਤਿਆਗ ਤੇ ਮਿਸ਼ਨ ਪ੍ਰਤੀ ਸਮਰਪਣ ਸਲਾਹੁਣਯੋਗ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਅੱਜ ਇੱਥੇ ਸਮਾਜ ਦੇ ਦੱਬੇ ਕੁਚਲੇ ਲਤਾੜੇ ਵਰਗ ਨੂੰ ਚੇਤਨ ਕਰਨ ਲਈ ਨਿਰੰਤਰ ਯਤਨਸ਼ੀਲ ਸੰਸਥਾ 'ਲੋਕ ਚੇਤਨਾ ਵਿਕਾਸ ਮੰਚ ( ਰਜਿ:) ਵੱਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਤੇ ਜ਼ਿਲ੍ਹਾ ਲਾਇਬ੍ਰੇਰੀ ਫਿਰੋਜ਼ਪੁਰ ਦੇ ਸਹਿਯੋਗ ਨਾਲ ਜ਼ਿਲ੍ਹਾ ਲਾਇਬ੍ਰੇਰੀ ਦੇ ਰੀਡਿੰਗ ਰੂਮ ਵਿਚ ਕਰਵਾਏ ਸਮਾਗਮ ਵਿੱਚ ਪ੍ਰਸਿੱਧ ਲੇਖਕ ਅਤੇ ਬਹੁਜਨ ਆਗੂ ਸ੍ਰ. ਲਾਲ ਸਿੰਘ ਸੁਲਹਾਣੀ ਦੀ ਪੁਸਤਕ "ਸਾਹਿਬ ਸ੍ਰੀ ਕਾਂਸ਼ੀ ਰਾਮ ਅਤੇ ਪੰਥਕ ਆਗੂ" ਦੇ ਲੋਕ ਅਰਪਣ ਅਤੇ ਵਿਚਾਰ ਚਰਚਾ ਸਮਾਗਮ ਮੌਕੇ ਬੋਲਦਿਆਂ ਕੀਤਾ।

ਇਸ ਸਮਾਗਮ ਵਿੱਚ ਸਾਬਕਾ ਰਾਜ ਸਭਾ ਮੈਂਬਰ ਸ੍ਰ।ਅਵਤਾਰ ਸਿੰਘ ਕਰੀਮਪੁਰੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦੋਂ ਕਿ ਪ੍ਰਧਾਨਗੀ ਜਥੇਦਾਰ ਗੁਰਦੀਪ ਸਿੰਘ ਸਾਬਕਾ ਸੰਪਾਦਕ ' ਅੱਜ ਦੀ ਆਵਾਜ਼' ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸ੍ਰ. ਫ਼ਤਿਹ ਜੰਗ ਸਿੰਘ ਚੰਡੀਗੜ੍ਹ, ਕਹਾਣੀਕਾਰ ਗੁਰਮੀਤ ਕੜਿਆਲਵੀ, ਵਿੱਦਿਅਕ ਮਾਹਿਰ ਓਮ ਪ੍ਰਕਾਸ਼ ਸਰੋਏ, ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਗਦੀਪ ਸਿੰਘ ਸੰਧੂ, ਸ਼ਾਇਰ ਹਰਮੀਤ ਵਿਦਿਆਰਥੀ ਅਤੇ ਕਿਤਾਬ ਦੇ ਲੇਖਕ ਲਾਲ ਸਿੰਘ ਸੁਲਹਾਣੀ ਸ਼ਾਮਲ ਹੋਏ।

ਉਥੇ ਸਿੱਖਿਆ ਸ਼ਾਸਤਰੀ ਡਾ. ਰਾਮੇਸ਼ਵਰ ਸਿੰਘ ਕਟਾਰਾ ਦੀ ਭਾਵਪੂਰਤ ਸੰਚਾਲਨਾ ਵਿੱਚ ਸ਼ੁਰੂ ਹੋਏ ਸਮਾਗਮ




ਦੌਰਾਨ ਡਾ।ਜਗਦੀਪ ਸਿੰਘ ਸੰਧੂ ਨੇ ਸਮੁੱਚੇ ਹਾਜ਼ਰੀਨ ਨੂੰ ਜੀ ਆਇਆ ਕਿਹਾ ਅਤੇ ਰਿਲੀਜ਼ ਹੋ ਰਹੀ ਕਿਤਾਬ ਨੂੰ ਵੱਖਰੀ ਨੁਹਾਰ ਦੀ ਕਿਤਾਬ ਦੱਸਿਆ। ਬਠਿੰਡੇ ਤੋਂ ਆਈ ਲੋਕ ਗਾਇਕਾ ਗੁਰ ਲਗਨ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਕਿਤਾਬਾਂ ਦੀ ਮਹੱਤਤਾ ਦਰਸਾਉਂਦਾ ਵੰਦਨਾ ਵਾਣੀ ਦਾ ਲਿਖਿਆ ਗੀਤ ਪੇਸ਼ ਕੀਤਾ।

ਸਰਵ ਸ੍ਰੀ ਓਂਕਾਰ ਨਾਥ, ਡਾਕਟਰ ਹਰਪ੍ਰੀਤ ਸਿੰਘ ਸੁਲਹਾਣੀ ਐਲਕੈਮੀ ਬਠਿੰਡਾ, ਇੰਗਲੈਂਡ ਵਾਸੀ ਲੇਖਕ ਜਸਵਿੰਦਰ ਰੱਤੀਆਂ, ਮੱਖਣ ਸਿੰਘ ਸਉਨਾ, ਗਿਆਨ ਸੈਦਪੁਰੀ ਸ਼ਾਹ ਕੋਟ, ਲਵਪ੍ਰੀਤ ਸਿੰਘ ਡੁੱਬਈ, ਸਮੇਤ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਰਸਮੀ ਤੌਰ ਤੇ ਪੁਸਤਕ ਦੇ ਲੋਕ ਅਰਪਣ ਦੀ ਰਸਮ ਅਦਾ ਕੀਤੀ। ਪੁਸਤਕ ਬਾਰੇ ਬੋਲਦਿਆਂ ਫ਼ਤਿਹ ਜੰਗ ਸਿੰਘ ਨੇ ਇਸ ਕਿਤਾਬ ਨੂੰ ਸਾਹਿਬ ਕਾਂਸ਼ੀ ਰਾਮ ਜੀ , ਲਾਲ ਸਿੰਘ ਸੁਲਹਾਣੀ ਅਤੇ ਪੰਥਕ ਆਗੂਆਂ ਦੇ ਆਪਸੀ ਰਿਸ਼ਤਿਆਂ ਦੀ ਸੱਚੀ ਸਟੀਕ ਗਵਾਹੀ ਦੇ ਰੂਪ ਵਿੱਚ ਪੇਸ਼ ਕੀਤਾ। ਉੱਥੇ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਕਿਹਾ ਕਿ ਲੇਖਕ ਆਪਣੇ ਸਮਕਾਲ ਨੂੰ ਚਿਤਰਦਿਆਂ ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਫ਼ਲਸਫ਼ੇ ਤੋਂ ਪ੍ਰੇਰਨਾ ਲੈਂਦਾ ਹੈ। ਓਮ ਪ੍ਰਕਾਸ਼ ਸਰੋਏ ਨੇ ਕਿਹਾ ਕਿ ਲੇਖਕ ਦੇ ਮਨ ਵਿੱਚ ਲਤਾੜੇ ਗਏ ਲੋਕਾਂ ਲਈ ਬਹੁਤ ਦਰਦ ਹੈ। ਉਸਨੇ ਇਸ ਪੀੜ ਨੂੰ ਆਪਣੇ ਪਿੰਡੇ ਤੇ ਹੰਢਾਇਆ ਹੈ।

ਇਸ ਮੌਕੇ ਤੇ ਰਜਿੰਦਰ ਸਿੰਘ ਬਾਹੀਆ ਚੇਅਰਮੈਨ ਮਾਨਵ ਸੇਵਾ ਸੁਸਾਇਟੀ ਬਠਿੰਡਾ, ਸਿਮਰਨ, ਡਾ ਗੁਰਦੀਪ ਸਿੰਘ ਬਠਿੰਡਾ ਵੱਲੋਂ ਪ੍ਰਧਾਨਗੀ ਮੰਡਲ ਅਤੇ ਬੁਲਾਰਿਆਂ ਦਾ ਸਨਮਾਨਿਤ ਕੀਤਾ ਗਿਆ।

ਸ਼ਾਇਰ ਹਰਮੀਤ ਵਿਦਿਆਰਥੀ ਨੇ ਕਿਹਾ ਕਿ ਬਹੁਜਨ ਦਾ ਫ਼ਲਸਫ਼ਾ ਗੁਰਬਾਣੀ ਦੇ ਫ਼ਲਸਫ਼ੇ ਨਾਲ ਇੱਕ ਸੁਰ ਹੈ ਇਸ ਨੂੰ ਵਿਰੋਧੀ ਜੁੱਟ ਬਣਾ ਲੋਕਾਂ ਨੂੰ ਆਪੋ ਵਿੱਚ ਲੜਾਉਣ ਦੀ ਸਾਜ਼ਿਸ਼ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ। ਉਹਨਾਂ ਨੇ ਫ਼ਿਰੋਜ਼ਪੁਰ ਵਿੱਚ ਹੋਏ ਇਸ ਵੱਖਰੀ ਤਰ੍ਹਾਂ ਦੀ ਵਿਚਾਰ ਚਰਚਾ ਲਈ ਲੋਕ ਚੇਤਨਾ ਵਿਕਾਸ ਮੰਚ ਨੂੰ ਮੁਬਾਰਕਬਾਦ ਦਿੱਤੀ ਅਤੇ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਲੇਖਕਾਂ, ਬੁੱਧੀਜੀਵੀਆਂ ਅਤੇ ਰਾਜਸੀ ਕਾਰਕੁੰਨਾਂ ਦਾ ਇਸ ਸਮਾਗਮ ਨੂੰ ਸਫ਼ਲ ਬਨਾਉਣ ਲਈ ਧੰਨਵਾਦ ਕੀਤਾ।

ਤਕਰੀਬਨ ਸਾਢੇ ਤਿੰਨ ਘੰਟੇ ਚੱਲੀ ਇਸ ਵਿਚਾਰ ਗੋਸ਼ਟੀ ਵਿੱਚ ਸਰਵ ਸ੍ਰੀ ਕਰਨੈਲ ਸਿੰਘ ਭਾਵੜਾ, ਗੁਰਿੰਦਰ ਪਾਲ ਸਿੰਘ ਸੁਲਹਾਣੀ, ਜਸਵਿੰਦਰ ਸਿੰਘ ਸੁਲਹਾਣੀ, ਗੁਰਦਿਆਲ ਸਿੰਘ ਵਿਰਕ, ਸੁਖਦੇਵ ਸਿੰਘ ਭੱਟੀ, ਕਰਨ ਭੀਖੀ ਸਾ-ਹਬਦੀਪ ਪ੍ਰਕਾਸ਼ਨ ਮਾਨਸਾ, ਰਵਿੰਦਰ ਸਿੰਘ ਭੱਟੀ ਬਠਿੰਡਾ, ਡਾ।ਨਿਰਮਲ ਸਿੰਘ ਪੱਟੀ, ਬਲਦੇਵ ਸਿੰਘ ਭੁੱਲਰ, ਹਰਦੇਵ ਸਿੰਘ ਤਖਾਣਵੱਧ, ਸੁਨੀਤਾ ਰਾਣੀ ਮੋਗਾ, ਅਮਨਦੀਪ ਕੌਰ ਡਗਰੂ, ਐਡਵੋਕੇਟ ਅਵਤਾਰ ਕ੍ਰਿਸ਼ਨ ਕੋਟਕਪੂਰਾ, ਉਪਕਾਰ ਸਿੰਘ ਮੁਕਤਸਰ, ਇੰਜੀ: ਗਿਆਨ ਚੰਦ ਜਲਾਲਾਬਾਦ , ਗਗਨਦੀਪ ਸਿੰਘ ਫੂਲ, ਜਸਬੀਰ ਸਿੰਘ ਪਿਆਰੇਆਣਾ, ਐਡਵੋਕੇਟ ਮਲਕੀਤ ਖੋਖਰ, ਪ੍ਰਕਾਸ਼ ਦੋਸ਼ੀ ਜਲਾਲਾਬਾਦ , ਸੋਨੂੰ ਆਰਿਫੀ ਫਰੀਦਕੋਟ, ਕੁਲਵੰਤ ਸਿੰਘ ਜਗਰਾਉਂ, ਸ਼ਿੰਗਾਰਾ ਸਿੰਘ ਐਸ.ਡੀ.ਓ., ਬੂਟਾ ਸਿੰਘ ਜ਼ੀਰਾ, ਅਮਰਜੀਤ ਸਿੰਘ ਘਾਰੂ, ਗੁਰਚਰਨ ਸਿੰਘ ਬਜੀਦਪੁਰ, ਸਵਰਨਜੀਤ ਸਿੰਘ, ਤਸਵੀਰ ਲਾਲ, ਸੁਖਦੇਵ ਸਿੰਘ ਯੂਕੋ, ਹਦਾਇਤ ਪ੍ਰਧਾਨ, ਰਾਕੇਸ਼ ਲਹੌਰਾ, ਰਾਕੇਸ਼ ਭਾਰਤੀ, ਬਲਵਿੰਦਰ ਸਿੰਘ ਮੱਲਵਾਲ, ਸੁਖਦੇਵ ਸਿੰਘ ਸ਼ੀਰਾ, ਸੰਤ ਰਾਮ ਮੱਲੀ, ਤਰਲੋਕ ਸਿੰਘ ਸੁਪਰਡੈਂਟ, ਇੰਦਰਜੀਤ ਸਿੰਘ ਸੇਖਾ, ਨਾਇਬ ਸਿੰਘ ਗਿੱਲ ਮੋਗਾ, ਬਿੱਕਰ ਸਿੰਘ ਬਧਨੀ ਕਲਾਂ, ਡਾਕਟਰ ਬਲਜੀਤ ਸਿੰਘ ਮੋਗਾ, ਕਰਨੈਲ ਸਿੰਘ ਕਾਲੇਕੇ ਸਮੇਤ ਵੱਡੀ ਗਿਣਤੀ ਵਿੱਚ ਸਰੋਤੇ ਮੌਜੂਦ ਰਹੇ। ਲੋਕ ਚੇਤਨਾ ਵਿਕਾਸ ਮੰਚ ਦਾ ਇਹ ਸਮਾਗਮ ਲੰਮੇ ਸਮੇਂ ਤੱਕ ਇਤਿਹਾਸਿਕ ਸਮਾਗਮ ਵਜੋਂ ਯਾਦ ਰੱਖਿਆ ਜਾਵੇਗਾ।

# 71ਵੀਂ ਸੀਨੀਅਰ ਸਟੇਟ ਕਬੱਡੀ ਲੜਕੀਆਂ ਦੀ ਘਨੌਰ ਵਿਖੇ ਕਰਵਾਈ ਮਲਟੀਨੈਸ਼ਨਲ ਜਿਮਨੇਜ਼ੀਅਮ ਖੇਡ ਹਾਲ ਦਾ ਕੀਤਾ ਉਦਘਾਟਨ- ਗੁਰਲਾਲ ਘਨੌਰ

**ਘਨੌਰ–** ਅੱਜ ਹਲਕਾ ਘਨੌਰ ਦੇ ਯੂਨੀਵਰਸਿਟੀ ਕਾਲਜ ਘਨੌਰ ਵਿਖੇ 71ਵੀਂ ਸੀਨੀਅਰ ਸਟੇਟ ਲੜਕੀਆਂ ਕਬੱਡੀ ਨੈਸ਼ਨਲ ਸਟਾਈਲ ਸ। ਗੁਰਲਾਲ ਸਿੰਘ ਐਮਐਲਏ ਹਲਕਾ ਘਨੌਰ ਅਤੇ ਪ੍ਰਧਾਨ ਕਬੱਡੀ ਐਸੋਸੀਏਸ਼ਨ ਪੰਜਾਬ ਦੀ ਅਗਵਾਈ ਦੇ ਵਿੱਚ ਕਰਵਾਈ ਗਈ। ਇਥੇ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਤੋਂ 18 ਟੀਮਾਂ ਨੇ ਭਾਗ ਲਿਆ ਜਿਸ ਦੇ ਵਿੱਚ ਕ੍ਰਮਵਾਰ ਥਰਡ ਪੁਜੀਸ਼ਨ ਸ੍ਰੀ ਅੰਮ੍ਰਿਤਸਰ ਸਾਹਿਬ, ਦੂਜੀ ਪੁਜੀਸ਼ਨ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਫਸ਼ਟ ਪੁਜੀਸ਼ਨ ਸ੍ਰੀ ਕੀਰਤਪੁਰ ਸਾਹਿਬ ਰੋਪੜ ਦੀਆਂ ਲੜਕੀਆਂ ਨੇ ਹਾਸਿਲ ਕੀਤੀ। ਇਸ ਮੌਕੇ ਕਬੱਡੀ ਖੇਡ ਦੀ ਸ਼ੁਰੂਆਤ ਸ. ਗੁਰਪ੍ਰੀਤ ਸਿੰਘ ਸਬ ਇੰਸਪੈਕਟਰ ਘਨੌਰ- ਏਸ਼ੀਆ ਗੋਲਡ ਮੈਡਾਲਿਸ਼ਟ ਕਬੱਡੀ ਅਤੇ ਸ. ਜਗਦੇਵ ਸਿੰਘ ਇੰਟਰਨੈਸ਼ਨਲ ਕਬੱਡੀ ਮੈਡਾਲਿਸ਼ਟ ਖਿਡਾਰੀਆਂ ਨੇ ਰਸਮੀ ਉਦਘਾਟਨ ਕੀਤਾ। ਇਸ ਸਮੇਂ ਸ। ਬਲਤੇਜ ਸਿੰਘ ਪੰਨੂ ਪੀਏ ਟੂ ਮੁੱਖ ਮੰਤਰੀ ਪੰਜਾਬ ਸ. ਬਲਵਿੰਦਰ ਸਿੰਘ ਝਾੜਵਾ -ਉਪ ਚੇਅਰਮੈਨ ਪੀਆਰਟੀਸੀ ਪੰਜਾਬ, ਸ. ਮਨਜੀਤ ਸਿੰਘ ਦਰਸ਼ਨ ਮੰਜੋਲੀ – ਸਕੱਤਰ ਕਬੱਡੀ ਐਸੋਸੀਏਸ਼ਨ, ਸ. ਹਰਮਨਪ੍ਰੀਤ ਸਿੰਘ ਚੀਮਾ ਡੀਐਸਪੀ ਘਨੌਰ,



ਸ. ਸਾਹਿਬ ਸਿੰਘ ਐਸਐਚ ਘਨੌਰ, ਸ੍ਰੀ ਸੰਜੀਵ ਕੁਮਾਰ ਤਹਿਸੀਲਦਾਰ ਘਨੌਰ, ਸ. ਕਵਰਸ਼ਕਤੀ ਸਿੰਘ ਬਾਂਗੜ ਸੀਡੀਪੀ ਘਨੌਰ, ਮੈਡਮ ਕਿਰਨਜੀਤ ਕੌਰ ਉਪਲ ਐਸਐਮ ਘਨੌਰ, ਮੈਡਮ ਰਵਨੀਤ ਕੌਰ ਐਸਐਮ ਹਰਪਾਲਪੁਰ, ਸ. ਕੁਲਵੰਤ ਸਿੰਘ ਕੋਚ, ਸ। ਗੁਰਮੇਲ ਸਿੰਘ ਪਹਿਲਵਾਨ, ਸ. ਉਪਕਾਰ ਸਿੰਘ , ਸ. ਦਲ ਸਿੰਘ ਬਰਾੜ, ਸ. ਹਰਵਿੰਦਰ ਸਿੰਘ ਕਾਲਾ ਢੰਡੋਲੀ, ਰਾਜਾ ਯੂ. ਐਸ. ਏ., ਮੈਡਮ ਮਨਜੀਤ ਕੌਰ, ਸ. ਕਮਲਦੀਪ ਸਿੰਘ ਰਾਜਾ, ਸ. ਚਰਨ ਸਿੰਘ , ਸ. ਭੁਪਿੰਦਰ ਸਿੰਘ ਮਿੰਟੂ, ਸ. ਗੁਰਮੀਤ ਸਿੰਘ, ਸ. ਕੁਲਦੀਪ ਸਿੰਘ, ਸ. ਦਲਜੀਤ ਸਿੰਘ ਸਪੋਰਟਸ ਕੋਆਰਡੀਨੇਟਰ, ਸ. ਇੰਦਰਜੀਤ ਸਿੰਘ ਸਿਆਲੂ, ਮੈਡਮ ਮਨਦੀਪ ਕੌਰ ਪ੍ਰਧਾਨ ਮਿਊਂਸਪਲ ਕਾਰਪੋਰੇਸ਼ਨ ਘਨੌਰ, ਸ. ਸੰਦੀਪ ਸਿੰਘ ਜਰੀਕਪੁਰ, ਸ. ਦਮਨਪ੍ਰੀਤ ਸਿੰਘ ਖੇੜੀ ਮੰਡਲਾਂ, ਸ੍ਰੀ ਪਿੰਦਰ ਬਘੋਰਾ, ਸ. ਸਹਿਜਪਾਲ ਸਿੰਘ ਲਾਡਾ ਚੇਅਰਮੈਨ, ਸ੍ਰੀ ਅਸ਼ਵਨੀ ਸਨੋਲੀਆਂ, ਸ੍ਰੀ ਗੁਰਦੀਪ ਵਿਸ਼ਕੀ, ਸ. ਪਰਮਿੰਦਰ ਸਿੰਘ ਪੰਮਾ, ਸ. ਗੁਰਵਿੰਦਰ ਕਾਲਾ, ਸ੍ਰੀ ਰਵੀ ਕੁਮਾਰ, ਸ. ਸਾਗਰ ਸਿੰਘ, ਸ੍ਰੀ ਰਿੰਕੂ ਮੰਡੋਲੀ ਤੋਂ ਇਲਾਵਾ ਇਲਾਕੇ ਦੇ ਸਰਪੰਚ -ਪੰਚ ਸਾਹਿਬਾਨ, ਐਮ ਸੀ ਸਾਹਿਬਾਨ, ਇਲਾਕੇ ਦੇ ਪਤਵੰਤੇ ਸੱਜਣ ਹਾਜਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਜਸਵਿੰਦਰ ਸਿੰਘ ਚਪੜ੍ਹ – ਸਟੇਟ ਅਵਾਰਡੀ ਨੇ ਬਾਖੂਬ ਨਿਭਾਈ।

# ਧੂਰੀ ਲਿਟਰੇਚਰ ਫੈਸਟੀਵਲ ਦਾ ਆਗਾਜ਼

ਮਾਲਵਾ ਰਿਸਰਚ ਸੈਂਟਰ ਵੱਲੋਂ ਸਰਦਾਰ ਪਟੇਲ ਗਰੀਨ ਵੁੱਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੂਰੀ ਵਿਖੇ ਲਿਟਰੇਚਰ ਫੈਸਟੀਵਲ ਦਾ ਆਗਾਜ਼ ਹੋਇਆ। ਇਸ ਲਿਟਰੇਚਰ ਫੈਸਟੀਵਲ ਦੀ ਪ੍ਰਧਾਨਗੀ ਸਾਹਿਤ ਰਤਨ ਡਾ. ਤੇਜਵੰਤ ਸਿੰਘ ਮਾਨ, ਕੇਂਦਰੀ ਸਾਹਿਤ ਸਭਾ ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ, ਮਾਲਵਾ ਰਿਸਰਚ ਸੈਂਟਰ ਦੇ ਪ੍ਰਧਾਨ ਡਾ. ਭਗਵੰਤ ਸਿੰਘ ਨੇ ਕੀਤੀ। ਸਮਾਗਮ ਦੇ ਸ਼ੁਰੂਆਤ ਵਿੱਚ ਹੀ ਅਮਰ ਗਰਗ ਕਲਮਦਾਨ ਨੇ ਆਪਣੀ ਪੁਸਤਕ "ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ" ਵਿੱਚੋਂ ਪਰਚਾ ਪੜ੍ਹਿਆ, ਜਿਸਦਾ ਸਿਰਲੇਖ ਸੀ : ਜੜ੍ਹ ਸੱਭਿਅਤਾ ਅਤੇ ਸੱਭਿਆਚਾਰ ਮਨੁੱਖੀ ਸ਼ਾਂਤੀ ਅਤੇ ਸਰਵਗੁਣ ਉੱਨਤੀ ਲਈ ਧਰਾਤਲ ਹਨ। ਇਸ ਪਰਚੇ ਦਾ ਕੇਂਦਰੀ ਬਿੰਦੂ ਸੀ, ਜੇਕਰ ਸਾਰੇ ਗਲੋਬ ਨੂੰ ਭਾਰਤ – ਪਾਕਿ ਵੰਡ ਰੇਖਾ ਨਾ.ਲ ਵੰਡ ਦਿੱਤਾ ਜਾਵੇ ਤਾਂ ਸਾਡੇ ਸਾਹਮਣੇ ਦੋ ਸੰਸਾਰ ਨਜ਼ਰ ਆਉਂਦੇ ਹਨ, ਇੱਕ ਪੂਰਬੀ ਅਤੇ ਦੂਜਾ ਪੱਛਮੀ। ਜੇਕਰ ਪਿਛਲੇ 125 ਸਾਲ ਦੇ ਇਤਿਹਾਸ ਵਿੱਚ ਯੁੱਧਾਂ ਅਤੇ ਅੱਤਵਾਦੀ ਕਾਰਿਆਂ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ ਤੇ ਨਜ਼ਰ ਮਾਰੀ ਜਾਵੇ ਤਾਂ ਪੱਛਮੀ ਸੰਸਾਰ ਵਿੱਚ ਲਗਭਗ 20 ਕਰੋੜ ਲੋਕ ਮਾਰੇ ਗਏ ਹਨ ਅਤੇ ਪੂਰਬੀ ਸੰਸਾਰ ਵਿੱਚ ਲਗਭਗ 20 ਲੱਖ। ਇਸ 20 ਲੱਖ ਵਿੱਚ ਵੀ ਅੱਧਾ ਆਂਕੜਾ ਉਹ ਹੈ, ਜਿਹੜਾ ਪੱਛਮੀ ਸੰਸਾਰ ਦੁਆਰਾ ਪੂਰਬੀ ਸੰਸਾਰ ਵਿੱਚ ਘਟਿਤ ਕੀਤਾ ਗਿਆ ਹੈ। ਦੂਜਾ ਬਿੰਦੂ ਦੁਨੀਆਂ ਭਰ ਦੀਆਂ 100% ਅੱਤਵਾਦੀ ਜੱਥੇਬੰਦੀਆਂ ਪੱਛਮੀ ਸੰਸਾਰ ਵਿੱਚ ਹੀ ਕਿਉਂ ਪੈਦਾ ਹੁੰਦੀਆਂ ਹਨ? ਤੀਜਾ ਬਿੰਦੂ ਹੈ ਦੇਸ਼ਾਂ ਵਿਚਲੀਆਂ ਘਰੇਲੂ ਜੰਗਾਂ, ਲੋਕਾਂ ਦੀ ਹਿਜ਼ਰਤ, ਖ਼ੂਨੀ ਰਾਜ ਪਲਟੇ, ਪੱਛਮੀ ਸੰਸਾਰ ਵਿੱਚ ਹੀ ਕਿਉਂ ਹੁੰਦੇ ਹਨ? ਚੌਥਾ ਬਿੰਦੂ ਹੈ, ਦੇਸ਼ਾਂ ਵਿਚਲੀਆਂ ਲੰਬੀਆਂ ਜੰਗਾਂ ਕੇਵਲ ਪੱਛਮੀ ਸੰਸਾਰ ਵਿੱਚ ਹੀ ਕਿਉਂ ਵਾਪਰਦੀਆਂ ਹਨ? ਪਰਚੇ ਵਿਚਲੀ ਖੋਜ਼ ਮੁਤਾਬਿਕ ਇਨ੍ਹਾਂ ਅਲਾਮਤਾਂ ਦਾ ਮੁੱਖ ਕਾਰਨ ਪੱਛਮੀ ਸੰਸਾਰ ਇੱਕ ਈਸ਼ਵਰਵਾਦ ਦੀ ਨਿਰਪੇਖ ਸੋਚ ਨਾ.ਲ ਵੱਝਿਆ ਹੈ। ਜਦੋਂ ਕਿ ਪੂਰਬੀ ਸੰਸਾਰ ਕੁਦਰਤ ਅਤੇ ਇਸ ਦੇ ਤੱਤਾਂ ਦੀ ਮਾਨਤਾ ਅਤੇ ਪੂਜਾ ਪੱਦਤੀ ਨਾ.ਲ ਜੁੜਿਆ ਹੈ। ਇੱਕ ਈਸ਼ਵਰਵਾਦੀ ਸੋਚ ਆਪਣਾ ਪਹਿਲਾ ਹਮਲਾ ਲੋਕਾਂ ਦੀ ਜੜ ਸੱਭਿਅਤਾ ਅਤੇ ਜੀਵੰਤ ਸੱਭਿਆਚਾਰਾਂ ਉੱਪਰ ਕਰਦੀ ਹੈ। ਪੱਛਮੀ ਸੰਸਾਰ ਦਾ ਆਪਣੀਆਂ ਜੜ ਸੱਭਿਅਤਾਵਾਂ ਅਤੇ ਸੱਭਿਆਚਾਰਾਂ ਤੋਂ ਟੁੱਟਣਾ ਹੀ ਇਨ੍ਹਾਂ ਅਲਾਮਤਾਂ ਨੂੰ ਜਨਮ ਦੇ ਰਿਹਾ ਹੈ, ਜਦੋਂ ਕਿ ਪੂਰਬੀ ਜਗਤ ਆਪਣੀਆਂ ਜੜ ਸੱਭਿਅਤਾਵਾਂ ਅਤੇ ਸੱਭਿਆਚਾਰਾਂ ਨਾ.ਲ ਪੂਰੀ ਤਰਾਂ ਜੁੜਿਆ ਹੋਇਆ ਹੈ। ਪਰਚੇ ਰਾਹੀਂ ਮੱਧਕਾਲ ਵਿੱਚ ਯੂਰੋਪ ਵਿੱਚ ਆਏ "ਪੁਨਰਜਾਗਰਣ" ਕਾਰਨ ਯੂਰੋਪ ਦੀ ਸਰਵ ਗੁਣ ਤਰੱਕੀ ਬਾਰੇ ਵਿਸਥਾਰ ਨਾ.ਲ ਚਾਨਣਾ ਪਾਇਆ ਗਿਆ।



ਪਰਚੇ ਉੱਪਰ ਗੰਭੀਰ ਚਰਚਾ ਦਾ ਆਰੰਭ ਸਾਹਿਤਕਾਰ ਨਿਹਾਲ ਸਿੰਘ ਨੇ ਕੀਤਾ। ਡਾ. ਭਗਵੰਤ ਸਿੰਘ ਨੇ ਜੋਰ ਦੇਕੇ ਕਿਹਾ, ਅੱਜ ਪੰਜਾਬ ਵਿੱਚ ਪੈਦਾ ਹੋਈਆਂ ਅਲਾਮਤਾਂ ਨੂੰ ਜੜ ਤੋਂ ਖ਼ਤਮ ਕਰਨ ਲਈ ਅਜਿਹੀਆਂ ਗੋਸ਼ਠੀਆਂ ਆਪਣੀ ਸਾਰਥਕ ਭੂਮਿਕਾ ਨਿਭਾ ਸਕਦੀਆਂ ਹਨ। ਪਵਨ ਹਰਚੰਦਪੁਰੀ ਨੇ ਪਰਚੇ ਦੇ ਕੇਂਦਰੀ ਬਿੰਦੂ ਨੂੰ ਸਹੀ ਠਹਿਰਾਉਂਦੇ ਹੋਏ, ਇਸ ਗੋਸ਼ਠੀ ਨੂੰ ਅਤੀ ਸਾਰਥਕ ਦੱਸਿਆ। ਡਾ. ਤੇਜਵੰਤ ਮਾਨ ਨੇ ਕਿਹਾ ਜੇਕਰ ਧਰਮ ਸਾਂਪੇਖਿਕ ਕਦਰਾਂ ਕੀਮਤਾਂ ਨਾ.ਲ ਜੁੜਿਆ ਹੋਵੇਗਾ ਤਾਂ ਉਹ ਲੋਕਾਂ ਦੇ ਹਿੱਤ ਵਿੱਚ ਹੋਵੇਗਾ। ਸਾਬਕਾ ਫੌਜੀ ਅਨੋਖ ਸਿੰਘ ਵਿਰਕ ਨੇ ਦੱਸਿਆ ਕਿ ਉਹ ਅਸਟ੍ਰੇਲੀਆ ਵਿੱਚ ਬਹੁਤ ਸਾਰੇ ਅਜਿਹੇ ਅੰਗ੍ਰੇਜਾਂ ਨੂੰ ਮਿਲਿਆ ਹੈ, ਜਿਹੜੇ ਆਪਣੇ ਆਪ ਨੂੰ ਨਾਸਤਿਕ ਦੱਸਦੇ ਹਨ, ਪਰ ਉਨ੍ਹਾਂ ਵਿੱਚ ਨੈਤਿਕਤਾ ਸਾਥੋਂ ਉੱਪਰ ਨਜ਼ਰ ਆਈ। ਗੋਸ਼ਠੀ ਵਿੱਚ ਰਣਜੀਤ ਅਜਾਦ ਕਾਂਝਲਾ, ਸੁਰਿੰਦਰ ਨਾਗਰਾ, ਗੁਲਜਾਰ ਸਿੰਘ ਸ਼ੌਂਕੀ, ਸੰਤ ਸਿੰਘ, ਰਾਕੇਸ਼ ਸ਼ਰਮਾ, ਐਡਵੋਕੇਟ ਜਗਦੀਪ ਸਿੰਘ ਗੰਧਾਰਾ, ਅਮਰਜੀਤ ਸਿੰਘ, ਜੋਰਾ ਸਿੰਘ ਮੰਡੇਰ ਅਤੇ ਮਾਸਟਰ ਪ੍ਰੇਮ ਚੰਦ ਨੇ ਭਾਗ ਲਿਆ। ਡਾ. ਭਗਵੰਤ ਸਿੰਘ ਨੇ ਦੱਸਿਆ, ਲਿਟਰੇਚਰ ਫੈਸਟੀਵਲ ਦਾ ਆਯੋਜਨ ਹਰੇਕ ਸਾਲ ਫਰਵਰੀ ਮਹੀਨੇ ਵਿੱਚ ਇਸੇ ਵਿੱਦਿਅਕ ਅਦਾਰੇ ਵਿੱਚ ਕੀਤਾ ਜਾਇਆ ਕਰੇਗਾ। ਮੰਚ ਸੰਚਾਲਨ ਦੀ ਭੂਮਿਕਾ ਗੁਰਨਾਮ ਸਿੰਘ ਕਾਨੂੰਗੋ ਨੇ ਬਾ-ਖ਼ੂਬੀ ਨਿਭਾਈ।

**ਅਮਰ ਗਰਗ ਕਲਮਦਾਨ 91-98143-41746**

## ਕਾਵਿ ਵਿਅੰਗ

## ਅਸਤੀਫ਼ਾ ਬਨਾਮ ਜੁਰ੍ਹਤ !

ਕਰ'ਤੀ ਦੇਰ ਅਸਤੀਫੇ ਤੱਕ ਪਹੁੰਚਦੇ ਨੇ
ਸਮਾਂ ਲਿਆ ਗੁਲਾਮੀ ਵਿਚ ਗਾ.ਲ ਮੀਆਂ।

ਆਖਾ ਮੰਨਿਆਂ 'ਤਖਤ' ਅਣਡਿੱਠ ਕਰਕੇ
ਕਹਿੰਦਾ ਰਿਹਾ ਜੋ 'ਗੁਰੂ-ਘੰਟਾ.ਲ' ਮੀਆਂ।

ਚੋਣ ਲੜਨੀ ਸੀ ਕਾਹਤੋਂ 'ਪ੍ਰਧਾਨਗੀ' ਦੀ
ਜੇ ਕਰ ਮਾਰਨੀ ਏਦਾਂ ਸੀ 'ਛਾ.ਲ' ਮੀਆਂ।

ਰਿਹਾ 'ਬਾਦਲੀ-ਪ੍ਰੇਮ' ਨਾ ਹੀ ਪੰਥ ਪੱਲੇ
ਲੈਣਾ 'ਮਾਲਕਾਂ' ਹੋਰ ਕੋਈ ਭਾ.ਲ ਮੀਆਂ।

ਥਾਂਹ ਅਸਤੀਫੇ ਦੀ ਜੁਰ੍ਹਤ ਨੂੰ ਵਰਤ ਲੈਂਦਾ
ਦਿੰਦਾ ਉਤਲਿਆਂ ਹੁਕਮਾਂ ਨੂੰ ਟਾ.ਲ ਮੀਆਂ।

'ਤਾਲੋਂ ਖੁੰਝੀ' ਕੋਈ ਡੂੰਮਣੀ 'ਰਾਗ' ਗਾਵੇ
ਉਸਨੂੰ ਕਹਿੰਦੇ ਨੇ 'ਆ.ਲ-ਪਤਾ.ਲ' ਮੀਆਂ!

**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**



# ਅਮਰੀਕਾ ਨਿਵਾਸੀ ਭਾਰਤੀ ਮੂਲ ਦੇ ਸਰਦਾਰ ਬਲਬੀਰ ਸਿੰਘ ਪਾਂਗਲੀਆ ਬ੍ਰਿਟਿਸ਼ ਰਵੀਦਾਸੀਆ ਹੈਰੀਟੇਜ ਫਾਉਂਡੇਸ਼ਨ ਵਾਸ਼ਿੰਗਟਨ ਸੂਬੇ ਦੇ ਮੁਖੀ ਥਾਪੇ ਗਏ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਅਮਰੀਕਾ ਦੇ ਸਿਆਟਲ ਨਿਵਾਸੀ ਭਾਰਤੀ ਮੂਲ ਦੇ ਉੱਘੇ ਉਧਮੀ ਸਰਦਾਰ ਬਲਬੀਰ ਸਿੰਘ ਪਾਂਗਲੀਆ ਬ੍ਰਿਟਿਸ਼ ਰਵੀਦਾਸੀਆ ਹੈਰੀਟੇਜ ਫਾਉਂਡੇਸ਼ਨ ਵਾਸ਼ਿੰਗਟਨ ਸੂਬੇ ਦੇ ਮੁਖੀ ਥਾਪੇ ਗਏ। ਬ੍ਰਿਟੇਨ ਅਧਾਰਤ ਸਮਾਜ ਸੇਵੀ ਜੱਥੇਬੰਦੀ ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਯੂ.ਕੇ. (ਬੀ.ਆਰ.ਐਚ.ਐਫ.) ਦੀ ਇਕ ਮੀਟਿੰਗ ਫਾਉਂਡੇਸ਼ਨ ਦੇ ਆਲ ਇੰਡੀਆ ਪ੍ਰਧਾਨ ਰਾਜੇਸ਼ ਬਾਘਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਫਾਉਂਡੇਸ਼ਨ ਦੇ ਸਰਪ੍ਰਸਤ ਸੰਤ ਸਤਨਾਮ ਸਿੰਘ ਨਰੂੜ ਵਿਸ਼ੇਸ਼ ਤੌਰ ਤੇ ਮੌਜੂਦ ਰਹੇ ਇਸ ਮੌਕੇ ਉਨਾਂ ਨਾਲ ਵਰਿੰਦਰ ਸ਼ਰਮਾ ਫਾਉਂਡੇਸ਼ਨ ਦੇ ਕੈਸ਼ੀਅਰ ਅਤੇ ਸੁਸ਼ੀਲ ਸ਼ਰਮਾ, ਅਸ਼ੋਕ ਸਰੀਨ, ਰਾਜੇਸ਼ ਕਪੂਰ, ਰਕੇਸ਼ ਗੋਇਲ, ਭਾਰਤ ਭੂਸ਼ਣ, ਮਹਿੰਦਰ ਭਗਤ, ਸਰਦਾਰ ਹਰਮੀਤ ਸਿੰਘ, ਬਲਵਿੰਦਰ ਸਿੰਘ ਸੱਗੂ ਵੀ ਮੌਜੂਦ ਸਨ। ਮੀਟਿੰਗ ਦੌਰਾਨ ਅੱਜ ਅਮਰੀਕਾ ਦੇ ਸਿਆਟਲ ਨਿਵਾਸੀ ਭਾਰਤੀ ਮੂਲ ਦੇ ਉੱਘੇ ਉੱਦਮੀ ਸਰਦਾਰ ਬਲਬੀਰ ਸਿੰਘ ਪਾਂਗਲੀਆ ਬ੍ਰਿਟਿਸ਼ ਰਵੀਦਾਸੀਆ ਹੈਰੀਟੇਜ ਫਾਉਂਡੇਸ਼ਨ ਵਾਸ਼ਿੰਗਟਨ ਸੂਬੇ ਦੇ ਮੁਖੀ ਐਲਾਨਿਆ ਗਿਆ। ਇਸ ਸਬੰਧੀ ਨਿਯੁਕਤੀ ਪੱਤਰ ਦਿੰਦੇ ਹੋਏ ਸੰਤ ਸਤਨਾਮ ਸਿੰਘ ਨੇ ਦੱਸਿਆ ਕਿ ਫਾਉਂਡੇਸ਼ਨ ਦਾ ਮੁੱਖ ਉਦੇਸ਼ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਜੀਵਨ ਫਲਸਫੇ ਬਾਰੇ ਸਮੁੱਚੀ ਦੁਨੀਆ ਦੀ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣਾ ਹੈ ਤਾਂ ਜੋ ਦੁਨੀਆ ਪੱਧਰ ਤੇ ਆਪਸੀ ਭਾਈਚਾਰਕ ਸਾਂਝ ਮਜਬੂਤ ਕੀਤੀ ਜਾ ਸਕੇ। ਇਸ ਮੀਟਿੰਗ ਫਾਉਂਡੇਸ਼ਨ ਦੇ ਆਲ ਇੰਡੀਆ ਪ੍ਰਧਾਨ ਰਾਜੇਸ਼ ਬਾਘਾ ਨੇ ਦੱਸਿਆ ਕਿ ਅਗਲੇ ਸਾਲ 2026 ਵਿਚ ਗੁਰੂ ਮਹਾਰਾਜ ਦਾ 650ਵਾਂ ਪ੍ਰਕਾਸ਼ ਦਿਹਾੜਾ ਵਿਸ਼ਵ ਪੱਧਰ ਤੇ ਬੜੀ ਹੀ ਧੂੰਮਧਾਨ ਨਾਲ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨਵ ਨਿਯੁਕਤ ਪ੍ਰਧਾਨ ਨੂੰ ਹਦਾਇਤ ਕੀਤੀ ਕਿ ਅਮਰੀਕਾ ਵਿਚ ਗੁਰੂ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦੀਆਂ ਤਿਆਰੀਆਂ ਵੱਡੀ ਪੱਧਰ ਤੇ ਆਰੰਭੀਆਂ ਜਾਣ। ਵਧੇਰੇ ਜਾਣਕਾਰੀ ਦਿੰਦਿਆਂ ਫਾਉਂਡੇਸ਼ਨ ਦੇ ਆਲ ਇੰਡੀਆ ਪ੍ਰਧਾਨ ਰਾਜੇਸ਼ ਬਾਘਾ ਨੇ ਦੱਸਿਆ ਕਿ ਨਵੇਂ ਐਲਾਨੇ ਗਏ ਪ੍ਰਧਾਨ ਅਮਰੀਕਾ ਦੇਸ਼ ਵਿਚ ਫਾਉਂਡੇਸ਼ਨ ਦੇ ਯੂਨਿਟ ਗਠਨ ਕਰਕੇ ਤਿਆਰੀਆਂ ਜੰਗੀ ਪੱਧਰ ਤੇ ਸ਼ੁਰੂ ਕਰਨਗੇ। ਜਲਦੀ ਹੀ ਭਾਰਤ ਵਿਚ ਫਾਉਂਡੇਸ਼ਨ ਦੀ ਅੰਤਰ-ਰਾਸ਼ਟਰੀ ਕਾਨਫੰਸ ਕੀਤੀ ਜਾਵੇਗੀ ਅਤੇ ਇੰਗਲੈਂਡ ਵਿਚ ਇਕ ਵੱਡਾ ਸਮਾਗਮ ਕੀਤਾ ਜਾਵੇਗਾ। ਸੰਤ ਸਤਨਾਮ ਸਿੰਘ ਜੀ ਨੇ ਨਵ ਨਿਯੁਕਤ ਅਮਰੀਕਾ ਦੇ ਸਿਆਟਲ ਨਿਵਾਸੀ ਭਾਰਤੀ ਮੂਲ ਦੇ ਉੱਘੇ ਉਧਮੀ ਸਰਦਾਰ ਬਲਬੀਰ ਸਿੰਘ ਪਾਂਗਲੀਆ ਬ੍ਰਿਟਿਸ਼ ਰਵੀਦਾਸੀਆ ਹੈਰੀਟੇਜ ਫਾਉਂਡੇਸ਼ਨ ਵਾਸ਼ਿੰਗਟਨ ਸੂਬੇ ਦੇ ਪ੍ਰਧਾਨ ਨੂੰ ਅਸ਼ੀਰਵਾਦ ਦਿੱਤਾ ਅਤੇ ਵਿਦੇਸ਼ਾਂ ਵਿਚ ਫਾਉਂਡੇਸ਼ਨ ਦੇ ਮਿਸ਼ਨ ਨੂੰ ਫੈਲਾਉਣ 'ਚ ਸੰਭਵ ਸਹਿਯੋਗ ਦੀ ਅਪੀਲ ਕੀਤੀ। ਸਰਦਾਰ ਬਲਬੀਰ ਸਿੰਘ ਪਾਂਗਲੀਆ ਜੀ ਬ੍ਰਿਟਿਸ਼ ਰਵੀਦਾਸੀਆ ਫਾਉਂਡੇਸ਼ਨ ਹੈਰੀਟੇਜ ਵਾਸ਼ਿੰਗਟਨ ਦੇ ਪ੍ਰਧਾਨ ਨੇ ਕਿਹਾ ਕਿ ਬ੍ਰਿਟਿਸ਼ ਰਵੀਦਾਸੀਆ ਹੈਰੀਟੇਜ ਫਾਉਂਡੇਸ਼ਨ ਦੀ ਇਹ ਜਿੰਮੇਵਾਰੀ ਜੋ ਉਹਨਾਂ ਨੂੰ ਮਿਲੀ ਹੈ ਇਹ ਪੂਰੀ ਤਨਦੇਹੀ ਨਾ ਨਿਭਾਉਣਗੇ।



# ਪੰਜਾਬ ਦੀ ਬਰਬਾਦੀ ਲਈ ਸਰਕਾਰੀ ਗਲਤ ਨੀਤੀਆਂ ਜ਼ਿੰਮੇਵਾਰ: ਅਰਵਿੰਦ ਖੰਨਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਵਿਦੇਸ਼ਾਂ ਵਿੱਚੋਂ ਪਰਤੇ ਨੌਜਵਾਨਾਂ ਕਰਕੇ ਪੰਜਾਬ ਦੀ ਦਿੱਖ ਖ਼ਰਾਬ ਨਹੀਂ ਹੋਈ ਹੈ ਬਲਕਿ ਪੰਜਾਬ ਦੀਆਂ ਗਲਤ ਸਰਕਾਰੀ ਨੀਤੀਆਂ ਕਾਰਨ ਖ਼ਰਾਬ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ੇ ਦੀ ਸ਼ਰੇਆਮ ਖੁੱਲ੍ਹੀ ਵਿੱਕਰੀ ਅਤੇ ਚਿੱਟੇ ਦੀ ਵਰਡੋਜ਼ ਨਾਲ ਹੋ ਰਹੀ ਜਵਾਨ ਮੌਤਾਂ, ਬੇਰੋਜ਼ਗਾਰ ਨੌਕਰੀਆਂ ਲਈ ਭਟਕ ਰਹੇ ਹਨ, ਸੂਬੇ ਭਰ ਵਿਚ ਧਰਨੇ-ਪ੍ਰਦਰਸ਼ਨ, ਅਪਰਾਧ ਅਤੇ ਗੈਂਗਸਟਰ ਸੱਭਿਆਚਾਰ ਆਪਣੀ ਚਰਮ ਸੀਮਾ ਤੇ ਹੈ, ਜਿਸ ਕਾਰਨ ਸੂਬੇ ਦੇ ਬਿਗੜੇ ਹਾਲਾਤਾਂ ਬਾਰੇ ਪੰਜਾਬ ਦੀ ਦਿੱਖ ਦੇਸ਼ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਖ਼ਰਾਬ ਹੋਈ ਹੈ।



ਉਹ ਅੱਜ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਬਿਆਨ ਤੇ ਟਿੱਪਣੀ ਕਰਦਿਆਂ ਸ੍ਰੀ ਖੰਨਾ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਨੌਟੰਕੀਆਂ ਕਰਨ ਦਾ ਕੋਈ ਫਾਇਦਾ ਨਹੀਂ ਬਲਕਿ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ ਦੀ ਜ਼ਰੂਰਤ ਹੈ।

ਉਨ੍ਹਾਂ ਕਿਹਾ ਕਿ ਜਿਹੜੀ ਸਰਕਾਰ ਘਰ ਘਰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਦਾਅਵੇ ਕਰਦੀ ਸੀ ਉਸ ਨੇ ਪੰਜਾਬ ਵਿੱਚ ਹਰ ਕਿਸਮ ਦੀ ਭਰਤੀ ਤੇ ਰੋਕ ਲਗਾ ਕੇ ਆਪਣੇ ਦਾਅਵੇ ਦੀ ਹੀ ਫੂਕ ਕੱਢ ਦਿੱਤੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ ਪੰਜਾਬ ਵਿੱਚੋਂ ਲਗਾਤਾਰ ਬਾਹਰਲੇ ਸੂਬਿਆਂ ਵੱਲ ਜਾ ਰਹੀ ਇੰਡਸਟਰੀ ਨੂੰ ਰੋਕਣ ਲਈ ਉਨ੍ਹਾਂ ਨੇ ਕੀ ਯਤਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨ ਨੌਕਰੀ ਨੂੰ ਤਰਸ ਰਹੇ ਹਨ ਪਰ ਸਰਕਾਰ ਨੇ ਤੁਗਲਕੀ ਫਰਮਾਨ ਜਾਰੀ ਕਰਕੇ ਭਰਤੀ ਤੇ ਪਾਬੰਦੀ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮਾਨ ਸਾਹਿਬ ਦਾਅਵਾ ਕਰਦੇ ਸਨ ਕਿ ਉਨ੍ਹਾਂ ਦੀ ਸਰਕਾਰ ਅਜਿਹੀਆਂ ਨੀਤੀਆਂ ਬਣਾਏਗੀ ਕਿ ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਵਾਪਸ ਪੰਜਾਬ ਆ ਕੇ ਰੋਜ਼ਗਾਰ ਹਾਸਿਲ ਕਰਨਗੇ। ਪਰ ਅਸਲ ਹਾਲਾਤ ਲੋਕਾਂ ਦੇ ਸਾਹਮਣੇ ਹਨ। ਉਨ੍ਹਾਂ ਕਿਹਾ ਕਿ ਮਾਨ ਸਾਹਿਬ ਨੂੰ ਜੇਕਰ ਵਿਦੇਸ਼ੋਂ ਪਰਤੇ ਨੌਜਵਾਨਾਂ ਨਾਲ ਸੱਚਮੁੱਚ ਹਮਦਰਦੀ ਹੈ ਤਾਂ ਉਹ ਇੰਨ੍ਹਾਂ ਲਈ ਘੱਟੋ ਘੱਟ ਪ੍ਰਾਈਵੇਟ ਖੇਤਰ ਵਿੱਚ ਹੀ ਰੋਜ਼ਗਾਰ ਦੇ ਸਾਧਨ ਮੁਹੱਈਆ ਕਰਵਾਉਣ, ਤਾਂ ਜੋ ਉਨਾਂ ਸਿਰ ਚੜੇ ਕਰਜੇ ਨੂੰ ਉਤਾਰਨ ਦਾ ਕੋਈ ਠੋਸ ਯਤਨ ਹੋ ਸਕੇ। ਉਨ੍ਹਾਂ ਕਿਹਾ ਕਿ ਸਿਰਫ਼ ਮਗਰਮੱਛੀ ਹੰਝੂ ਵਹਾਉਣ ਦਾ ਡਰਾਮਾ ਕਰਕੇ ਪੰਜਾਬ ਦਾ ਭਲਾ ਨਹੀਂ ਹੋ ਸਕਦਾ ਬਲਕਿ ਇਸ ਲਈ ਗੰਭੀਰਤਾ ਨਾਲ ਫ਼ੈਸਲੇ ਲੈਣੇ ਪੈਣਗੇ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਲੋਕ ਇਸ ਸਰਕਾਰ ਨੂੰ ਸਬਕ ਸਿਖਾਉਣ ਲਈ ਤਿਆਰ ਹਨ।

# ਅਰਪਨ ਸੰਸਥਾ ਵੱਲੋਂ ਰਾਸ਼ਟਰੀ ਗਣਿਤ ਦਿਵਸ ਸੰਬੰਧੀ ਪ੍ਰੋਗਰਾਮ ਕਰਵਾਇਆ ਗਿਆ

ਅਰਪਨ ਸੰਸਥਾ ਵੱਲੋਂ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਚੰਡੀਗੜ੍ਹ, ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨਾਲੋਜੀ ਭਾਰਤ ਸਰਕਾਰ ਦੀ ਸਹਾਇਤਾ ਨਾਲ ਨੰਗਲ ਵਿੱਚ ਰਾਸ਼ਟਰੀ ਗਣਿਤ ਦਿਵਸ ਸਬੰਧੀ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਰੋਟਰੀ ਕਲੱਬ ਦੇ ਸਾਬਕਾ ਅਸਿਸਟੈਂਟ ਗਵਰਨਰ ਇੰਜਨੀਅਰ ਪਰਮਿੰਦਰ ਪਾਲ ਸੰਧੂ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਗਣਿਤ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਨੇ ਗਣਿਤ ਨੂੰ ਪੜ੍ਹਣ, ਸਿੱਖਣ ਅਤੇ ਅਤੇ ਸਮਝਣ ਲਈ ਸੋਖੇ ਤਰੀਕੇ ਸਮਝਾਏ। ਉਨ੍ਹਾਂ ਨੇ ਪੜ੍ਹਾਈ ਨੂੰ ਦਿਲਚਸਪ ਬਣਾਉਣ ਸਬੰਧੀ ਵੱਖ ਵੱਖ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸ੍ਰੀਨਿਵਾਸ ਰਾਮਾਨੁਜਨ ਵਰਗੇ ਕਈ ਮਹਾਨ ਗਣਿਤ ਵਿਗਿਆਨੀ ਭਾਰਤ ਦੀ ਧਰਤੀ ਤੇ ਹੀ ਪੈਦਾ ਹੋਏ ਹਨ ਜਿਨ੍ਹਾਂ ਨੇ ਗਣਿਤ ਦੇ ਕਈ ਫਾਰਮੂਲਿਆਂ ਅਤੇ ਸਿਧਾਂਤਾਂ ਨੂੰ ਵਿਕਸਤ ਕਰਨ ਅਤੇ ਉਹਨਾਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਤੀਸ਼ ਕੁਮਾਰ ਮੱਲੀ ਨੇ ਦੱਸਿਆ ਕਿ ਭਾਰਤ ਅਤੇ ਗਣਿਤ ਦਾ ਰਿਸ਼ਤਾ ਪ੍ਰਾਚੀਨ ਕਾਲ ਤੋਂ ਹੀ ਬਹੁਤ ਅਟੁੱਟ ਰਿਹਾ ਹੈ ਕਿਉਂਕਿ ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਨੇ ਪੂਰੀ ਦੁਨੀਆ ਨੂੰ ਗਣਿਤ ਦੀਆਂ ਸਭ ਤੋਂ ਮਹੱਤਵਪੂਰਨ ਸੰਖਿਆਵਾਂ ਜਿਵੇਂ ਜ਼ੀਰੋ, ਨੈਗੇਟਿਵ ਨੰਬਰ, ਡੈਸੀਮਲ ਸਿਸਟਮ, ਅਲਜਬਰਾ ਆਦਿ ਬਾਰੇ ਜਾਣੂ ਕਰਵਾਇਆ ਸੀ। ਅਰਪਨ ਸੋਸਾਇਟੀ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਅਰਪਨ ਸੰਸਥਾ ਵੱਲੋਂ ਮਹਿਲਾਵਾਂ ਅਤੇ ਬੱਚਿਆਂ ਦੇ ਵਿਕਾਸ ਲਈ ਚਲਾਏ ਜਾ ਰਹੇ ਪ੍ਰੋਗਰਾਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਰਾਸ਼ਟਰੀ ਗਣਿਤ ਦਿਵਸ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਗਣਿਤ ਵਿਗਿਆਨੀ ਸ੍ਰੀਨਿਵਾਸ ਰਾਮਾਨੁਜਨ ਦੇ ਸੰਘਰਸ਼ਮਈ ਜੀਵਨ ਅਤੇ ਗਣਿਤ ਸਬੰਧੀ ਕੀਤੀਆਂ ਪ੍ਰਾਪਤੀਆਂ ਅਤੇ ਖੋਜਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਮਹਾਨ ਗਣਿਤ-ਸ਼ਾਸਤਰੀ ਨੂੰ ਸ਼ਰਧਾਂਜਲੀ ਵਜੋਂ ਨੈਸ਼ਨਲ ਕੌਂਸਲ ਆਫ਼ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ, ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ ਨੇ 2012 ਤੋਂ ਹਰ ਸਾਲ ਗਣਿਤ ਵਿਗਿਆਨੀ ਸ੍ਰੀਨਿਵਾਸ ਰਾਮਾਨੁਜਨ ਦੇ ਜਨਮ ਦਿਵਸ ਨੂੰ ਮਨਾਉਣ ਦਾ ਫੈਸਲਾ ਕੀਤਾ ਹੈ ਅਤੇ ਹਰ ਸਾਲ 22 ਦਸੰਬਰ ਨੂੰ ਰਾਸ਼ਟਰੀ ਗਣਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸੈਂਟਰ ਇੰਚਾਰਜ਼ ਮੈਡਮ ਮਧੂ ਮਾਲਾ ਨੇ ਜੀਵਨ ਦੇ ਹਰ ਖੇਤਰ ਵਿਚ ਗਣਿਤ ਦੀ ਭੂਮਿਕਾ ਬਾਰੇ ਵਿਸਥਾਰ ਵਿੱਚ ਦੱਸਿਆ। ਉਹਨਾਂ ਨੇ ਦੱਸਿਆ ਕਿ ਭਾਰਤ ਨੇ ਵਿਸ਼ਵ ਭਰ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਦੱਸਿਆ ਕਿ ਗਣਿਤ ਵਿਗਿਆਨੀ ਸ੍ਰੀਨਿਵਾਸ ਰਾਮਾਨੁਜਨ ਨੇ 16 ਸਾਲ ਦੀ ਉਮਰ ਵਿੱਚ ਦੁਨੀਆ ਦੇ ਮਹਾਨ ਗਣਿਤ ਵਿਗਿਆਨੀਆਂ ਵਿੱਚੋਂ ਇੱਕ ਜੀ.ਐਸ. ਸੀ.ਆਰ.ਆਰ. ਦੁਆਰਾ ਲਿਖੀ ਕਿਤਾਬ "ਏ ਸਿਨੋਪਿਸ ਆਫ਼ ਐਲੀਮੈਂਟਰੀ ਰਿਜ਼ਲਟਸ ਇਨ ਪਿਊਰ ਐਂਡ ਅਪਲਾਈਡ ਮੈਥਮੈਟਿਕਸ" ਵਿੱਚ ਲਿਖੇ 5000 ਤੋਂ ਵੱਧ ਸਿਧਾਂਤਾਂ ਨੂੰ ਸਾਬਤ ਕਰਕੇ ਆਪਣੀ ਪ੍ਰਮਾਣਿਕਤਾ ਨੂੰ ਸਾਬਤ ਕੀਤਾ। ਰਾਸ਼ਟਰੀ ਗਣਿਤ ਦਿਵਸ ਦੀ ਥੀਮ ਤੋਂ ਗਣਿਤ ਵਿੱਚ ਨਵੀਨਤਾ ਅਤੇ ਖੋਜ ਨੂੰ ਉਜਾਗਰ ਕਰਨ ਦੀ ਉਮੀਦ ਹੈ ਜੋ ਕਿ ਸਮੱਸਿਆ-ਹੱਲ ਕਰਨ ਲਈ ਰਾਮਾਨੁਜਨ ਦੀ ਪਹੁੰਚ ਨੂੰ ਦਰਸਾਉਂਦੀ ਹੈ। ਇਹ ਥੀਮ "ਗਣਿਤ: ਨਵੀਨਤਾ ਅਤੇ ਤਰੱਕੀ ਦਾ ਪੁਲ" ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਕਿਵੇਂ ਗਣਿਤ ਦੇ ਸਿਧਾਂਤ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਵਿੱਚ ਤਰੱਕੀ ਨੂੰ ਦਰਸਾਉਂਦੇ ਹਨ। ਇਹ ਦਿਨ ਨੌਜਵਾਨ ਦਿਮਾਗਾਂ ਨੂੰ ਪ੍ਰੇਰਿਤ ਕਰਨ, ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਉਤਸ਼ਾਹਿਤ ਕਰਨ ਅਤੇ ਗਣਿਤ ਦੀ ਸੁੰਦਰਤਾ ਦਾ ਜਸ਼ਨ ਮਨਾਉਣ ਦੇ ਮੌਕੇ ਵਜੋਂ ਕੰਮ ਕਰਦਾ ਹੈ। ਇਸ ਮੌਕੇ ਪੂਨਮ, ਅੰਜਲੀ, ਪੂਜਾ, ਸ਼ਵੇਤਾ, ਨੀਨਾ, ਅਨੁਰਾਧਾ, ਜਲਸਾ, ਪੂਨਮ ਕੁਮਾਰੀ ਆਦਿ ਨੇ ਸਿੱਖਿਆ ਅਤੇ ਗਣਿਤ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਸਬੰਧੀ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਰਮੇਸ਼ ਚੰਦਰ, ਰੀਮਾ, ਮਮਤਾ, ਨਿਹਾਰਿਕਾ, ਰਜਨੀ, ਮੋਨਿਕਾ, ਅੰਜਲੀ, ਚਿਤਰਾਕਸ਼ੀ, ਰੀਨਾ ਰਾਣੀ, ਰਿੰਕੂ, ਪੂਜਾ, ਕੰਚਨ, ਰੀਨਾ, ਰਾਧਾ, ਏਕਤਾ, ਰਮਾ, ਕੰਚਨ, ਸ਼ਵੇਤਾ ਆਦਿ ਹਾਜ਼ਰ ਸਨ। ਇਨ੍ਹਾਂ ਨੇ ਦੱਸਿਆ ਕਿ ਅੱਜ ਦੇ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਗਣਿਤ ਬਾਰੇ ਕਾਫੀ ਮਹੱਤਵਪੂਰਨ ਜਾਣਕਾਰੀ ਹਾਸਲ ਹੋਈ ਹੈ। **– ਕੁਲਦੀਪ ਚੰਦ, ਐਡਵੋਕੇਟ**




# ਸੈਂਟਰ ਆਫ ਐਕਸੀਲੈਂਸ ਲਈ ਵਾਲੀਬਾਲ ਟ੍ਰਾਇਲਾਂ ਵਿਚ 150 ਖਿਡਾਰੀਆਂ ਨੇ ਲਿਆ ਭਾਗ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–**ਸਾਲ 2025-26 ਦੌਰਾਨ ਪੀ।ਆਈ।ਐਸ ਵਿਚ ਸਥਾਪਿਤ 13 ਸੈਂਟਰ ਆਫ ਐਕਸੀਲੈਂਸ ਲਈ ਰੈਜ਼ੀਡੈਂਸ਼ੀਅਲ ਵਿੰਗਾਂ ਦੇ ਖਿਡਾਰੀਆਂ ਦੇ ਦਾਖ਼ਲੇ ਲਈ ਅੱਜ ਪਿੰਡ ਟੱਪਰੀਆਂ ਬਲਾਕ ਬਲਾਚੌਰ ਵਿਖੇ ਵਾਲੀਬਾਲ ਦੇ ਟ੍ਰਾਇਲ ਕਰਵਾਏ ਗਏ, ਜਿਸ ਵਿਚ ਲੱਗਭਗ 150 ਖਿਡਾਰੀਆਂ (ਲੜਕਿਆਂ) ਨੇ ਭਾਗ ਲਿਆ। ਇਨਾਂ ਟ੍ਰਾਇਲਾਂ ਨੂੰ ਕਰਵਾਉਣ ਲਈ ਪੀ.ਆਈ.ਐਸ ਵੱਲੋਂ ਆਏ ਕੋਚ ਸਪਿੰਦਰ ਸਿੰਘ ਮੱਤਾ ਅਤੇ ਸੰਦੀਪ ਸਿੰਘ ਪਹੁੰਚੇ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਨੇ ਦੱਸਿਆ ਕਿ ਇਨ੍ਹਾਂ ਟ੍ਰਾਇਲਾਂ ਵਿਚ ਸ਼ਹੀਦ ਭਗਤ ਸਿੰਘ ਨਗਰ ਦੇ 10 ਹੋਣਹਾਰ ਖਿਡਾਰੀ ਸਿਲੈਕਟ ਹੋਏ ਹਨ। ਇਨ੍ਹਾਂ ਟ੍ਰਾਇਲਾਂ ਵਿਚ ਬਲਾਕ ਮੈਂਬਰ ਮਨੋਹਰ ਸਿੰਘ ਅਤੇ ਉਨ੍ਹਾਂ ਦੇ ਨਾਲ ਪਿੰਡ ਦੇ ਮੋਹਤਬਰ ਵਿਅਕਤੀਆਂ ਵੱਲੋਂ ਟ੍ਰਾਇਲਾਂ ਵਿਚ ਭਾਗ ਲੈਣ ਆਏ ਖਿਡਾਰੀਆਂ ਅਤੇ ਅਧਿਕਾਰੀਆਂ ਲਈ ਦੁਪਿਹਰ ਦੇ ਖਾਣੇ ਅਤੇ ਚਾਹ-ਪਾਣੀ ਦਾ ਇੰਤਜ਼ਾਮ ਕੀਤਾ ਗਿਆ ਅਤੇ ਇਨਾਂ ਟ੍ਰਾਇਲਾਂ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ ਪਿੰਡ ਪੱਧਰ 'ਤੇ ਵੀ ਕਾਫੀ ਸਹਿਯੋਗ ਦਿੱਤਾ ਗਿਆ। ਜ਼ਿਲ੍ਹਾ ਖੇਡ ਅਫ਼ਸਰ ਵੱਲੋਂ ਪਿੰਡ ਟੱਪਰੀਆਂ ਦੇ ਮੋਹਤਬਰ ਵਿਅਕਤੀਆਂ ਦਾ ਟ੍ਰਾਇਲਾਂ ਲਈ ਭਰਵਾਂ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦਿਆਲਪੁਰ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪਿੰਡ ਦਿਆਲਪੁਰ ਵਿਖੇ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਜਾਣਕਾਰੀ ਅਨੁਸਾਰ ਪ੍ਰਕਾਸ਼ ਦਿਹਾੜੇ ਦੇ ਸੰਬੰਧੀ ਪੰਜ ਪਿਆਰਿਆਂ ਦੀ ਅਗਵਾਈ 'ਚ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਮੌਕੇ ਵੱਖ-ਵੱਖ ਪੜਾਵਾਂ 'ਚ ਭਾਈ ਜਸਵੀਰ ਸਿੰਘ ਦੌਲਤਪੁਰ ਦੇ ਢਾਡੀ ਜਥੇ ਵਲੋਂ ਗੁਰੂ ਜੀ ਦਾ ਜੀਵਨ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ ਅਤੇ ਨਗਰ ਨਿਵਾਸੀ ਸੰਗਤਾਂ ਵਲੋਂ ਨਗਰ ਕੀਰਤਨ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ ਹੀ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ।



ਇਸ ਮੌਕੇ ਭਾਈ ਦਿਲਦਾਰ ਸਿੰਘ ਚਾਕਰ ਜਲੰਧਰ ਵਾਲਿਆ ਨੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਵਾਇਆ ਗਿਆ ਪ੍ਰਧਾਨ ਸਤਪਾਲ, ਸੋਨੂੰ ਸਰਪੰਚ, ਕਾਕਾ, ਜੀਵਨ, ਦਵਿੰਦਰ, ਸ਼ਿਗਾਰਾ ਰਾਮ, ਲਾਡੀ, ਬਲਵੀਰ ਸੁਮਨ, ਕਿਸ਼ਾ ਅਰਮਾਨ ਇਹਨਾਂ ਸਮਾਗਮਾਂ ਲਈ ਸਹਿਯੋਗ ਕਰਨ ਵਾਲੇ ਸੱਜਣਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

**ਫਿਲੌਰ/ਅੱਪਰਾ (ਦੀਪਾ)**

# 'ਗ਼ਦਰੀ ਵਿਰਾਸਤ ਅਤੇ ਜਮਹੂਰੀ ਹੱਕ' ਵਿਸ਼ੇ 'ਤੇ ਹੋਏਗੀ ਵਿਚਾਰ-ਚਰਚਾ

**ਜਲੰਧਰ (ਵਿਵੇਕ ਭਾਟੌਆ-** 'ਗ਼ਦਰੀ ਵਿਰਾਸਤ ਦੀ ਨਜ਼ਰ 'ਚ: ਜਮਹੂਰੀ ਹੱਕਾਂ ਉਪਰ ਕਾਰਪੋਰੇਟ ਅਤੇ ਫਾਸ਼ੀ ਹੱਲਾ' ਵਿਸ਼ੇ ਨੂੰ ਮੁਖ਼ਾਤਿਬ ਹੋਏਗੀ 26 ਫਰਵਰੀ ਦਿਨ ਬੁੱਧਵਾਰ ਸਵੇਰੇ 11 ਵਜੇ ਦੇਸ਼ ਭਗਤ ਯਾਦਗਾਰ 'ਚ ਹੋ ਰਹੀ ਵਿਚਾਰ-ਚਰਚਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਸ ਵਿਚਾਰ-ਚਰਚਾ 'ਚ ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਸੁਖਵਿੰਦਰ ਸਿੰਘ ਸੇਖੋਂ, ਦਰਸ਼ਨ ਸਿੰਘ ਖਟਕੜ, ਹਰਵਿੰਦਰ ਭੰਡਾਲ ਅਤੇ ਡਾ. ਪਰਮਿੰਦਰ ਸਿੰਘ ਭਾਗ ਲੈਣਗੇ। ਇਹਨਾਂ ਤੋਂ ਇਲਾਵਾ ਹਾਜ਼ਰੀਨ ਵੀ ਆਪਣੇ ਵਿਚਾਰਾਂ ਨਾਲ ਇਸ ਵਿਚਾਰ-ਚਰਚਾ ਵਿੱਚ ਆਪਣਾ ਯੋਗਦਾਨ ਪਾਉਣਗੇ।





ਉਹਨਾਂ ਦੱਸਿਆ ਕਿ ਇਸ ਵਿਚਾਰ-ਚਰਚਾ ਦਾ ਆਗਾਜ਼ ਫਰਵਰੀ ਮਹੀਨੇ ਦੇ ਸਮੂਹ ਆਜ਼ਾਦੀ ਸੰਗਰਾਮੀਆਂ, ਬੱਬਰ ਅਕਾਲੀ ਲਹਿਰ ਦੇ ਸ਼ਹੀਦ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਅਤੇ ਮੁਲਕ ਦੀ ਆਜ਼ਾਦੀ ਤਵਾਰੀਖ਼ ਵਿੱਚ ਇਸ ਮਹੀਨੇ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਦੀ ਸਾਡੇ ਸਮਿਆਂ 'ਚ ਪ੍ਰਸੰਗਕਤਾ ਵਿਸ਼ੇ ਉਪਰ ਰੌਸ਼ਨੀ ਪਾਉਣ ਨਾਲ ਹੋਏਗਾ।

# ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸ਼ਾਨਦਾਰ ਵਿਦਾਇਗੀ ਪਾਰਟੀ




**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਗਲੋਬਲ ਸਕੂਲ, ਮੰਡੀ ਗੋਬਿੰਦਗੜ੍ਹ ਨੇ ਆਪਣੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਸ਼ਾਨਦਾਰ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ।

ਇਹ ਵਿਦਾਇਗੀ ਸਮਾਗਮ 11ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਪ੍ਰਿੰਸੀਪਲ ਇੰਦੂ ਸ਼ਰਮਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਕਈ ਤਰ੍ਹਾਂ ਦੇ ਸੱਭਿਆਚਾਰਕ ਪ੍ਰਦਰਸ਼ਨ, ਦਿਲਚਸਪ ਖੇਡਾਂ, ਇੱਕ ਸਟਾਈਲਿਸ਼ ਰੈਂਪ ਵਾਕ ਆਦਿ ਦਾ ਪ੍ਰਦਰਸ਼ਨ ਕੀਤਾ ਗਿਆ।

ਇਸ ਸਮਾਗਮ ਦੇ ਮੁੱਖ ਆਕਰਸ਼ਣਾਂ ਵਿੱਚੋਂ ਇੱਕ ਵਿਦਾਇਗੀ ਖਿਤਾਬਾਂ ਦੀ ਤਾਜਪੋਸ਼ੀ ਸੀ। ਮਾਸਟਰ ਤਨਮਯ ਅਰੋੜਾ ਨੂੰ ਮਿਸਟਰ ਫੇਅਰਵੈੱਲ ਦਾ ਖਿਤਾਬ ਦਿੱਤਾ ਗਿਆ, ਜਦੋਂ ਕਿ ਮਿਸ ਸੀਪ ਸੈਣੀ ਨੇ ਮਿਸ ਫੇਅਰਵੈੱਲ ਦਾ ਖਿਤਾਬ ਜਿੱਤਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਅਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਦੀ ਮਾਣਯੋਗ ਹਾਜ਼ਰੀ ਨੇ ਖੂਬ ਰੌਣਕ ਵਧਾਈ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਯਤਨਾਂ ਵਿੱਚ ਉੱਤਮਤਾ ਲਈ ਯਤਨ ਕਰਨ ਲਈ ਉਤਸ਼ਾਹਿਤ ਕੀਤਾ।

ਸਕੂਲ ਪ੍ਰਿੰਸੀਪਲ ਇੰਦੂ ਸ਼ਰਮਾ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ ਅਤੇ ਪ੍ਰੇਰਣਾ ਦੇ ਸ਼ਬਦ ਕਹੇ। ਇਹ ਪ੍ਰੋਗਰਾਮ ਇੱਕ ਭਾਵਨਾਤਮਕ ਪਰ ਆਸ਼ਾਵਾਦੀ ਸੁਰ 'ਤੇ ਸਮਾਪਤ ਹੋਇਆ ਅਤੇ ਵਿਦਿਆਰਥੀਆਂ ਨੇ ਆਪਣੇ ਅਕਾਦਮਿਕ ਅਤੇ ਨਿੱਜੀ ਵਿਕਾਸ ਨੂੰ ਆਕਾਰ ਦੇਣ ਲਈ ਸਕੂਲ ਦਾ ਧੰਨਵਾਦ ਕੀਤਾ।

# ਲਾਲ ਚੰਦ ਕਟਾਰੂਚੱਕ ਨੇ ਮਮੂਨ ਤੋਂ ਮਾਧੋਪੁਰ ਡਿਫੈਂਸ ਸੜਕ ਦੇ ਮਜ਼ਬੂਤੀਕਰਨ ਤੇ ਚੌੜਾਈਕਰਨ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਇਲਾਕੇ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚਲੀ ਆ ਰਹੀ ਮੰਗ ਪੂਰੀ ਕਰਦਿਆਂ ਮਮੂਨ ਤੋਂ ਮਾਧੋਪੁਰ ਤੱਕ ਡਿਫੈਂਸ ਸੜਕ ਨੂੰ ਚੌੜਾ ਤੇ ਮਜ਼ਬੂਤ ਕਰਨ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਨੀਂਹ ਪੱਥਰ ਰੱਖਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਕਰੀਬ 16 ਕਿਲੋਮੀਟਰ ਲੰਮੀ ਇਹ ਸੜਕ 10 ਕਰੋੜ 9 ਲੱਖ ਰੁਪਏ ਦੀ ਲਾਗਤ ਨਾਲ ਰਿਕਾਰਡ ਸਮੇਂ ਵਿੱਚ ਤਿਆਰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਚੌੜਾਈ ਪਹਿਲਾਂ 23 ਫੁੱਟ ਸੀ ਜਿਸ ਨੂੰ ਹੁਣ ਵਧਾ ਕੇ 33 ਫੁੱਟ ਕੀਤਾ ਜਾਵੇਗਾ।



ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਇਸ ਪ੍ਰਾਜੈਕਟ ਦੀ ਵਧਾਈ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਵਾਸੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਖੇਤਰ ਵਿੱਚ ਵੱਡੇ ਪ੍ਰਾਜੈਕਟ ਉਲੀਕੇ ਗਏ ਹਨ। ਉਨ੍ਹਾਂ ਕਿਹਾ ਕਿ ਮਮੂਨ ਤੋਂ ਮਾਧੋਪੁਰ ਡਿਫੈਂਸ ਰੋਡ 'ਤੇ ਆਵਾਜਾਈ ਵਧੇਰੇ ਹੋਣ ਕਰਕੇ ਇਥੇ ਭਿਆਨਕ ਹਾਦਸੇ ਵਾਪਰ ਰਹੇ ਸਨ ਅਤੇ ਕਈ ਕੀਮਤੀ ਜਾਨਾਂ ਚਲੀਆਂ ਗਈਆਂ ਜਿਸ ਕਾਰਨ ਇਸ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨ ਦੀ ਮੰਗ ਉਠ ਰਹੀ ਸੀ। ਅੱਜ 10 ਕਰੋੜ 9 ਲੱਖ ਰੁਪਏ ਦੀ ਲਾਗਤ ਨਾਲ 16 ਕਿਲੋਮੀਟਰ ਲੰਮੀ ਇਸ ਸੜਕ ਦਾ ਨੀਂਹ ਪੱਥਰ ਰੱਖਿਆ ਗਿਆ ਹੈ ਜਿਸ ਨੂੰ 23 ਫੁੱਟ ਦੀ ਥਾਂ ਹੁਣ 33 ਫੁੱਟ ਚੌੜਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਤੋਂ ਇਲਾਵਾ ਮਮੂਨ ਕੈਂਟ ਜਿੱਥੇ ਸਾਡੀ ਆਰਮੀ ਮੌਜੂਦ ਹੈ, ਉਸ ਨੂੰ ਵੀ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਪਠਾਨਕੋਟ ਜ਼ਿਲ੍ਹੇ ਵਿੱਚ ਇਹ ਸੜਕ ਸਭ ਤੋਂ ਚੌੜੀ ਹੋਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੜਕ ਦਾ ਕੰਮ ਰਿਕਾਰਡ ਸਮੇਂ ਵਿੱਚ ਅਤੇ ਬੜੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਅਤੇ ਸੜਕ ਠੇਕੇਦਾਰ ਨੂੰ ਵੀ ਹਦਾਇਤ ਕੀਤੀ ਕਿ ਲੋਕਾਂ ਦੇ ਟੈਕਸਾਂ ਦਾ ਪੈਸਾ ਮੁਕੰਮਲ ਤੌਰ 'ਤੇ ਲੋਕਾਂ ਲਈ ਹੀ ਖਰਚਿਆ ਜਾਵੇ ਅਤੇ ਇਸ ਵਿੱਚ ਕਿਸੇ ਕਿਸਮ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਤੇ ਮਾਮੂਣ ਚੌਂਕ ਦੇ ਦੁਕਾਨਦਾਰਾਂ ਨੇ ਚੌਂਕ ਨਜ਼ਦੀਕ ਇੱਕ ਪਬਲਿਕ ਟਾਇਲਟ ਬਣਾਉਣ ਦੀ ਮੰਗ ਰੱਖੀ ਜਿਸਦੇ ਸਹਿਮਤੀ ਜਤਾਦਿਆਂ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕੀ ਉਹਨਾਂ ਦੀ ਇਸ ਮੰਗ ਨੂੰ ਜਲਦੀ ਪੂਰਾ ਕੀਤਾ ਜਾਵੇਗਾ।

ਇਸ ਮੌਕੇ ਸਤੀਸ਼ ਮਹਿੰਦਰੂ ਚੇਅਰਮੈਨ ਦਾ ਹਿੰਦੂ ਕੋਪਰੇਟ ਬੈਂਕ, ਸਾਹਿਬ ਸਿੰਘ ਸਾਬਾ ਆਮ ਆਦਮੀ ਪਾਰਟੀ ਲੀਡਰ, ਭਾਨੂੰ ਠਾਕੁਰ ਆਮ ਆਦਮੀ ਪਾਰਟੀ ਲੀਡਰ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਐਡਵੋਕੇਟ ਰਮੇਸ਼ ਕੁਮਾਰ, ਐਕਸੀਅਨ ਲੋਕ ਨਿਰਮਾਣ ਵਿਭਾਗ, ਕਮਲ ਨਾਇਨ, ਐਸ.ਡੀ. ਰੋਹਿਨ ਸੈਣੀ, ਜੇ.ਈ ਦੀਪਕ ਕੁਮਾਰ, ਮਨਦੀਪ, ਅਮਬਿਤ ਜੇਈ, ਵਪਾਰ ਮੰਡਲ ਮਮੂਨ ਕੈਂਟ ਪ੍ਰਧਾਨ ਸੰਜੀਵ ਮਹਾਜਨ, ਸਰਪ੍ਰਸਤ ਕਰਨੈਲ ਚੰਦ, ਪੀ।ਆਰ। ਮਨਦੀਪ ਗਿੱਲ, ਉਪ ਪ੍ਰਧਾਨ ਸੁਮਿਤ ਮਹਾਜਨ, ਸੀਨੀਅਰ ਉਪ ਪ੍ਰਧਾਨ ਹਰੀ ਸਿੰਘ, ਹਰੀਸ਼ ਚੰਦੇਲ ਅਤੇ ਹੋਰ ਵਪਾਰ ਮੰਡਲ ਮਮੂਨ ਦੇ ਅਹੁਦੇਦਾਰ ਸ਼ਾਮਲ ਸਨ।

# ਸਾਹਿਤ ਆਸ਼ਰਮ ਟਾਂਡਾ ਉੜਮੁੜ ਨੇ ਰਚਿਆ ਇਤਿਹਾਸ

ਬੀਤੇ ਦਿਨੀਂ ਸਾਹਿਤ ਆਸ਼ਰਮ ਟਾਂਡਾ ਉੜਮੁੜ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਸਹਿਯੋਗ ਨਾਲ ਮਹੇਸ਼ ਸਵੀਟਸ ਟਾਂਡਾ ਉੜਮੁੜ ਨੇੜੇ ਜਾਜਾ ਬਾਈ ਪਾਸ ਵਿਖੇ ਪ੍ਰਵਾਸੀ ਲੇਖਕਾ ਲਾਜ ਨੀਲਮ ਸੈਣੀ ਦੇ ਸਵੈ ਜੀਵਨੀ ਮੂਲਕ ਨਾਵਲ, 'ਅਲਵਿਦਾ! ਕਦੇ ਵੀ ਨਹੀਂ' 'ਤੇ ਵਿਚਾਰ ਗੋਸ਼ਟੀ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਪ੍ਰਸਿੱਧ ਕਵੀ ਡਾ. ਲਖਵਿੰਦਰ ਸਿੰਘ ਜੋਹਲ ਨੇ ਕੀਤੀ। ਡਾ. ਵਰਿਆਮ ਸਿੰਘ ਸੰਧੂ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਮਾਸਟਰ ਲਾਲ ਸਿੰਘ ਕਹਾਣੀਕਾਰ, ਡਾ. ਜਨਮੀਤ ਅਤੇ ਪ੍ਰਸਿੱਧ ਕਵੀ ਮਦਨ ਵੀਰਾ ਡਾ. ਹਰਜਿੰਦਰ ਸਿੰਘ ਅਟਵਾਲ ਪ੍ਰਧਾਨਗੀ ਮੰਡਲ ਦੀ ਸ਼ਾਨ ਬਣੇ। ਡਾ। ਜੇ ਬੀ ਸ਼ੇਖੋਂ ਨੇ ਆਪਣੀ ਤੀਖਣ ਸੂਝ ਨਾਲ ਇਸ ਨਾਵਲ ਤੇ ਪਰਚਾ ਤਿਆਰ ਕਰਕੇ ਹਾਜ਼ਰ ਸਰੋਤਿਆਂ ਦੇ ਰੂਬਰੂ ਪੜ੍ਹਿਆ। ਸਾਹਿਤ ਆਸ਼ਰਮ ਟਾਂਡਾ ਉੜਮੁੜ ਦੇ ਸਰਪ੍ਰਸਤ ਡਾ. ਨਿਰੰਜਨ ਨੇ ਹਾਜ਼ਰ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ। ਪ੍ਰਸਿੱਧ ਚਿੰਤਕ ਮੱਖਣ ਸਿੰਘ ਕੁਹਾੜ ਨੇ ਨਾਵਲ ਤੇ ਪੜ੍ਹੇ ਪਰਚੇ ਤੇ ਬਹਿਸ ਦਾ ਆਗਾਜ਼ ਕੀਤਾ। ਇਸ ਵਿਚਾਰ ਚਰਚਾ ਵਿੱਚ ਰਾਮਲਾਲ ਭਗਤ , ਗੁਰਮੀਤ ਹਿਯਾਤ ਪੁਰੀ, ਮਦਨ ਵੀਰਾ, ਡਾ. ਗੁਰਪਾਲ ਸਿੰਘ ਸੰਧੂ, ਪ੍ਰੋ. ਗੁਰਜੰਟ ਰਾਜੇਆਣਾ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਕਹਾਣੀਕਾਰ ਲਾਲ ਸਿੰਘ ਡਾ. ਜਨਮੀਤ , ਮੈਡਮ ਰਾਜਵੰਤ ਸੰਧੂ , ਡਾ. ਲਖਵਿੰਦਰ ਸਿੰਘ ਜੌਹਲ ਅਤੇ ਡਾ. ਵਰਿਆਮ ਸਿੰਘ ਸੰਧੂ ਜੀ ਨੇ ਬਹਿਸ ਵਿੱਚ ਭਾਗ ਲਿਆ।ਇਸ ਸਮੁੱਚੀ ਬਹਿਸ ਨੂੰ ਲਾਜ ਨੀਲਮ ਸੈਣੀ ਨੇ ਖਿੜੇ ਮੱਥੇ ਝੋਲੀ ਪਾ ਕੇ ਪ੍ਰਵਾਨ ਕੀਤਾ ਅਤੇ ਬਹਿਸ ਵਿੱਚ ਉਠਾਏ ਗਏ ਨੁਕਤਿਆਂ ਦਾ ਸਵਾਗਤ ਕੀਤਾ।ਸਮਾਗਮ ਦੇ ਅੰਤ ਵਿੱਚ ਸਾਹਿਤ ਆਸ਼ਰਮ ਟਾਂਡਾ ਉੜਮੁੜ ਦੇ ਪ੍ਰਧਾਨ ਪ੍ਰੋ. ਮਲਕੀਤ ਜੌੜਾ ਨੇ ਹਾਜ਼ਰ ਹੋਏ ਸਮੂਹ ਸਾਹਿਤਕਾਰਾਂ, ਲੇਖਕਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਸਮਾਗਮ ਦੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪੰਮੀ ਦਿਵੇਦੀ ਨੇ ਬਾਖੂਬੀ ਨਿਭਾਈ। ਇਸ ਤੋਂ ਇਲਾਵਾ ਅਮਰੀਕ ਡੋਗਰਾ, ਜਸਵੀਰ ਧੀਮਾਨ, ਬੂਟਾ ਰਾਮ ਆਜ਼ਾਦ, ਰਘਬੀਰ ਟੇਰਕਿਆਣਾ, ਸੁਰਿੰਦਰ ਸਿੰਘ ਨੇਕੀ, ਜਰਨੈਲ ਸਿੰਘ ਘੁੰਮਣ,ਬਿਮਲਾ ਦੁੱਗਲ ਜਨਕਪ੍ਰੀਤ ਬੇਗੋਵਾਲ , ਅਜਮੇਰ ਕੰਧਾਲਾ, ਦਵਿੰਦਰ ਸਿੰਘ ਰੂਪਤਾਰਾ, ਗੁਰਨੇਕ ਸਿੰਘ ਝਾਵਰ ਅਵਤਾਰ ਘੋੜੇਵਾਹੀ, ਹਰਬਿੰਦਰ ਓਹੜਪੁਰੀ ਡਾ. ਅਰਮਨ ਪ੍ਰੀਤ ਅਤੇ ਹੋਰ ਲੇਖਕਾਂ ਦੀ ਭਰਪੂਰ ਹਾਜ਼ਰੀ ਰਹੀ।




# ਸਰਪੰਚ ਗੁਰਪ੍ਰੀਤ ਸਿੰਘ ਨੇ ਨਿੱਜੀ ਖਰਚੇ ਤੇ ਸਜਾਵਟੀ ਅਤੇ ਛਾਂਦਾਰ ਬੂਟੇ ਲਗਾ ਕੇ ਬੀਂਬੜ ਪਿੰਡ ਦੀ ਨੁਹਾਰ ਬਦਲਣ ਦੀ ਸ਼ੁਰੂਆਤ

**ਭਵਾਨੀਗੜ੍ਹ-** ਹਰੀ ਕ੍ਰਾਂਤੀ ਦੇ ਆਉਣ ਨਾਲ ਫਸਲਾਂ ਦੇ ਵੱਧ ਤੋਂ ਵੱਧ ਝਾੜ ਲੈਣ ਦੀ ਆੜ ਵਿੱਚ ਖੇਤਾਂ, ਰਸਤਿਆਂ ਅਤੇ ਬੰਨਿਆਂ ਤੇ ਖੜੇ ਦਰੱਖਤਾਂ ਨੂੰ ਅੜਿੱਕਾ ਮੰਨਦਿਆਂ ਬੇਰਹਿਮੀ ਨਾਲ ਕੱਟ ਕੇ ਪੰਜਾਬ ਵਾਸੀਆਂ ਨੇ ਪਿੰਡਾਂ, ਖੇਤਾਂ ਅਤੇ ਰਸਤਿਆਂ ਨੂੰ ਬਿਲਕੁਲ ਸਾਫ਼ ਕਰ ਦਿੱਤਾ ਸੀ।ਇਸ ਨਾਲ ਗਲੋਬਲ ਵਾਰਮਿੰਗ ਦੀ ਗੰਭੀਰ ਉਤਪੰਨ ਹੋ ਗਈ।ਗਰਮੀ 'ਚ ਵਾਧੇ ਅਤੇ ਆਕਸੀਜਨ ਦੀ ਘਾਟ ਨੇ ਮਨੁੱਖ ਨੂੰ ਦਰੱਖਤਾਂ ਅਤੇ ਬੂਟਿਆਂ ਦੀ ਲੋੜ ਮਹਿਸੂਸ ਕਰਵਾਈ ਅਤੇ ਲੋਕਾਂ, ਪੰਚਾਇਤਾਂ, ਸਮਾਜਿਕ ਸੰਸਥਾਵਾਂ ਆਦਿ ਦਾ ਧਿਆਨ ਇਸ ਪਾਸੇ ਆਕਰਸ਼ਿਤ ਕੀਤਾ ਹੈ। ਇਸਦੇ ਮੱਦੇਨਜ਼ਰ ਨੇੜਲੇ ਪਿੰਡ ਬੀਂਬੜ ਦੀ ਸਰਬਸੰਮਤੀ ਨਾਲ ਚੁਣੀ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਗੁਰਪ੍ਰੀਤ ਸਿੰਘ ਸਰਪੰਚ ਨੇ ਪਿੰਡ ਨੂੰ ਫਿਰ ਤੋਂ ਹਰਿਆ ਭਰਿਆ ਬਣਾਉਣ ਦਾ ਬੀੜਾ ਚੁੱਕਿਆ ਹੈ। ਨਰੇਗਾ ਦੇ ਅਧਿਕਾਰ ਖੇਤਰ ਤੋਂ ਬਾਹਰ ਪਿੰਡ ਦੇ ਰਸਤਿਆਂ ਨੂੰ ਸਜਾਵਟੀ ਬੂਟੇ ਲਗਾ ਕੇ ਹਰਿਆਵਲ ਮੁਹਿੰਮ ਆਰੰਭ ਦਿੱਤੀ ਹੈ।ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਪ੍ਰੀਤ ਸਿੰਘ ਸਰਪੰਚ ਨੇ ਦੱਸਿਆ ਕਿ ਪਿੰਡ ਦੇ ਉੱਚ ਅਹੁਦਿਆਂ ਤੇ ਬਿਰਾਜਮਾਨ ਅਫਸਰਾਂ, ਮੋਹਤਬਰ ਵਿਆਕਤੀਆਂ, ਸਾਬਕਾ ਸਰਪੰਚਾਂ ਸਮੇਤ ਰਾਜਨੀਤਕ ਸ਼ਖ਼ਸੀਅਤਾਂ ਬਿਨਾਂ ਕਿਸੇ ਭੇਦਭਾਵ ਦੇ ਬੂਟੇ ਉਪਲਬਧ ਕਰਾ ਕੇ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਪਾ ਰਹੀਆਂ ਹਨ। ਬੂਟਿਆਂ ਦੀ ਪਹਿਲੀ ਖੇਪ ਨੂੰ ਲਗਾਉਣ ਦੀ ਮੁਹਿੰਮ ਵਿੱਚ ਗੁਰਪ੍ਰੀਤ ਸਿੰਘ ਸਰਪੰਚ, ਸਾਬਕਾ ਸਰਪੰਚ ਬਲਕਾਰ ਸਿੰਘ ਸੰਧੂ, ਨੌਜਵਾਨ ਲੀਡਰ ਰੂਪੀ ਸਿੰਘ ਸੰਧੂ, ਗਿਆਨ ਸਿੰਘ ਸਾਬਕਾ ਪੰਚ, ਗੁਰਮੁਖ ਸਿੰਘ ਪੰਚ, ਮੋਹਨ ਸਿੰਘ ਸੰਧੂ ਸਾਬਕਾ ਫੌਜੀ, ਪਰਗਟ ਸਿੰਘ ਪੰਚ, ਨਿਰਮਲ ਸਿੰਘ ਸੰਧੂ ਚੇਅਰਮੈਨ, ਜਸਵਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ, ਬਲਵਿੰਦਰ ਸਿੰਘ ਸੰਧੂ ਪੁਲਿਸ ਅਧਿਕਾਰੀ ਆਦਿ ਨੇ ਅੱਗੇ ਹੋਕੇ ਸ਼ੁਭ ਹੱਥਾਂ ਨਾਲ ਬੂਟੇ ਲਗਾਉਣ ਦੀ ਰਸਮ ਅਦਾ ਕੀਤੀ। ਪਿੰਡ ਦੇ ਜੰਮਪਲ ਲੇਖਕ ,ਸ਼ਾਇਰ ਅਤੇ ਮੌਜੂਦਾ ਐਸ ਡੀ ਇੰਜੀ ਸਤਨਾਮ ਸਿੰਘ ਮੱਟੂ ਨੇ ਬੂਟੇ 100 ਆਪਣੇ ਵੱਲੋਂ ਦੇਣ ਅਤੇ ਬੂਟਿਆਂ ਦੀ ਸਾਂਭ ਸੰਭਾਲ ਕਰਕੇ ਬੂਟਿਆਂ ਨੂੰ ਪਾਲਣ ਵਾਲੇ ਨੂੰ ਵੀ ਮਿਹਨਤਾਨਾ ਦੇਣ ਦਾ ਐਲਾਨ ਕੀਤਾ ਹੈ। ਹੋਰਨਾਂ ਤੋਂ ਇਲਾਵਾ ਇਸ ਸਮੇਂ ਦਿਲਬਾਗ ਸਿੰਘ, ਜੱਗੀ ਸਿੰਘ, ਸੁਖਦੇਵ ਸਿੰਘ ਡਾਕਟਰ, ਧਰਮਿੰਦਰ ਸਿੰਘ ਪੰਚ, ਹੈਪੀ, ਨੀਟਾ ਆਦਿ ਵੀ ਹਾਜਰ ਸਨ।



# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਬਨਾਰਸ ਕਾਂਸੀ ਵਿਖੇ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਨੇ ਲਗਾਇਆ ਤੀਸਰਾ ਫ੍ਰੀ ਮੈਡੀਕਲ ਚੈਕਅੱਪ ਕੈਂਪ

## ਬੇਗ਼ਮਪੁਰਾ ਏਡ ਇੰਟਰਨੈਸ਼ਨਲ ਭਾਈ ਰਾਮ ਸਿੰਘ ਮੈਂਗੜਾ ਦੀ ਅਗਵਾਈ ਵਿੱਚ ਮਨੁੱਖਤਾ ਦੀ ਸੇਵਾ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ - ਕਰੀਮਪੁਰੀ







**ਫਗਵਾੜਾ–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਜਨਮ ਅਸਥਾਨ ਸੀਰ ਗਵਰਧਨ ਕਾਂਸ਼ੀ (ਵਾਰਾਨਸੀ) ਯੂ.ਪੀ. ਵਿਖੇ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਤੀਸਰਾ ਤਿੰਨ ਦਿਨਾਂ ਫ੍ਰੀ ਮੈਡੀਕਲ ਚੈਕਅੱਪ ਕੈਂਪ ਪ੍ਰਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ। ਲਗਾਏ ਗਏ ਕੈਂਪ ਸਬੰਧੀ ਜਾਣਕਾਰੀ ਦਿੰਦਿਆ ਭਾਈ ਰਾਮ ਸਿੰਘ ਮੈਂਗੜਾ ਮੁੱਖ ਸੇਵਾਦਾਰ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਨੇ ਦੱਸਿਆ ਕਿ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਹਜ਼ਾਰਾ ਮਰੀਜ਼ਾਂ ਦਾ ਫ੍ਰੀ ਚੈਕਅੱਪ ਕੀਤਾ ਅਤੇ ਮੁਫ਼ਤਦਵਾਈਆਂ ਦਿੱਤੀਆ ਗਈਆ। ਭਾਈ ਮੈਂਗੜਾ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਟੀਮ ਦੀ ਅਗਵਾਈ ਅਮਰਜੀਤ ਕੁਮਾਰ ਕੈਲੇ ਵੱਲੋਂ ਕੀਤੀ ਗਈ ਅਤੇ ਇਸ ਤੋਂ ਇਲਾਵਾ ਇੰਡੀਆ ਟੀਮ ਦੇ ਮੁੱਖ ਸੇਵਾਦਾਰ ਲਛਮਣ ਲਾਲ ਬੰਗੜ, ਹੰਸਰਾਜ ਬਾਲੀ ਜਰਮਨੀ ਅਤੇ ਫਰਾਂਸ ਤੋਂ ਸੀਨੀਅਰ ਸਪੋਟਰ ਅਮਰਜੀਤ ਕੁਮਾਰ, ਚਮਨ ਲਾਲ,ਉੜੀਸਾ ਸਟੇਟ ਦੇ ਇੰਚਾਰਜ ਰਣਜੀਤ ਕੁਮਾਰ ਅਤੇ ਅਸ਼ੋਕ ਕੁਮਾਰ ਸਰਪੰਚ ਵਲੋਂ ਮੈਡੀਕਲ ਟੀਮ ਨੂੰ ਆਪਣਾ ਪੂਰਨ ਸਹਿਯੋਗ ਦਿੱਤਾ।

ਇਸ ਲਗਾਏ ਫ੍ਰੀ ਮੈਡੀਕਲ ਚੈਕਅੱਪ ਕੈਂਪ ਵਿੱਚ ਆਵਾਜ਼ ਏ ਕੌਮ ਸੰਤ ਕ੍ਰਿਸ਼ਨ ਨਾਥ ਚਿਹੇੜੂ ਵਾਲਿਆ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਡਾਕਟਰਾਂ ਦੀ ਟੀਮ ਅਤੇ ਸੇਵਾਦਾਰਾਂ ਨੂੰ ਆਸ਼ੀਰਵਾਦ ਦਿੱਤਾ। ਸੰਤ ਕ੍ਰਿਸ਼ਨ ਨਾਥ ਨੇ ਕਿਹਾ ਕਿ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਮਾਨਵਤਾ ਦੀ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾ ਰਹੀ ਹੈ ਜਿਸਦੇ ਲਈ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਉਨ੍ਹਾ ਕਿਹਾ ਕਿ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਦੀ ਅਗਵਾਈ ਹੇਠ ਮਨੁੱਖਤਾ ਦੀ ਕੀਤੀ ਜਾ ਰਹੀ ਸੇਵਾ ਹੀ ਸਭ ਤੋਂ ਉੱਤਮ ਧਰਮ ਹੈ। ਇਸ ਨੇਕ ਤੇ ਉੱਤਮ ਕਾਰਜ ਵਿੱਚ ਸਭ ਸੰਗਤਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ।

ਭਾਈ ਰਾਮ ਸਿੰਘ ਮੈਂਗੜਾ ਨੇ ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਲਗਾਏ ਜਾ ਰਹੇ ਫ੍ਰੀ ਮੈਡੀਕਲ ਚੈਕਅੱਪ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ। ਕੈਂਪ ਦੌਰਾਨ ਸਾਰੇ ਲੋੜਵੰਦਾਂ ਦਾ ਫ੍ਰੀ ਚੈਕਅੱਪ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਕੈਂਪ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ, ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ, ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਵੀ ਉਚੇਚੇ ਤੋਰ ਤੇ ਪਹੁੰਚੇ। ਇਸ ਮੌਕੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਪ੍ਰਕਾਸ਼ ਦਿਹਾੜੇ 'ਤੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਸੀਰ ਗਵਰਧਨ ਕਾਂਸ਼ੀ ਬਨਾਰਸ ਵਿਖੇ ਆਉਣ ਵਾਲੀਆ ਸੰਗਤਾਂ ਦੀ ਸਹੂਲਤ ਲਈ ਫ੍ਰੀ ਮੈਡੀਕਲ ਚੈਕਅੱਪ ਕੈਂਪ ਲਗਾ ਕੇ ਬਹੁਤ ਪੁੰਨ ਦਾ ਕੰਮ ਕੀਤਾ ਹੈ ਜਿਸਦੇ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਕਰੀਮਪੁਰੀ ਨੇ ਕਿਹਾ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਭਾਈ ਰਾਮ ਸਿੰਘ ਮੈਂਗੜਾ ਦੀ ਅਗਵਾਈ ਵਿੱਚ ਮਨੁੱਖਤਾ ਦੀ ਸੇਵਾ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾ ਕਿਹਾ ਕਿ ਸਾਨੂੰ ਧਾਰਮਿਕ ਮਜ਼ਬੂਤੀ ਦੇ ਨਾਲ ਨਾਲ ਰਾਜਨੀਤਿਕ ਚੇਤਨਾ ਪੈਦਾ ਕਰਦੇ ਹੋਏ ਬਸਪਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਕਰੀਮਪੁਰੀ ਨੇ ਕਿਹਾ ਕਿ ਗੁਰੂ ਸਾਹਿਬ ਜੀ ਦੀ ਪਵਿੱਤਰ ਜਨਮ ਧਰਤੀ ਤੋਂ ਸਾਨੂੰ ਸਕੰਲਪ ਲੈ ਕੇ ਜਾਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਜੀ ਤੁਹਾਡੀ ਯਾਦ ਵਿੱਚ ਭਵਨ ਤਾਂ ਬਣ ਗਏ ਹਨ, ਅਸੀ ਇਹ ਵੀ ਸੰਕਲਪ ਲੈ ਕੇ ਚੱਲਾ ਹਾਂ ਕਿ ਤੁਹਾਡੀ ਸੋਚ ਦਾ ਅੰਦੋਲਨ ਵੀ ਬਣਾਂਵਾਗੇ।

# ਲਾਲ ਚੰਦ ਕਟਾਰੂਚੱਕ ਦੀ ਹਾਜ਼ਰੀ ਵਿੱਚ ਦੋ ਪੰਚਾਇਤਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਈਆਂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਦੀ ਹਾਜ਼ਰੀ ਵਿੱਚ ਅੱਜ ਵਿਧਾਨ ਸਭਾ ਹਲਕਾ ਭੋਆ ਦੀਆਂ ਦੋ ਪੰਚਾਇਤਾਂ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਈਆਂ।

ਬਲਾਕ ਬਾਮਿਆਲ ਦੇ ਪਿੰਡ ਭਾਖੜੀ ਅਤੇ ਸਮਰਾਲਾ ਦੀਆਂ ਪੰਚਾਇਤਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ 'ਤੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਇਲਾਕਿਆਂ ਵਿੱਚ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੀਆਂ ਦੋ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਨੇ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ



ਲੜ ਫੜਿਆ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਣ 'ਤੇ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਬਿਨਾਂ ਕਿਸੇ ਬਦਲਾਖੋਰੀ ਦੀ ਭਾਵਨਾ ਤੋਂ ਪਿੰਡਾਂ ਦਾ ਵਿਕਾਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਹੀ 48 ਪੰਚਾਇਤਾਂ ਨੂੰ ਕਰੀਬ 2.5 ਕਰੋੜ ਰੁਪਏ ਵਿਕਾਸ ਕਾਰਜਾਂ ਲਈ ਜਾਰੀ ਕੀਤੇ ਗਏ ਹਨ। ਇਸੇ ਦੌਰਾਨ ਦੋਹਾਂ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਦੀਆਂ ਨੀਤੀਆਂ ਤੋਂ ਬਹੁਤ ਪ੍ਰਭਾਵਿਤ ਹਨ। ਇਸੇ ਲਈ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਉਨ੍ਹਾਂ ਨੇ ਆਪਣੇ ਪਿੰਡਾਂ ਦੀਆਂ ਸਮੱਸਿਆਵਾਂ ਬਾਰੇ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ ਸੀ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਕੈਬਨਿਟ ਮੰਤਰੀ ਨੇ ਤੁਰੰਤ ਹੱਲ ਕਰਵਾ ਦਿੱਤਾ ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਏ।

# ਦੇਸ਼ ਭਗਤ ਯੂਨੀਵਰਸਿਟੀ ਵਿਖੇ ਅਲੂਮਨੀ ਮੀਟ-2025 ਦਾ ਆਯੋਜਨ,ਸਾਬਕਾ ਵਿਦਿਆਰਥੀਆਂ ਨੇ ਆਪਣੀਆਂ ਸਫਲਤਾ ਦੀਆਂ ਕਹਾਣੀਆਂ ਕੀਤੀਆਂ ਸਾਂਝੀਆਂ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਨੇ ਐਲੂਮਨੀ ਮੀਟ-2025 ਦਾ ਆਯੋਜਨ ਕੀਤਾ, ਜਿਸ ਦੌਰਾਨ ਸਾਬਕਾ ਵਿਦਿਆਰਥੀਆਂ ਨੇ ਮੌਜੂਦਾ ਵਿਦਿਆਰਥੀਆਂ ਨਾਲ ਆਪਣੀ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ। ਇਹ ਇਕੱਠ ਭਾਵਨਾਵਾਂ ਨਾਲ ਭਰਿਆ ਹੋਇਆ ਸੀ ਕਿਉਂਕਿ ਸਾਬਕਾ ਵਿਦਿਆਰਥੀਆਂ ਨੇ ਯੂਨੀਵਰਸਿਟੀ ਵਿੱਚ ਆਪਣੇ ਸਮੇਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਕਰੀਅਰ ਨੂੰ ਆਕਾਰ ਦੇਣ ਵਿੱਚ ਇਸ ਦੁਆਰਾ ਨਿਭਾਈ ਗਈ ਭੂਮਿਕਾ ਲਈ ਧੰਨਵਾਦ ਪ੍ਰਗਟ ਕੀਤਾ।



ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਅਤੇ ਪ੍ਰਧਾਨ ਡਾ. ਸੰਦੀਪ ਸਿੰਘ ਨੇ ਸਾਬਕਾ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ, ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਚੁਣੌਤੀਆਂ ਨੂੰ ਦੂਰ ਕਰਨ ਲਈ ਬੁੱਧੀ ਦੇ ਸ਼ਬਦ ਪੇਸ਼ ਕੀਤੇ ਅਤੇ ਸੂਝ ਸਾਂਝੀ ਕੀਤੀ।

ਸਾਬਕਾ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ, ਮੌਜੂਦਾ ਵਿਦਿਆਰਥੀਆਂ ਨੇ ਜੀਵੰਤ ਸੱਭਿਆਚਾਰਕ ਪ੍ਰਦਰਸ਼ਨੀਆਂ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਸਮਾਗਮ ਦੇ ਖੁਸ਼ੀ ਭਰੇ ਮਾਹੌਲ ਵਿੱਚ ਵਾਧਾ ਹੋਇਆ।

ਇਸ ਤੋਂ ਪਹਿਲਾਂ ਦੇਸ਼ ਭਗਤ ਯੂਨੀਵਰਸਿਟੀ ਨੇ ਆਪਣੀ ਸ਼ਾਨਦਾਰ ਸਲਾਨਾ ਕਨਵੋਕੇਸ਼ਨ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਉਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਇਆ ਗਿਆ ਜਿਨ੍ਹਾਂ ਨੇ ਆਪਣੇ ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਪ੍ਰੋਗਰਾਮਾਂ ਨੂੰ ਸਫਲਤਾਪੂਰਵਕ ਪੂਰਾ ਕੀਤਾ। ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨਾਂ ਦੀ ਮੌਜੂਦਗੀ ਦੇਖਣ ਨੂੰ ਮਿਲੀ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਕੀਮਤੀ ਸ਼ਬਦਾਂ ਨਾਲ ਪ੍ਰੇਰਿਤ ਕੀਤਾ।

ਇਸ ਕਨਵੋਕੇਸ਼ਨ ਸਮਾਰੋਹ ਵਿੱਚ ਮੁੱਖ ਮਹਿਮਾਨ ਹਰਭਜਨ ਸਿੰਘ ਈਟੀ , ਬਿਜਲੀ ਅਤੇ ਲੋਕ ਨਿਰਮਾਣ ਮੰਤਰੀ, ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਇੱਕ ਸੂਝਵਾਨ ਭਾਸ਼ਣ ਨਾਲ ਪ੍ਰੇਰਿਤ ਕੀਤਾ, ਇੱਕ ਉੱਜਵਲ ਭਵਿੱਖ ਨੂੰ ਬਣਾਉਣ ਵਿੱਚ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਇਹ ਮੀਲ ਪੱਥਰ ਗ੍ਰੈਜੂਏਟਾਂ ਦੇ ਜੀਵਨ ਵਿੱਚ ਇੱਕ ਨਵਾਂ ਮੋੜ ਹੈ ਅਤੇ ਉਨ੍ਹਾਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਉੱਤਮਤਾ ਲਈ ਯਤਨ ਕਰਨ ਲਈ ਉਤਸ਼ਾਹਿਤ ਕੀਤਾ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ। ਤਜਿੰਦਰ ਕੌਰ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਦੀ ਮੌਜੂਦਗੀ ਵਿੱਚ ਸਫਲਤਾਪੂਰਵਕ ਆਪਣੇ ਕੋਰਸ ਪੂਰੇ ਕਰਨ ਵਾਲੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਅਕਾਦਮਿਕ ਉੱਤਮਤਾ ਲਈ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮਿਆਂ ਨਾਲ ਸਨਮਾਨਿਤ ਵੀ ਕੀਤਾ ਗਿਆ।

ਇਸ ਦੌਰਾਨ ਸੰਬੋਧਨ ਕਰਦੇ ਹੋਏ, ਮੁੱਖ ਮਹਿਮਾਨ ਹਰਭਜਨ ਸਿੰਘ ਈਟੀ ਨੇ ਸਾਰੇ ਗ੍ਰੈਜੂਏਟਾਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਵਿੱਚ ਸਫਲਤਾ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਦੀ ਹੈ, ਰਚਨਾਤਮਕਤਾ ਆਲੋਚਨਾਤਮਕ ਸੋਚ ਵੱਲ ਲੈ ਜਾਂਦੀ ਹੈ, ਆਲੋਚਨਾਤਮਕ ਸੋਚ ਗਿਆਨ ਵਿੱਚ ਵਾਧਾ ਕਰਦੀ ਹੈ ਅਤੇ ਗਿਆਨ ਵਿਅਕਤੀਆਂ ਨੂੰ ਮਹਾਨ ਬਣਾਉਂਦਾ ਹੈ। ਉਨ੍ਹਾਂ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਦੀ ਵੀ ਸ਼ਲਾਘਾ ਕੀਤੀ।

ਇਸ ਸਮਾਗਮ ਵਿੱਚ ਕਈ ਉੱਘੀਆਂ ਸ਼ਖਸੀਅਤਾਂ ਨੇ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ ਅਤੇ ਗ੍ਰੈਜੂਏਟਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਸਮਾਗਮ ਵਿੱਚ ਮੌਜੂਦ ਪ੍ਰਮੁੱਖ ਪਤਵੰਤਿਆਂ ਵਿੱਚ ਗੁਰਿੰਦਰ ਸਿੰਘ ਗੈਰੀ ਵੜਿੰਗ, ਐਮਐਲਏ, ਅਮਲੋਹ, ਰਵਿੰਦਰ ਸਿੰਘ ਭਾਟੀ, ਐਮਐਲਏ, ਸ਼ਿ ਰਾਜਸਥਾਨ, ਚਰਨਜੀਤ ਸਿੰਘ ਚੰਨੀ, ਸੀਟੀ ਯੂਨੀਵਰਸਿਟੀ ਦੇ ਚਾਂਸਲਰ ਅਤੇ ਐਨਆਈਐਸਡੀ ਦੇ ਰਾਸ਼ਟਰੀ ਮੈਂਬਰ ਸੁਖਬਿੰਦਰ ਸਿੰਘ ਬਿੰਦਰਾ ਸ਼ਾਮਲ ਸਨ।

ਸਮਾਗਮ ਦੌਰਾਨ ਪ੍ਰੋ. ਸ਼੍ਰੀਨਿਵਾਸ ਵਰਖੇੜੀ, ਵਾਈਸ-ਚਾਂਸਲਰ, ਸੈਂਟਰਲ ਯੂਨੀਵਰਸਿਟੀ, ਨਵੀਂ ਦਿੱਲੀ, ਸਰਦਾਰ ਜਗਜੀਤ ਸਿੰਘ ਦਰਦੀ, ਚੇਅਰਮੈਨ ਚੜ੍ਹਦੀਕਲਾ ਮੀਡੀਆ ਹਾਊਸ, ਸ੍ਰੀ ਜਸਪਾਲ ਸਿੰਘ ਬਿੰਦਰਾ, ਕਾਰਜਕਾਰੀ ਚੇਅਰਮੈਨ ਅਤੇ ਡਾਇਰੈਕਟਰ, ਸੈਂਟਰਮ ਕੈਪੀਟਲ ਲਿਮਟਿਡ, ਐਸ। ਗਿਆਨ ਸਿੰਘ ਸੰਧੂ, ਦੂਰਦਰਸ਼ੀ ਉੱਦਮੀ, ਪਰਉਪਕਾਰੀ ਅਤੇ ਲੇਖਕ, ਐਸ। ਹਰਦੇਵ ਸਿੰਘ, ਪੁੱਡਾ ਦੇ ਸਾਬਕਾ ਮੁੱਖ ਪ੍ਰਸ਼ਾਸਕ ਅਤੇ ਮੁੱਖ ਮੰਤਰੀ ਪੰਜਾਬ ਦੇ ਐਸਡੀ, ਪ੍ਰੋਫੈਸਰ ਸ਼੍ਰੀਮਤੀ ਮੇਧਾ ਕੁਲਕਰਨੀ, ਐਮਪੀ ਰਾਜ ਸਭਾ ਅਤੇ ਉਪ ਪ੍ਰਧਾਨ ਮਹਿਲਾ ਮੋਰਚਾ ਭਾਜਪਾ ਨੂੰ ਡਾਕਟਰ ਆਨਰਿਸ ਕਾਜ਼ਾ ਨਾਲ ਸਨਮਾਨਿਤ ਕੀਤਾ ਗਿਆ।

ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਪੰਜਾਬ ਦੇ ਵਾਈਸ-ਚਾਂਸਲਰ ਪ੍ਰੋਫੈਸਰ (ਡਾ.) ਰਾਜੀਵ ਸੂਦ, ਪੀਜੀਆਈਐਮਈਆਰ (ਕੇਂਦਰੀ ਸਿਹਤ ਮੰਤਰੀ, ਭਾਰਤ) ਦੇ ਪ੍ਰਧਾਨ ਦੇ ਐਸਡੀ ਡਾ. ਵਰਿੰਦਰ ਗਰਗ ਅਤੇ ਲੰਡਨ ਸਥਿਤ ਉੱਦਮੀ ਸ਼੍ਰੀਮਤੀ ਰੇਹਾਨਾ ਬਾਨੋ ਅਮੀਰ ਨੂੰ ਚਾਂਸਲਰ ਦੇ ਵਿਲੱਖਣ ਲੀਡਰਸ਼ਿਪ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।




ਸਮਾਰੋਹ ਦੌਰਾਨ ਵਾਈਸ-ਚਾਂਸਲਰ ਡਾ. ਅਭਿਜੀਤ ਐਚ. ਜੋਸ਼ੀ ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਅਕਾਦਮਿਕ, ਸਹਿ-ਪਾਠਕ੍ਰਮ ਗਤੀਵਿਧੀਆਂ ਅਤੇ ਖੇਡਾਂ ਵਿੱਚ ਇਸਦੀ ਪ੍ਰਗਤੀ ਦਾ ਵੇਰਵਾ ਦੇਣ ਵਾਲੀ ਇੱਕ ਰਿਪੋਰਟ ਪੇਸ਼ ਕੀਤੀ।

ਇਸ ਪ੍ਰੋਗਰਾਮ ਦੀ ਇੱਕ ਅਹਿਮ ਵਿਸ਼ੇਸ਼ਤਾ ਦੇਸ਼ ਭਗਤ ਯੂਨੀਵਰਸਿਟੀ ਦੇ ਵਿਕਾਸ ਅਤੇ ਪ੍ਰਾਪਤੀਆਂ ਨੂੰ ਦਰਸਾਉਂਦੀ ਇੱਕ ਦਸਤਾਵੇਜ਼ੀ ਫਿਲਮ ਦੀ ਸਕ੍ਰੀਨਿੰਗ ਸੀ।

ਇਸ ਸਮਾਗਮ ਦੀ ਸਮਾਪਤੀ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਦੇ ਧੰਨਵਾਦ ਮਤੇ ਨਾਲ ਹੋਈ, ਜਿਨ੍ਹਾਂ ਨੇ ਮੁੱਖ ਮਹਿਮਾਨ, ਵੱਖ-ਵੱਖ ਖੇਤਰਾਂ ਦੇ ਪਤਵੰਤਿਆਂ ਅਤੇ ਹੋਰ ਪਤਵੰਤਿਆਂ ਦਾ ਇਸ ਸਮਾਗਮ ਨੂੰ ਸ਼ਾਨਦਾਰ ਸਫਲ ਬਣਾਉਣ ਲਈ ਧੰਨਵਾਦ ਕੀਤਾ।

ਡੀ.ਬੀ.ਯੂ. ਮੀਡੀਆ ਅਤੇ ਪ੍ਰਦਰਸ਼ਨ ਕਲਾ ਦੀ ਨਿਰਦੇਸ਼ਕ ਡਾ. ਸੁਰਜੀਤ ਕੌਰ ਪਥੇਜਾ, ਡਾ. ਰੇਣੂ ਸ਼ਰਮਾ, ਡਾ. ਜੋਤੀ ਧਾਮੀ, ਡਾ. ਦਿਵਿਆ ਅਤੇ ਡਾ. ਨਵਨਿੰਦਰ ਕੌਰ ਨੇ ਸਮਾਗਮ ਦਾ ਸੰਚਾਲਨ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ, ਜਿਸ ਨਾਲ ਇੱਕ ਸਹਿਜ ਅਤੇ ਸਨਮਾਨਜਨਕ ਸਮਾਰੋਹ ਨੂੰ ਯਕੀਨੀ ਬਣਾਇਆ ਗਿਆ। ਇਹ ਸਮਾਗਮ ਸੱਚਮੁੱਚ ਗ੍ਰੈਜੂਏਟਾਂ, ਯੂਨੀਵਰਸਿਟੀ ਅਤੇ ਸਾਰੇ ਹਾਜ਼ਰੀਨ ਲਈ ਇੱਕ ਯਾਦਗਾਰੀ ਅਤੇ ਵੱਕਾਰੀ ਮੀਲ ਪੱਥਰ ਸੀ।

## 21 ਫਰਵਰੀ 2025 ਲਈ ਵਿਸ਼ੇਸ਼

# ਸਾਕਾ ਨਨਕਾਣਾ ਸਾਹਿਬ



ਡਾ. ਚਰਨਜੀਤ ਸਿੰਘ ਗੁਮਟਾਲਾ
91-9417533060



Sikh jathas (groups) moving towards Nankana Sahib on foot

ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸਿੱਖ ਮਿਸਲਾਂ ਵੱਲੋਂ ਇਤਿਹਾਸਕ ਧਰਮ ਅਸਥਾਨਾਂ ਦੇ ਨਾਂ ਵੱਡੀਆਂ ਵੱਡੀਆਂ ਜਗੀਰਾਂ ਲਾਉਣ ਅਤੇ ਉਨ੍ਹਾਂ ਨੂੰ ਕਰ ਮੁਕਤ ਕਰਨ ਲਈ ਗੁਰਦੁਆਰਿਆਂ ਦੀ ਆਮਦਨ ਕਾਫੀ ਵੱਧ ਗਈ ਜਿਸ ਨਾਲ ਮਹੰਤਾਂ ਦੇ ਰਹਿਣ ਸਹਿਣ ਦੇ ਢੰਗ ਵਿੱਚ ਤਬਦੀਲੀ ਆ ਗਈ। 19ਵੀਂ ਸਦੀ ਦੇ ਦੂਜੇ ਅੱਧੇ ਵਿੱਚ ਪੰਜਾਬ ਅੰਦਰ ਨਹਿਰਾਂ ਜਾਲ ਵਿਛ ਜਾਣ ਨਾਲ ਜਗੀਰਾਂ ਦੀ ਕੀਮਤ ਵਿੱਚ ਓੜਕਾਂ ਦਾ ਵਾਧਾ ਹੋਇਆ। ਇਸ ਦਾ ਨਤੀਜਾ ਇਹ ਹੋਇਆ ਕਿ ਮਹੰਤਾਂ ਅਤੇ ਉਨ੍ਹਾਂ ਦੇ ਵਧ ਰਹਿ ਚੇਲੇ ਚਾਟੜਿਆਂ ਨੇ ਗੁਰਦੁਆਰਿਆਂ ਦੀ ਸਾਂਝੀ ਸੰਮਤੀ ਨੂੰ ਆਪਣੀਆਂ ਨਿਜੀ ਜਾਇਦਾਦਾਂ ਬਣਾਉਣਾ ਸ਼ੁਰੂ ਕਰ ਦਿੱਤਾ। (ਮਹਿੰਦਰ ਸਿੰਘ) ਕੁਝ ਕੁ ਪੱਕੇ ਪ੍ਰੇਮੀਆਂ ਤੋਂ ਬਿਨਾਂ ਆਮ ਪ੍ਰਬੰਧਕਾਂ ਲਈ ਕੇਵਲ ਦਾਹੜੀ ਅਤੇ ਨਾਮ ਹੀ ਸਿੱਖੀ ਰਹਿ ਗਿਆ ਸੀ। ਅੰਗਰੇਜ਼ਾਂ ਹੱਥੋਂ ਹਾਰ ਖਾਣ ਪਿੱਛੋਂ ਉਹ ਗੁਰਸਿੱਖ ਮੁੱਖੀ ਜਿਨ੍ਹਾਂ ਨੇ ਇਨ੍ਹਾਂ ਦਾ ਸੁਧਾਰ ਕਰਨਾ ਸੀ, ਕੁਝ ਢਿਲੇ ਪੈ ਗਏ ਸਨ। ਗੁਰਦੁਆਰਿਆਂ ਦੀ ਸਵੱਛਤਾ ਨੂੰ ਕਾਇਮ ਰੱਖਣ ਵਾਲਾ ਉਹ ਉਤਸ਼ਾਹ ਅਲੋਪ ਹੋ ਗਿਆ ਸੀ, ਜੋ ਇਨ੍ਹਾਂ ਦੇ ਦਿੱਲਾਂ ਵਿੱਚ ਚੜ੍ਹਦੀਆਂ ਕਲਾਂ ਸਮੇਂ ਪੂਰਨ ਠਾਠਾਂ ਮਾਰਦਾ ਹੁੰਦਾ ਸੀ। ਜਿਨ੍ਹਾਂ ਮਹੰਤਾਂ ਅਤੇ ਸਾਧੂਆਂ ਦੇ ਹੱਥਾਂ ਵਿੱਚ ਇਸ ਸਮੇਂ ਗੁਰਦੁਆਰੇ ਚਲੇ ਗਏ ਸਨ, ਉਨ੍ਹਾਂ ਨੇ ਆਪਣੇ ਸਿਰ ਤੇ ਸੰਗਤ ਦਾ ਭੈ ਲੱਖਾਂ ਅਨੁਭਵ ਕਰਕੇ ਧਰਮ-ਅਰਥ ਚੜ੍ਹਾਵੇ ਦੀ ਆਮਦਨ (ਗੁਰੂ ਕੀ ਗੋਲਕ) ਨੂੰ ਅਜਿਹੇ ਕੰਮਾਂ ਲਈ ਵਰਤਣਾ ਸ਼ੁਰੂ ਕੀਤਾ, ਜਿਸਦੀ ਮਿਸਾਲ ਦਿੰਦਿਆਂ ਸ਼ਰਮ ਆਉਂਦੀ ਹੈ। ਪਵਿੱਤਰ ਗੁਰਧਾਮਾਂ ਵਿੱਚ ਬੁੱਤ-ਪੂਜਾ, ਸ਼ਰਾਬਾਂ ਪੀਣ ਅਤੇ ਸਤਵੰਤੀਆਂ ਦੇ ਸਭ ਭੰਗ ਕਰਨ ਤੋਂ ਬਿਨਾਂ ਹੋਰ ਵੀ ਨੀਚਤਾ ਭਰੇ ਕੁਕਰਮ ਹੋਣ ਲੱਗ ਪਏ, ਜਿਨ੍ਹਾਂ ਨੇ ਗੁਰੂ ਪਿਆਰਿਆਂ ਤੇ ਪੰਥ ਦਰਦੀਆਂ ਦੇ ਹਿਰਦੇ ਛਾਨਣੀ ਛਾਨਣੀ ਕਰਕੇ ਦਿਲ ਤੜਫਾ ਦਿੱਤਾ। 1880 ਈ: ਦੇ ਪਿੱਛੋਂ ਕੁਝ ਸੱਜਣਾਂ ਨੇ ਮਿਲਕੇ ਇਨ੍ਹਾਂ ਕੁਕਰਮੀਆਂ ਦੇ ਸੁਧਾਰ ਲਈ ਯਤਨ ਅਰੰਭੇ। ਇਸ ਨਵੀਂ ਜਥੇਬੰਦੀ ਦਾ ਨਾਂ 'ਸਿੰਘ ਸਭਾ ਲਹਿਰ' ਰੱਖਿਆ ਗਿਆ। ਇਸ ਨਾਲ ਕੌਮ ਅੰਦਰ ਮੁੜ ਨਵੇਂ ਸਿਰੇ ਪੰਥ ਵਿਚ ਜਾਗਰਤੀ ਆਉਣੀ ਸ਼ੁਰੂ ਹੋਈ। ਸੰਗਤਾਂ ਵਿਚ ਸਿੱਖੀ ਭਾਵ, ਸ਼ਰਧਾ ਅਤੇ ਗੁਰਬਾਣੀ ਦੇ ਪ੍ਰੇਮ ਦਾ ਪ੍ਰਣ ਚਲ ਪਿਆ।

ਨਾਨਕ ਦੇਵ ਦਾ ਜਨਮ ਅਸਥਾਨ ਨਨਕਾਣਾ ਸਾਹਿਬ, ਸਿੱਖਾਂ ਦੇ ਧਾਰਮਿਕ ਸਥਾਨਾਂ ਵਿਚ ਸਭ ਤੋਂ ਵੱਧ ਮਹੱਤਤਾ ਰੱਖਦਾ ਹੈ। 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਗੁਰਦੁਆਰਾ ਜਨਮ ਅਸਥਾਨ ਉੱਤੇ ਮਹੰਤ ਸਾਧੂ ਰਾਮ ਦਾ ਕਬਜ਼ਾ ਸੀ, ਜੋ ਇਕ ਬਦਮਾਸ਼ ਸ਼ਰਾਬੀ ਤੇ ਤੀਵੀਬਾਜ਼ ਸੀ। ਉਹ ਛੇਤੀ ਹੀ ਮਾਰੂ ਰੋਗ ਦਾ ਸ਼ਿਕਾਰ ਹੋ ਕੇ ਮਰ ਗਿਆ। ਉਸ ਦੀ ਮੌਤ ਪਿੱਛੋਂ ਮਹੰਤ ਨਰਾਇਣ ਦਾਸ ਗੱਦੀ 'ਤੇ ਬੈਠਿਆ। ਗੱਦੀ 'ਤੇ ਬੈਠਣ ਸਮੇਂ ਮਹੰਤ ਨਰਾਇਣ ਦਾਸ ਨੇ ਅੰਗਰੇਜ਼ ਮੈਜਿਸਟਰੇਟ ਦੇ ਸਾਮ੍ਹਣੇ ਸਿੱਖ-ਸੰਗਤ ਨਾਲ ਬਚਨ ਕੀਤਾ ਕਿ ਉਹ ਪਹਿਲੇ ਮਹੰਤ ਦੇ ਕੁਚਾਲੇ ਕੁਕਰਮ ਛੱਡ ਦੇਵੇਗਾ। ਉਸ ਨੇ ਲਿਖ ਕੇ ਦਿੱਤਾ ਕਿ ਜੇ ਉਸ ਦੇ ਖ਼ਿਲਾਫ਼ ਕੋਈ ਕਸੂਰ ਸਾਬਤ ਹੋ ਜਾਣਗੇ ਤਾਂ ਉਹ ਅਸਤੀਫ਼ਾ ਦੇ ਦੇਵੇਗਾ। ਪਰ ਉਸ ਨੇ ਇਹ ਬਚਨ ਛੇਤੀ ਹੀ ਭੰਗ ਕਰ ਦਿੱਤੇ ਅਤੇ ਮੁੜ ਪਹਿਲੇ ਮਹੰਤਾਂ ਦੇ ਕੁਕਰਮੀ ਪੂਰਨਿਆਂ ਉੱਤੇ ਹੀ ਤੁਰਨ ਲੱਗ ਪਿਆ। ਉਸ ਨੇ ਇਕ ਮਿਰਾਸਣ ਆਪਣੇ ਘਰ ਗੁਰਦੁਆਰੇ ਦੇ ਅੰਦਰ ਲੈ ਆਂਦੀ, ਜਿਹੜੀ ਪਹਿਲੇ ਮਹੰਤਾਂ ਨਾਲ ਹੀ ਰਹਿੰਦੀ ਸੀ ਅਤੇ ਕੁਛ ਹੋਰ ਆਦਮੀਆਂ ਦੀ ਵੀ ਰਖੇਲ ਸੀ। ਉਸ ਦੀ ਕੁੱਖੋਂ ਦੋ ਲੜਕੇ ਅਤੇ ਦੋ ਲੜਕੀਆਂ ਪੈਦਾ ਹੋਈਆਂ, ਜਿਨ੍ਹਾਂ ਲਈ ਉਸ ਨੇ ਦੋ ਘਰ ਬਣਵਾਏ। ਸਭ ਤੋਂ ਉਪੱਦਰ ਦੀ ਗੱਲ ਇਹ ਹੈ ਕਿ ਅਗਸਤ 1917 ਵਿਚ ਲਾਹੌਰ ਤੋਂ ਵੇਸਵਾਵਾਂ ਮੰਗਵਾਈਆਂ। ਉਨ੍ਹਾਂ ਦੇ ਨਾਚ ਜਨਮ ਅਸਥਾਨ ਅੰਦਰ ਕਰਾਏ ਅਤੇ ਗੰਦੇ ਗੀਤ ਸੁਣੇ।

1918 ਈ: ਵਿਚ ਗੁਰਦੁਆਰੇ ਦੇ ਦਰਸ਼ਨਾਂ ਲਈ ਆਏ ਸੇਵਾ ਮੁਕਤ (ਈ.ਏ.ਸੀ.) ਦੀ 13 ਸਾਲ ਦੀ ਪੁੱਤਰੀ ਦੀ ਇਕ ਪੁਜਾਰੀ ਨੇ ਪੱਤ ਲੁੱਟੀ, ਜਦ ਕਿ ਉਸ ਜਗ੍ਹਾ 'ਤੇ ਇਕ ਪਾਸੇ ਰਹਿਰਾਸ ਦਾ ਪਾਠ ਹੋ ਰਿਹਾ ਸੀ। ਏਸੇ ਸਾਲ ਜੜ੍ਹਾਂਵਾਲਾ (ਲਾਇਲਪੁਰ) ਦੀਆਂ 6 ਬੀਬੀਆਂ ਨੂੰ ਰਾਤ ਨੂੰ ਬੁਰਛੇ ਪੁਜਾਰੀਆਂ ਨੇ ਜ਼ਬਰਦਸਤੀ ਪੱਤ ਲੁੱਟੀ। ਇਸ ਤਰ੍ਹਾਂ ਨਨਕਾਣਾ ਸਾਹਿਬ ਦਰਬਾਰ ਵਿਭਚਾਰ ਦਾ ਅੱਡਾ ਬਣ ਗਿਆ ਸੀ।

ਮਹੰਤ ਦੀਆਂ ਕਰਤੂਤਾਂ ਦੀ ਸਾਰੇ ਪਾਸਿਉਂ ਨਿੰਦਿਆ ਹੋਣ ਲੱਗੀ। ਉਸ ਵਿਰੁੱਧ ਸਿੱਖ ਜਗਤ ਵਿਚ ਗੁੱਸੇ ਦੇ ਭਾਂਬੜ ਬਲ ਉੱਠੇ।ਅਖ਼ਬਾਰ ਨੇ ਮਹੰਤ ਵੱਲੋਂ ਅਗਸਤ 1917 ਵਿੱਚ ਨਾਚ ਕਰਾਏ ਜਾਣ ਦੀ ਸਖ਼ਤ ਨਿਖੇਧੀ ਕੀਤੀ। ਸਿੰਘ ਸਭਾਵਾਂ ਤੇ ਸੰਗਤਾਂ ਨੇ ਸਰਕਾਰ ਨੂੰ ਇਨ੍ਹਾਂ ਹਰਕਤਾਂ ਨੂੰ ਰੋਕਣ ਲਈ ਮਤੇ ਪਾਸ ਕਰਕੇ ਭੇਜੇ। ਅਕਤੂਬਰ 1920 ਦੇ ਸ਼ੁਰੂ ਵਿਚ ਧਾਰੋਵਾਲ ਨਗਰ ਇਕ ਭਰਵੇਂ ਇੱਕਠ ਵਿਚ ਮਤਾ ਪਾਸ ਕਰਕੇ ਮਹੰਤ ਨਰਾਇਣ ਦਾਸ ਨੂੰ ਸੁਧਾਰ ਕਰਨ ਲਈ ਆਖਿਆ ਗਿਆ ਪਰ ਮਹੰਤ ਕਦੋਂ ਸੁਣਦਾ ਸੀ ਕਿਉਂ ਕਿ ਉਸ ਦੇ ਪਾਸ ਬੇ-ਹਿਸਾਬ ਪੈਸਾ ਸੀ ਤੇ ਵਿਆਹ - ਸ਼ਾਦੀਆਂ ਵਿਚ ਕੰਜਰੀਆਂ ਦਾ ਨਾਚ ਕਰਾਣ ਵਾਲੇ ਕੁਝ ਜਗੀਰਦਾਰ ਬੇਦੀ ਉਸ ਦੇ ਪਿੱਠ ਉੱਤੇ ਸਨ। ਸਰਕਾਰੀ ਹਾਕਮਾਂ ਨਾਲ ਵੀ ਉਸ ਦੇ ਗੂੜੇ ਸੰਬੰਧ ਸਨ। ਉਹ ਸਿੱਖਾਂ ਤੋਂ ਆਕੀ ਹੋ ਗਿਆ। ਸ੍ਰੀ ਅਕਾਲ ਤਖ਼ਤ ਹਰਿਮੰਦਿਰ ਸਾਹਿਬ ਤੇ ਅੰਮ੍ਰਿਤਸਰ ਦੇ ਦੂਜੇ ਗੁਰਦੁਆਰੇ ਮਹੰਤਾਂ ਹੱਥੋਂ ਖੁਸ ਗਏ ਸਨ, ਇਸ ਲਈ ਉਸ ਨੂੰ ਆਪਣੀ ਗੱਦੀ ਲਈ ਖ਼ਤਰਾ ਮਹਿਸੂਸ ਹੋਇਆ ਤੇ ਉਹ ਗੁਰਦੁਆਰਾ ਸੁਧਾਰ ਲਹਿਰ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਕਰਨ ਲੱਗਾ। ਬਾਬਾ ਕਰਤਾਰ ਸਿੰਘ ਬੇਦੀ ਤੇ ਸਰਕਾਰੀ ਅਫ਼ਸਰਾਂ ਨਾਲ ਗੂੜਾ ਸੰਬੰਧ ਰੱਖਣ ਵਾਲੇ ਹੋਰ ਬੰਦੇ ਉਹਦੇ ਮਸ਼ੀਰ ਤੇ ਸਲਾਹਕਾਰ ਬਣ ਗਏ। 400 ਦੇ ਕਰੀਬ ਉਸ ਨੇ ਦਸ ਨੰਬਰੀਏ ਬਦਮਾਸ਼ ਭਰਤੀ ਕਰ ਲਏ ਤੇ ਗੁਰਦੁਆਰੇ ਅੰਦਰ ਛਵ੍ਹੀਆਂ, ਕੁਹਾੜੇ, ਟਕੂਏ ਆਦਿ ਹਥਿਆਰ ਬਨਾਉਣ ਲਈ ਭੱਠੀਆਂ ਚਾਲੂ ਕਰ ਦਿੱਤੀਆਂ। ਉਸ ਨੇ ਗੁਰਦੁਆਰੇ ਦੀ ਪੂਰੀ ਤਰ੍ਹਾਂ ਕਿਲ੍ਹਾ ਬੰਦੀ ਕਰ ਲਈ। ਅੰਦਰ ਆਉਣ ਵਾਲੇ ਫਾਟਕ ਮਜ਼ਬੂਤ ਲੋਹੇ ਦੇ ਬਣਾ ਦਿੱਤੇ ਤੇ ਉਨ੍ਹਾਂ ਵਿਚ ਅੰਦਰੋਂ ਪਿਸਤੌਲ ਤੇ ਬੰਦੂਕਾਂ ਚਲਾਉਣ ਲਈ ਮੋਰੀਆਂ ਰੱਖ ਲਈਆਂ। ਇਸ ਤਰ੍ਹਾਂ ਗੁਰਦੁਆਰੇ ਦੇ ਅੰਦਰ ਤੇ ਬਾਹਰ ਕਤਲਾਮ ਦਾ ਪੂਰਾ ਪੂਰਾ ਬਾਨ੍ਹਣੂੰ ਬੰਨ ਲਿਆ ਗਿਆ। ਉਹ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿਸਟਰ ਸੀ। ਐਮ। ਕਿੰਗ ਨੂੰ ਮਿਲਿਆ, ਜਿਸ ਨੇ ਉਸ ਨੂੰ ਯਕੀਨ ਦੁਆਇਆ ਕਿ ਜੇ ਅਕਾਲੀਆਂ ਨੇ ਉਸ ਦੇ ਗੁਰਦੁਆਰੇ ਉੱਤੇ ਧਾਵਾ ਬੋਲਿਆ ਤਾਂ ਉਸ ਦੀ ਸਹਾਇਤਾ ਕੀਤੀ ਜਾਵੇਗੀ। ਉਸ ਦੇ ਸਾਥੀ ਮਹੰਤਾਂ ਨੇ ਵੀ ਉਸ ਨੂੰ ਸਲਾਹ ਦਿੱਤੀ ਕਿ ਜੇ ਅਕਾਲੀ ਗੁਰਦੁਆਰੇ ਦਾ ਕਬਜ਼ਾ ਲੈਣ ਆਉਣ ਤਾਂ ਉਹ ਬਿਨ੍ਹਾਂ ਝਿਜਕ ਉਨ੍ਹਾਂ ਨੂੰ ਮਾਰ ਕੇ ਸਾੜ ਫੂਕ ਦੇਵੇ। ਬਾਬਾ ਕਰਤਾਰ ਸਿੰਘ ਬੇਦੀ ਤੇ ਦੂਜੇ ਮਹੰਤਾਂ ਦੀ ਸਲਾਹ ਨਾਲ ਉਸ ਨੇ ਨਨਕਾਣਾ ਸਾਹਿਬ ਵਿਖੇ ਇਕ ਮੀਟਿੰਗ ਬੁਲਾਈ ਜਿਸ ਵਿਚ 60 ਤੋਂ ਵੱਧ ਮਹੰਤਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਾਨਤਾ ਨਾ ਦਿੱਤੀ ਜਾਵੇ। ਮਹੰਤ ਨਰਾਇਣ ਦਾਸ ਦੀ ਅਗਵਾਈ ਵਿਚ ਸਮਾਨਤਾ ਕਮੇਟੀ ਬਣਾਈ ਗਈ। ਅਕਾਲੀ ਲਹਿਰ ਦੇ ਖ਼ਿਲਾਫ ਪ੍ਰਚਾਰ ਕਰਨ ਲਈ ਲਾਹੌਰ ਤੋਂ ਸੰਤ ਸੇਵਕ ਨਾਂ ਦਾ ਅਖ਼ਬਾਰ ਵੀ ਸ਼ੁਰੂ ਕੀਤਾ ਗਿਆ।

ਮਹੰਤ ਦੇ ਅਕਾਲੀਆਂ ਨੂੰ ਕਤਲ ਕਰਨ ਦੇ ਇਰਾਦੇ ਨਸ਼ਰ ਹੋ ਚੁੱਕੇ ਸਨ ਤੇ ਇਸ ਸੰਬੰਧੀ ਅਖ਼ਬਾਰਾਂ ਵਿਚ ਖ਼ਬਰਾਂ ਆ ਰਹੀਆਂ ਸਨ। 24 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਸੱਦ ਕੇ ਮਤਾ ਪਾਸ ਕੀਤਾ ਕਿ ਚਾਰ, ਪੰਜ, ਛੇ ਮਾਰਚ 1921 ਨੂੰ ਨਨਕਾਣੇ ਵਿਖੇ ਖਾਲਸੇ ਦਾ ਦੀਵਾਨ ਹੋਵੇਗਾ। ਮਹੰਤ ਨੂੰ ਸੱਦਾ ਦਿੱਤਾ ਗਿਆ ਕਿ ਉਹ ਆਪਣਾ ਸੁਧਾਰ ਕਰੇ ਅਤੇ ਪੰਥ ਦੇ ਮਾਤਹਿਤ ਹੋ ਕੇ ਚਲੇ। ਇਕ ਨੋਟਿਸ ਵੰਡਿਆ ਗਿਆ ਕਿ ਪੰਜਾਬ ਸਰਕਾਰ ਸਿੱਖ ਰਾਜਿਆਂ ਅਤੇ ਆਮ ਸਿੱਖਾਂ ਨੂੰ ਆਖਿਆ ਗਿਆ ਕਿ ਉਹ ਸਾਰੇ ਮਿਲ ਕੇ ਆਪਣਾ ਅਸਲ ਰਸੂਖ਼ ਵਰਤਣ ਤਾਂ ਜੋ ਗੁਰਦੁਆਰਾ ਪੰਥਕ ਪ੍ਰਬੰਧ ਥੱਲੇ ਆ ਜਾਵੇ। ਸ਼੍ਰੋਮਣੀ ਕਮੇਟੀ ਨੇ 6 ਫ਼ਰਵਰੀ ਨੂੰ ਸੰਗਤਾਂ ਦੇ ਲੰਗਰ ਲਈ ਇਕ ਕਮੇਟੀ ਬਣਾਈ। ਮਹੰਤ ਨੂੰ ਸੱਚਾ ਸੌਦਾ ਸੁਲਤਾਨਪੁਰ ਵਿਚ 7 ਫ਼ਰਵਰੀ ਤੋਂ 9 ਫ਼ਰਵਰੀ 1921 ਨੂੰ ਹੋਣ ਵਾਲੀ ਅਕਾਲੀਆਂ ਦੀ ਮੀਟਿੰਗ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ, ਪਰ ਉਹ ਮੀਟਿੰਗ ਵਿਚ ਨਾ ਆਇਆ। ਫਿਰ 14 ਫ਼ਰਵਰੀ ਨੂੰ ਸ਼ੇਖ਼ੂਪੁਰਾ ਵਿਚ ਇਕ ਹੋਰ ਮੀਟਿੰਗ ਰੱਖੀ ਗਈ, ਇਸ ਵਿਚ ਵੀ ਉਹ ਨਹੀਂ ਆਇਆ ਤੇ ਉਸ ਨੇ ਮੀਟਿੰਗ ਲਾਹੌਰ ਕਰਨ ਲਈ ਕਿਹਾ, ਜਿਸ ਲਈ ਅਕਾਲੀ ਸਹਿਮਤ ਹੋ ਗਏ। ਅਕਾਲੀ ਆਗੂਆਂ ਨੂੰ ਮਿਲਣ ਦੀ ਥਾਂ 'ਤੇ ਉਸ ਨੇ 400 ਦੀ ਗਿਣਤੀ ਵਿਚ ਭਾੜੇ ਦੇ ਟੱਟੂਆਂ ਦੀ ਫ਼ੌਜ ਵਿਚ ਉਸ ਨੇ 28 ਹੋਰ ਪਠਾਣ ਸ਼ਾਮਲ ਕਰਕੇ ਟੱਕਰ ਲੈਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਜਾਪਦਾ ਹੈ ਕਿ ਵਾਰ ਵਾਰ ਮੀਟਿੰਗ ਦੀਆਂ ਤਰੀਕਾਂ ਮੁਲਤਵੀ ਕਰਕੇ ਉਹ ਤਿਆਰੀ ਲਈ ਸਮਾਂ ਹਾਸਲ ਕਰ ਰਿਹਾ ਸੀ।

ਮਹੰਤ ਦੀਆਂ ਕਾਤਲਾਨਾਂ ਯੋਜਨਾਵਾਂ ਦਾ ਅਕਾਲੀਆਂ ਨੂੰ ਪਤਾ ਲੱਗ ਗਿਆ, ਜਿਨ੍ਹਾਂ ਨੇ ਜਥਿਆਂ ਨੂੰ 4 ਮਾਰਚ 1921 ਨੂੰ ਵਿਉਂਤੇ ਆਮ ਇੱਕਠ ਤੋਂ ਪਹਿਲਾਂ ਨਨਕਾਣੇ ਜਾਣ ਅਤੇ ਮਹੰਤ ਦੀ ਕੁੜਿੱਕੀ ਵਿਚ ਫਸਣ ਤੋਂ ਬਚਣ ਲਈ ਸਿਰ ਤੋੜ ਯਤਨ ਸ਼ੁਰੂ ਕੀਤੇ। ਇਸ ਮਕਸਦ ਲਈ ਹਰਚੰਦ ਸਿੰਘ, ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਨੂੰ ਨਨਕਾਣੇ ਭੇਜਿਆ ਤਾਂ ਜੋ ਉਹ ਜਥਿਆਂ ਨੂੰ ਜਨਮ ਅਸਥਾਨ ਵੱਲ ਜਾਣ ਤੋਂ ਰੋਕਣ। ਇਹ ਆਗੂ 19 ਫ਼ਰਵਰੀ 1921 ਨੂੰ ਨਨਕਾਣੇ ਪਹੁੰਚੇ ਅਤੇ ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ, ਜਸਵੰਤ ਸਿੰਘ ਝਬਾਲ ਅਤੇ ਦਲੀਪ ਸਿੰਘ ਉਨ੍ਹਾਂ ਨਾਲ ਆ ਸ਼ਾਮਲ ਹੋਏ।ਇੱਥੋਂ ਇਨ੍ਹਾਂ ਨੇ ਸਲਾਹ ਕਰਕੇ ਦਲੀਪ ਸਿੰਘ ਤੇ ਜਸਵੰਤ ਸਿੰਘ ਨੂੰ ਖਰਾ ਸੌਦਾ ਭੇਜਿਆ ਕਿ ਉਹ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਮਿਲਣ ਅਤੇ ਨਨਕਾਣੇ ਸਾਹਿਬ ਉੱਤੇ ਕਬਜ਼ਾ ਕਰਨ ਦੀ ਉਸ ਦੀ ਯੋਜਨਾ ਨੂੰ ਤਿਆਗ ਦੇਣ ਵਾਸਤੇ ਉਸ ਨੂੰ ਪ੍ਰੇਰਨ ।ਝੱਬਰ ਨੂੰ ਸੂਚਨਾ ਦੇਣ ਪਿੱਛੋਂ ਦਲੀਪ ਸਿੰਘ, ਭਾਈ ਲਛਮਣ ਸਿੰਘ ਨੂੰ ਸੂਚਨਾ ਦੇਣ ਲਈ ਸੁੰਦਰ ਕੋਟ ਰਵਾਨਾ ਹੋਇ ਕਿ ਉਹ ਯੋਜਨਾ ਅਨੁਸਾਰ ਨਨਕਾਣੇ ਲਈ ਰਵਾਨਾ ਨਾ ਹੋਵੇ। ਪਤਾ ਲੱਗਣ 'ਤੇ ਕਿ ਭਾਈ ਲਛਮਣ ਸਿੰਘ ਤੇ ਉਸ ਦਾ ਜਥਾ ਪਹਿਲਾਂ ਹੀ ਉਥੋਂ ਜਾ ਚੁੱਕੇ ਹਨ, ਦਲੀਪ ਸਿੰਘ ਉਤਮ ਸਿੰਘ ਦੀ ਫੈਕਟਰੀ ਵੱਲ ਤੁਰ ਪਿਆ, ਜਿਹੜੀ ਨਨਕਾਣੇ ਤੋਂ ਤਕਰੀਬਨ ਇਕ ਮੀਲ ਹੱਟਵੀਂ ਸੀ।

ਭਾਈ ਲਛਮਣ ਸਿੰਘ ਆਪਣੇ ਪਿੰਡੋਂ ਕੁਝ ਅਕਾਲੀ ਹੋਰ ਨਾਲ ਲੈ ਕੇ 19 ਫ਼ਰਵਰੀ 1921 ਦੀ ਡੂੰਘੀ ਸ਼ਾਮ ਹੋਣ ਵੇਲੇ ਤੁਰੇ। ਉਨ੍ਹਾਂ ਨਾਲ ਇਨ੍ਹਾਂ ਵਿੱਚ ਆਪਣੀ ਸ਼ਿਰੀ ਮਤੀ ਤੇ ਇਕ ਉਸਤਾਦਨੀ ਵੀ ਸੀ। ਰਸਤੇ ਵਿੱਚ ਉਹਨਾਂ ਨਾਲ ਇਕ ਹੋਰ ਬੀਬੀ ਸ਼ਾਮਲ ਹੋ ਗਈ। ਉਹਨਾਂ ਨੇ 19 ਅਕਾਲੀ ਦੇਵੀ ਸਿੰਘ ਵਾਲਾ ਤੋਂ, 11 ਧਨੂੰਵਾਲ ਤੋਂ, 7 ਜਾਂ 8 ਚੇਲਾਵਾਲਾ ਤੋਂ, 6 ਠੱਠੀਆਂ ਤੋਂ, 5 ਮੂਲਾ ਸਿੰਘ ਵਾਲਾ ਅਤੇ ਕੁਛ ਹੋਰ ਪਿੰਡਾਂ ਤੋਂ ਆਪਣੇ ਨਾਲ ਹੋਰ ਅਕਾਲੀ ਲਏ। ਇਹ ਕੁੱਲ ਅਕਾਲੀ ਮਿਲਕੇ 150 ਸੂਰਬੀਰਾਂ ਦਾ ਜੱਥਾ ਬਣ ਗਿਆ। 21 ਫਰਵਰੀ ਨੂੰ ਸਵੇਰ ਦੇ ਕੋਈ 5 ਵਜੇ ਜਨਮ ਅਸਥਾਨ ਦੇ ਉੱਤਰ ਵਲ ਭੱਠਿਆਂ ਉੱਤੇ ਇਹਨਾਂ ਕੋਲ ਭਾਈ ਦਲੀਪ ਸਿੰਘ ਦਾ ਆਦਮੀ ਸੰਦੇਸ਼ਾ ਲੈ ਕੇ ਪਹੁੰਚਾ, ਜਿਸ ਵਿੱਚ ਲਿਖਿਆ ਹੋਇਆ ਸੀ ਕਿ ਭਾਈ ਹੋਰੀਂ ਜੱਥੇ ਸਮੇਤ ਨਨਕਾਣੇ ਸਾਹਿਬ ਤੋਂ ਵਾਪਸ ਚਲੇ ਜਾਣ ਅਤੇ ਨਨਕਾਣੇ ਸਾਹਿਬ ਵਿੱਚ ਬਿਲਕੁੱਲ ਪੈਰ ਨਾ ਰੱਖਣ। ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ ਦਾ ਬੜਾ ਆਦਰ ਸਨਮਾਨ ਕਰਦੇ ਸਨ, ਉਹ ਇਹ ਹੁਕਮ ਮੰਨ ਕੇ ਵਾਪਸ ਜਾਣ ਲਈ ਤਿਆਰ ਹੋ ਗਏ, ਪਰ ਭਾਈ ਟਹਿਲ ਸਿੰਘ ਜੀ ਕਹਿਣ ਲੱਗੇ, "ਅੱਜ ਗੁਰੂ ਹਰਿ ਰਾਇ ਜੀ ਦਾ ਜਨਮ ਦਿਨ ਹੈ। ਏਥੇ ਹੁਣ ਪਹੁੰਚੇ ਹੋਏ ਹਾਂ। ਚਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚੱਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ ਨਾ? ਕੋਈ ਗੱਲ ਨਹੀਂ। ਜਦੋਂ ਅਸਾਂ ਕੋਈ ਹਥਿਆਰ ਨਹੀਂ ਚੁੱਕਣਾ, ਸ਼ਾਤਮਈ ਰਹਿਣਾ ਏ, ਮੁਕਾਬਲਾ ਨਹੀਂ ਕਰਨਾ ਅਤੇ ਭੜਕਾਹਟ ਪੈਦਾ ਕਰਨ ਲਈ ਕੋਈ ਗੱਲ ਨਹੀਂ ਕਰਨੀ, ਮੱਥਾ ਟੇਕ ਕੇ ਵਾਪਸ ਆ ਜਾਣਾ ਏ ਤਾਂ ਫੇਰ ਝਗੜਾ ਕਿਉਂ ਹੋਊ?" ਪਰ ਉਹਨਾਂ ਨੂੰ ਮਹੰਤ ਦੇ ਸ਼ੈਤਾਨੀ ਮਨਸੂਬਿਆਂ ਦਾ ਪਤਾ ਨਹੀਂ ਸੀ।

ਭਾਈ ਲਛਮਣ ਸਿੰਘ ਜੀ ਰਜ਼ਾਮੰਦ ਹੋ ਗਏ ਅਤੇ ਜੱਥਾ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨ ਨੂੰ ਤੁਰ ਪਿਆ। ਬੀਬੀਆਂ ਗੁਰਦੁਆਰਾ ਤੰਬੂ ਸਾਹਿਬ ਦੇ ਦਰਸ਼ਨਾਂ ਲਈ ਚਲੀਆਂ ਗਈਆਂ ਜਿੱਥੋਂ ਉਹ ਵਾਪਸ ਘਰਾਂ ਨੂੰ ਮੁੜ ਗਈਆਂ ਅਤੇ ਅਕਾਲੀ ਜਨਮ ਅਸਥਾਨ ਦੇ ਬਾਹਰ ਤਾਲਾਬ ਵਿੱਚ ਅਸ਼ਨਾਨ ਕਰਨ ਲੱਗ ਪਏ। ਕੋਈ ਛੇ ਵਜੇ ਦੇ ਕਰੀਬ ਉਹ ਗੁਰਦੁਆਰੇ ਵਿੱਚ ਮੱਥਾ ਟੇਕਣ ਲਈ ਦਾਖ਼ਲ ਹੋਏ।

ਮਹੰਤ ਦੇ ਗੁੰਡੇ ਤੇ ਬਦਮਾਸ਼ ਅੱਗੇ ਤਿਆਰ ਬੈਠੇ ਸਨ। ਮਹੰਤ ਨੇ ਸਭ ਤਿਆਰੀਆਂ ਮੁਕੰਮਲ ਕਰ ਰੱਖੀਆਂ ਸਨ। ਉਸ ਨੇ ਪਹਿਲੋਂ ਹੀ ਆਪਣੇ ਟੱਬਰ ਦੇ ਬੰਦੇ ਲਾਹੌਰ ਘੱਲ ਦਿੱਤੇ ਹੋਏ ਸਨ। ਰੁਪਇਆ ਪੈਸਾ ਅਤੇ ਜ਼ਰੂਰੀ ਕਾਗਜ਼ ਪੱਤਰ ਵੀ ਉਹਨਾਂ ਦੇ ਹਵਾਲੇ ਕਰ ਦਿੱਤੇ ਸਨ। ਏਥੋਂ ਤਕ ਕੇ ਉਸ ਨੇ ਕਸੂਰ ਦੇ ਥਾਣੇ ਵਿੱਚ ਦਸ ਨੰਬਰੀਏ ਬਦਮਾਸ਼ਾਂ - ਰਿਹਾਨਾ, ਅਮਲੀ, ਕੁੰਦੀ, ਵਸਾਖਾ ਅਤੇ ਕੁਛ ਹੋਰਨਾਂ ਦੀਆਂ ਹਾਜ਼ਰੀਆਂ ਲਵਾਣ ਦਾ ਬੰਦੋਬਸਤ ਵੀ ਕਰ ਛੱਡਿਆ ਸੀ ਤਾਂ ਜੋ ਉਹ ਆਪਣੀ ਪੁਜ਼ੀਸ਼ਨ ਸਾਫ਼ ਕਰਨ ਲਈ ਉਜ਼ਰ ਪੇਸ਼ ਕਰ ਸਕੇ ਕਿ ਜਿਨ੍ਹਾਂ ਬਦਮਾਸ਼ਾਂ ਨੂੰ ਕਾਤਲ ਆਖਿਆ ਜਾ ਰਿਹਾ ਹੈ ਉਹ ਤਾਂ ਉਸ ਦਿਨ ਨਨਕਾਣੇ ਸਾਹਿਬ ਵਿੱਚ ਹਾਜ਼ਰ ਹੀ ਨਹੀਂ ਸਨ। ਉਹਨਾਂ ਦੀ ਹਾਜ਼ਰੀ ਕਸੂਰ ਦੇ ਥਾਣੇ ਵਿੱਚ ਲੱਗੀ ਹੋਈ ਹੈ।

19 ਤੇ 20 ਫਰਵਰੀ ਨੂੰ ਮਹੰਤਾਂ ਨੇ ਲਾਹੌਰ ਵਿੱਚ ਆਪਣੀ ਸਨਾਤਨ ਸਿੱਖ ਕਾਨਫ਼ਰੰਸ ਰੱਖੀ ਹੋਈ ਸੀ। ਇਸ ਕਾਨਫ਼ਰੰਸ ਨੂੰ ਧਿਆਨ ਵਿੱਚ ਰੱਖ ਕੇ ਹੀ ਝੱਬਰ ਦੇ ਜੱਥੇ ਨੇ ਫੈਸਲਾ ਕੀਤਾ ਸੀ ਕਿ ਪੰਥ ਦੇ ਮਾਰਚ ਦੇ ਇੱਕਠ ਤੋਂ ਪਹਿਲੋਂ ਮਹੰਤ ਦੀ ਗ਼ੈਰ-ਹਾਜ਼ਰੀ ਵਿੱਚ, ਨਨਕਾਣੇ ਸਾਹਿਬ ਉੱਤੇ ਕਬਜ਼ਾ ਕਰ ਲਿਆ ਜਾਵੇ ਅਤੇ ਆਗੂਆਂ ਨੂੰ ਕਤਲ ਹੋਣੋਂ ਬਚਾਇਆ ਜਾਵੇ। ਪਰ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਰੱਦ ਕਰ ਦਿੱਤਾ ਸੀ। 19 ਫਰਵਰੀ ਨੂੰ ਮਹੰਤ ਕਾਨਫ਼ਰੰਸ ਉੱਤੇ ਜਾਣ ਲਈ 3.44 ਸ਼ਾਮ ਦੀ ਗੱਡੀ ਵਿੱਚ ਬੈਠਾ ਹੀ ਸੀ ਕਿ ਇਕ ਮੁਸਲਮਾਨ ਔਰਤ ਨੇ ਉਹਨੂੰ ਆਣ ਕੇ ਆਖਿਆ ਕਿ ਜੱਥਾ ਬੁੱਚਆਣੇ ਆ ਗਿਆ ਹੈ। ਮਹੰਤ ਗੱਡੀ ਵਿੱਚੋਂ ਉਤਰ ਕੇ ਵਾਪਸ ਆ ਗਿਆ ਅਤੇ ਉਸ ਨੇ ਸਾਰੇ ਗੁੰਡਿਆਂ, ਬਦਮਾਸ਼ਾਂ ਤੇ ਦਸ ਨੰਬਰੀਆਂ ਨੂੰ ਗੰਡਾਸਿਆਂ, ਛੱਵ੍ਹੀਆਂ, ਤਲਵਾਰਾਂ, ਬੰਦੂਕਾਂ ਤੇ ਪਿਸਤੌਲਾਂ ਨਾਲ ਲੈਸ ਕਰ ਦਿੱਤਾ। ਵੱਡੀ ਮਿਕਦਾਰ ਵਿੱਚ ਬਾਲਣ ਤੇ ਮਿੱਟੀ ਦਾ ਤੇਲ ਪਹਿਲੋਂ ਹੀ ਗੁਰਦੁਆਰੇ ਵਿੱਚ ਜਮ੍ਹਾਂ ਕਰ ਲਿਆ ਗਿਆ ਸੀ ਅਤੇ ਕੋਠਿਆਂ ਦੀਆਂ ਛੱਤਾਂ ਉੱਤੇ ਰੋੜੇ, ਪੱਥਰ ਇੱਟਾਂ ਦੇ ਤਕੜੇ ਢੇਰ ਰੱਖ ਲਏ ਗਏ ਸਨ।

**ਮੋਰਚਾਬੰਦੀ ਮਜ਼ਬੂਤ ਬਣਾਉਣ ਲਈ ਮਹੰਤ ਨੇ ਬਦਮਾਸ਼ਾਂ ਦੀ ਵੰਡ ਇਸ ਤਰ੍ਹਾਂ ਕੀਤੀ :** ਮਾਝੇ ਦੇ ਬਦਮਾਸ਼ ਉਸ ਨੇ ਆਪਣੀ ਤੇ ਆਪਣੀ ਬੈਠਕ ਦੀ ਹਿਫ਼ਾਜ਼ਤ ਕਰਨ ਲਈ ਮੁਕੱਰਰ ਕੀਤੇ। ਕੋਟਾਂ ਦੇ ਕੁਝ ਆਦਮੀ ਉਸ ਨੇ ਬਾਜ਼ਾਰ ਗੇਟ ਦੇ ਸਾਹਮਣੇ ਨੀਅਤ ਕੀਤੇ ਅਤੇ ਕੁਝ ਦਰਸ਼ਨੀ ਡਿ ੜ੍ਹੀ ਦੇ ਲਾਗੇ। ਅੰਦਰ ਗੁਰਦੁਆਰੇ ਵਿੱਚ ਪਠਾਣਾਂ ਨੂੰ ਦੋ ਵੱਡੇ ਦਰਵਾਜ਼ਿਆਂ ਦੀ ਹਿਫ਼ਾਜ਼ਤ ਕਰਨ ਦਾ ਕੰਮ ਸੌਂਪਿਆ ਗਿਆ। ਜੇ ਗੁਰਦੁਆਰੇ ਵਿੱਚ ਹੁਣ ਤੱਕ ਧਰਮ ਜਾਂ ਇਖ਼ਲਾਕ ਦਾ ਕੋਈ ਅੰਸ਼ ਬੱਚਿਆ ਹੋਇਆ ਵੀ ਸੀ ਤਾਂ ਉਹ ਵੀ ਖ਼ਤਮ ਹੋ ਗਿਆ। ਗੁਰਦੁਆਰਾ ਜਨਮ ਅਸਥਾਨ ਜੰਗ ਤੇ ਵੱਢ-ਟੁੱਕ ਦੀ ਮੋਰਚਾ ਬੰਦੀ ਵਿੱਚ ਤਬਦੀਲ ਹੋ ਗਿਆ।

ਸਿੰਘਾਂ ਦਰਸ਼ਨੀ ਡਿ ੜ੍ਹੀ ਵੜਨ ਤੋਂ ਪਹਿਲੋਂ, ਸਤਕਾਰ ਵਜੋਂ, ਆਪਣੇ ਸੀਸ ਝੁਕਾਏ, ਫੇਰ 'ਸਤਿ ਸਿਰੀ ਅਕਾਲ' ਦੇ ਨਾਹਰੇ ਗਜਾਏ ਅਤੇ ਜਾ ਕੇ ਦਰਬਾਰ ਦੇ ਸਾਹਮਣੇ ਮੱਥਾ ਟੇਕ ਕੇ ਬੈਠ ਗਏ। ਭਾਈ ਲਛਮਣ ਸਿੰਘ ਗੁਰੂ ਗ੍ਰੰਥ ਦੀ ਤਾਬਿਆ ਬੈਠ ਗਏ ਅਤੇ ਸਾਰੇ ਸਿੰਘ ਸ਼ਬਦ ਪੜ੍ਹਨ ਵਿੱਚ ਮਗਨ ਹੋ ਗਏ। ਸਾਧੂ ਸਭ ਥੋਂ ਹੌਲੀ ਹੌਲੀ ਖਿਸਕ ਗਏ। ਉਨ੍ਹਾਂ ਦੇ ਚਿੱਤ-ਚੇਤੇ ਵਿੱਚ ਵੀ ਨਹੀਂ ਸੀ ਕਿ ਨੀਚ ਹੁੰਦਿਆਂ ਹੋਇਆਂ ਵੀ ਮਹੰਤ ਦੀ ਨੀਚਤਾ ਸਭ ਹੱਦ ਬੰਨੇ ਟੱਪ ਕੇ ਦਰਬਾਰ ਸਾਹਿਬ ਨੂੰ - ਜਿੱਥੇ, ਸ੍ਰੀ ਗੁਰੂ ਨਾਨਕ ਦੇਵ ਨੇ ਜਨਮ ਲੈ ਕੇ, ਏਕਤਾ, ਭਰੱਪਣ, ਬਰਾਬਰੀ ਤੇ ਸ਼ਾਂਤੀ ਦਾ ਸੰਦੇਸ਼ ਦਿੱਤਾ ਸੀ - ਕਤਲੇਆਮ ਦਾ ਖੇਤਰ ਬਣਾ ਦੇਵੇਗੀ। ਉਹ ਅਨਭੋਲ, ਸਭ ਕੁਛ ਭੁਲਾਈ, ਸ਼ਬਦ ਪੜ੍ਹਨ ਵਿੱਚ ਮਗਨ, ਬੈਠੇ ਸ਼ਬਦ ਪੜ੍ਹੀ ਜਾ ਰਹੇ ਸਨ ਕਿ ਏਕਾ ਏਕੀ ਗੋਲੀਆਂ ਵਰ੍ਹਨ ਲੱਗ ਪਈਆਂ।ਸਿੰਘ ਫੱਟੜ ਹੋ ਹੋ ਜ਼ਮੀਨ ਤੇ ਤੜਫਨ ਲੱਗ ਪਏ। ਕੋਠਿਆਂ ਦੀਆਂ ਛੱਤਾਂ ਉੱਤੇ ਮੋਰਚੇ ਬਣੇ ਹੋਏ ਸਨ ਅਤੇ ਮਹੰਤ ਦੇ ਗੁੰਡੇ ਦਣਾ ਦਣ ਗੋਲੀਆਂ ਚਲਾ ਚਲਾ ਸਿੰਘਾਂ ਨੂੰ ਸ਼ਹੀਦ ਕਰੀ ਜਾ ਰਹੇ ਸਨ। ਸਿੰਘ ਉਠਕੇ ਬਚਾਅ ਵਾਲੀਆਂ ਥਾਵਾਂ ਵੱਲ ਹੋਏ,ਪਰ ਬਚਾਅ ਵਾਲੀਆਂ ਥਾਵਾਂ ਉੱਥੇ ਕਿੱਥੇ ਸਨ - ਕਿਤਿਉਂ ਗੋਲੀਆਂ ਆ ਰਹੀਆਂ ਸਨ ਤੇ ਕਿਤਿਉਂ ਇੱਟਾਂ ਵੱਟਿਆਂ ਦੀ ਬੁਛਾੜ ਉੱਤੇ ਬੁਛਾੜ ਆ ਰਹੀ ਸੀ। ਕੋਈ ਲੁੱਕਣ ਦੀ ਥਾਂ ਨਹੀਂ ਸੀ । ਦਰਵਾਜ਼ੇ ਸਭ ਬੰਦ ਸਨ। ਚਾਰ ਚੁਫੇਰੇ ਮੋਰਚੇਬੰਦੀ ਹੋਈ ਹੋਈ ਸੀ। ਜਿਹੜੇ ਸ਼ਾਂਤੀ ਨਾਲ ਬੈਠੇ ਰਹੇ, ਉਹ ਉਥੇ ਹੀ ਗੋਲੀਆਂ ਦਾ ਨਿਸ਼ਾਨਾ ਬਣਕੇ ਸ਼ਹੀਦ ਹੋ ਗਏ। ਵਿਹੜੇ ਵਿੱਚ ਕੋਈ ਪੰਝੀ ਛੱਬੀ ਸਿੰਘ ਸ਼ਹੀਦ ਹੋ ਗਏ। ਕੋਈ ਸੱਠ ਕੁ ਸਿੰਘ ਦਰਬਾਰ ਦੇ ਅੰਦਰ ਚੌਖੰਡੀ ਵਿੱਚ ਚਲੇ ਗਏ ਅਤੇ ਉਹਨਾਂ ਨੇ ਅੰਦਰੋਂ ਕੁੰਡੇ ਲਾ ਲਏ ਪਰ ਮਹੰਤ ਦੇ ਖ਼ੂੰਖ਼ਾਰਟ ਬਦਮਾਸ਼ਾਂ ਦੇ ਸਿਰ ਤੇ ਖ਼ੂਨ ਸਵਾਰ ਸੀ- ਉਹ ਸ਼ਰਾਬਾਂ ਪੀ ਪੀ ਰੱਜੇ ਹੋਏ ਸਨ। ਉਹ ਪਹਿਲੋਂ ਹਰ ਸ਼ਿਸ਼ਤ ਵਾਲੀ ਥਾਂ ਤੇ ਖਲੋਕੇ, ਗੋਲੀਆਂ ਚਲਾ ਚਲਾ ਮਾਰਦੇ ਰਹੇ, ਪਿਛੋਂ ਦਰਸ਼ਨੀ ਡਿਓੜ੍ਹੀ ਦੇ ਵਧਾਅ ਉੱਤੇ ਆ ਗਏ ਅਤੇ ਕਈਆਂ ਸਿੰਘਾਂ ਦੇ ਉਥੋਂ ਨਿਸ਼ਾਨੇ ਬਣਾਏ। ਜਦੋਂ ਵੇਖਿਆ ਕਿ ਹੁਣ ਥੱਲੇ ਕੋਈ ਹਰਕਤ ਨਜ਼ਰ ਨਹੀਂ ਆਉਂਦੀ, ਤਦ ਮਹੰਤ ਦੇ ਇਹ ਬਦਮਾਸ਼ ਥੱਲੇ ਉਤਰ ਆਏ ਅਤੇ ਦਰਸ਼ਨੀ ਤੇ ਬਾਜ਼ਾਰ ਗੇਟ ਜਿਹੜਾ ਵੀ ਫੱਟੜ ਜੀਉਂਦਾ ਨਜ਼ਰ ਆਇਆ, ਉਸ ਨੂੰ ਛਵ੍ਹੀਆਂ ਨਾਲ ਕੁਤਰ ਦਿੱਤਾ ਤੇ ਡਾਂਗਾਂ ਮਾਰ ਮਾਰ ਫਿਹ ਦਿੱਤਾ। ਪੰਜ ਛੇ ਆਦਮੀ ਇਕ ਬੰਦ ਬਰਾਂਡੇ ਵਿੱਚ ਖਲੋਤੇ ਸਨ, ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। 25 ਕੁ ਅਕਾਲੀ ਲਾਂਭਾਂ ਦੇ ਕਮਰਿਆਂ ਵਿੱਚ ਪਨਾਹ ਲੈ ਰਹੇ ਸਨ, ਉਨ੍ਹਾਂ ਨੂੰ ਵੀ ਮਹੰਤ ਦੀ ਧਾੜ ਨੇ ਗੋਲੀਆਂ, ਟਕੂਏ, ਲਾਠੀਆਂ ਅਤੇ ਇੱਟਾਂ ਮਾਰ ਕੇ ਪਾਰ ਬੁਲਾਇਆ।

ਇਸ ਵੇਲੇ ਬਾਹਰੋਂ ਸਿੰਘਾਂ ਦੇ ਜੈਕਾਰੇ ਛੱਡਣ ਦੀ ਆਵਾਜ਼ ਆਈ। ਇਨ੍ਹਾਂ ਗੁੰਡਿਆਂ ਤੇ ਬਦਮਾਸ਼ਾਂ ਨੇ ਉਨ੍ਹਾਂ ਉੱਤੇ ਹਮਲਾ ਕਰਨ ਲਈ ਦਰਸ਼ਨੀ ਤੇ ਬਾਜ਼ਾਰ ਗੇਟ ਖੋਲ੍ਹ ਦਿੱਤੇ ਅਤੇ ਟੁੱਟ ਕੇ ਉਨ੍ਹਾਂ ਉੱਤੇ ਜਾ ਪਏ। ਕੁਝ ਛੱਤਾਂ ਉੱਤੇ ਚੜ੍ਹ ਕੇ ਗੋਲੀਆਂ ਤੇ ਇੱਟਾਂ ਵੱਟੇ ਚਲਾਣ ਲੱਗ ਪਏ। ਇਸ ਹਫ਼ੜਾ ਦਫੜੀ ਵਿੱਚ ਕੁਛ ਸਿੰਘ ਬਾਹਰ ਨਿਕਲ ਗਏ। ਦੋ ਪੌੜੀਆਂ ਚੜ੍ਹ ਕੇ ਕੋਠੇ ਉੱਤੇ ਘੇਰੇ ਗਏ ਅਤੇ ਉਥੋਂ ਛਵ੍ਹੀਆਂ ਨਾਲ ਜ਼ਖ਼ਮੀ ਕਰ ਦਿੱਤੇ ਗਏ ਅਤੇ ਬਾਹਰ ਵਾਰ ਸੁੱਟ ਦਿੱਤੇ ਗਏ। ਮਹੰਤ ਖ਼ੁਦ ਇਸ ਕਤਲੇਆਮ ਦੀ ਅਗਵਾਈ ਕਰ ਰਿਹਾ ਸੀ। ਉਸ ਨੇ ਮੂੰਹ ਉੱਤੇ ਚਾਦਰ ਲਪੇਟੀ ਹੋਈ ਸੀ ਅਤੇ ਘੋੜੇ ਉੱਤੇ ਚੜ੍ਹਿਆ ਹੋਇਆ ਕਦੇ ਏਧਰ ਜਾਂਦਾ ਸੀ ਕਦੇ ਉੱਧਰ ਅਤੇ ਉੱਚੀ ਉੱਚੀ ਆਖ ਰਿਹਾ ਸੀ,"ਕੋਈ ਵਾਲਾਂ ਵਾਲਾ ਸਿੱਖ ਜੀਉਂਦਾ ਨਾ ਰਹਿਣ ਦਿਓ! ਮਾਰੋ ਇਨ੍ਹਾਂ ਨੂੰ।" ਉਨ੍ਹਾਂ ਨੂੰ ਹੋਰ ਉਤਸ਼ਾਹਤ ਕਰਨ ਤੇ ਜੋਸ਼ ਦਿਵਾਉਣ ਲਈ ਉਸ ਨੇ ਖ਼ੁਦ ਪਿਸਤੌਲ ਵਿੱਚੋਂ ਗੋਲੀ ਚਲਾ ਕੇ ਇੱਕ ਸਿੰਘ

(ਬਾਕੀ ਅਗਲੇ ਸਫੇ 'ਤੇ)

# ਸਾਕਾ ਨਨਕਾਣਾ ਸਾਹਿਬ

**(ਸਫਾ 22 ਦੀ ਬਾਕੀ)**

ਥਾਂ ਹੀ ਮਾਰ ਦਿੱਤਾ। ਕੋਈ ਛੇ ਸਿੰਘ ਇਸ ਤਰ੍ਹਾਂ ਬਾਹਰ ਹੀ ਕਤਲ ਕਰ ਦਿੱਤੇ ਗਏ। ਕੁਝ ਸਿੰਘਾਂ ਦਾ ਪਿੱਛਾ ਰਿਹਾਨੇ ਦੇ ਕੁਛ ਸਾਧੂਆਂ ਨੇ ਰੇਲਵੇ ਲਾਈਨਾਂ ਤਕ ਕੀਤਾ ਜਿੱਥੇ ਇਕ ਬੁੱਢਾ ਸਿੱਖ ਤੇ ਦੋ ਹੋਰ ਸਿੰਘ ਮਾਰ ਦਿੱਤੇ ਗਏ। ਦੋ ਤਿੰਨ ਸਿੰਘ ਖੇਤਾਂ ਵਿੱਚ ਜਾ ਕੇ ਮਾਰ ਦਿੱਤੇ ਗਏ। ਮਹੰਤ ਅਕਾਲੀਆਂ ਦਾ ਬੀਅ ਨਾਸ ਕਰਨ ਉੱਤੇ ਤੁਲਿਆ ਹੋਇਆ ਨਜ਼ਰ ਆਉਂਦਾ ਸੀ।

ਅੰਦਰ ਤੇ ਬਾਹਰ ਇਹ ਵੱਡ ਟੁੱਕ ਅਜੇ ਵਾਹੋਦਾਹੀ ਹੋ ਰਹੀ ਸੀ-ਜਦੋਂ ਇਕ ਗੁੰਡੇ ਨੇ ਉੱਚੀ ਆਵਾਜ਼ ਵਿੱਚ ਆਖਿਆ, "ਚੌਖੰਡੀ ਦੇ ਅੰਦਰ ਕੁਛ ਅਕਾਲੀ ਲੁੱਕੇ ਹੋਏ ਨੇ। ਦਰਵਾਜ਼ੇ ਅੰਦਰੋਂ ਬੰਦ ਨੇ। ਏਧਰ ਆਓ!" ਇਹ ਸੁਣਦਿਆਂ ਹੀ ਹੁਣ ਸਭ ਕਾਤਲ ਇਸ ਪਾਸੇ ਟੁੱਟ ਕੇ ਜਾ ਪਏ। ਦੋਂਹ ਦੇ ਹੱਥਾਂ ਵਿੱਚ ਬੰਦੂਕਾਂ ਸਨ ਅਤੇ ਬਾਕੀਆਂ ਦੇ ਹੱਥਾਂ ਵਿੱਚ ਛਵ੍ਹੀਆਂ ਤੇ ਟਕੂਏ ਆਦਿ। ਇਕ ਸਿੱਖ ਸਮਾਧ ਵਿੱਚ ਲੁਕਿਆ ਹੋਇਆ ਸੀ, ਉਸ ਨੂੰ ਉੱਥੇ ਹੀ ਗੋਲੀ ਮਾਰ ਕੇ ਮੁਕਾ ਦਿੱਤਾ ਗਿਆ। ਇਕ ਨੇ ਚੌਖੰਡੀ ਅੰਦਰ ਚਾਂਦੀ ਜੜੇ ਬੂਹੇ ਰਾਹੀਂ ਅੰਦਰ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ, ਦੂਜਿਆਂ ਨੇ ਉੱਤਰ ਪਾਸੇ ਦੇ ਦਰਵਾਜ਼ੇ ਨੂੰ ਛਵ੍ਹੀਆਂ ਕੁਹਾੜੀਆਂ ਨਾਲ ਤੋੜ ਦਿੱਤਾ। ਰਾਂਝੇ ਤੇ ਇਕ ਹੋਰ ਨੇ ਇਸ ਪਾਸਿਓਂ ਗੋਲੀਆਂ ਚਲਾ ਚਲਾ ਕੇ ਸਿੰਘ ਭੁੰਨਣੇ ਸ਼ੁਰੂ ਕਰ ਦਿੱਤੇ। ਇਕ ਪਠਾਣ ਨੇ ਪੱਛਮੀ ਦਰਵਾਜ਼ੇ ਵਿੱਚ ਕੁਹਾੜੀ ਮਾਰ ਮਾਰ ਮਘੋਰਾ ਕਰ ਦਿੱਤਾ, ਜਿਸ ਵਿੱਚੋਂ ਦੀ ਦੋ ਆਦਮੀ ਗੋਲੀਆਂ ਚਲਾ ਸਕਦੇ ਸਨ। ਅੰਦਰੋਂ ਇਕ ਸਿੰਘ ਨੇ ਆਵਾਜ਼ ਦਿੱਤੀ," ਮੈਨੂੰ ਬਾਹਰ ਆਉਣ ਦਿਓ।" ਮਹੰਤ ਦੇ ਇਕ ਆਦਮੀ ਨੇ ਬੜੀ ਵਿਅੰਗ-ਮਈ ਆਵਾਜ਼ ਵਿੱਚ ਅੱਗੋਂ ਆਖਿਆ," ਤੈਨੂੰ ਵੀ ਬਾਹਰ ਕੱਢਦੇ ਹਾਂ, ਫ਼ਿਕਰ ਨਾ ਕਰ।" ਉਹ ਬਾਹਰ ਆਇਆ ਤਾਂ ਆਉਂਦੇ ਹੀ ਗੋਲੀ ਮਾਰ ਕੇ ਢੇਰ ਕਰ ਦਿੱਤਾ। ਜਦੋਂ ਅੰਦਰ ਸਾਰੇ ਹੀ ਮਾਰ ਦਿੱਤੇ ਜਾਂ ਫੱਟੜ ਕਰ ਦਿੱਤੇ ਤਾਂ ਪਠਾਣ ਤੇ ਹੋਰ ਆਦਮੀ ਅੰਦਰ ਗਏ ਅਤੇ ਧੂਹ ਧੂਹ ਕੇ ਸਾਰਿਆਂ ਨੂੰ ਬਾਹਰ ਲੈ ਆਏ। ਲੱਗ ਭਗ 60 ਸਿੰਘ ਏਥੇ ਸ਼ਹੀਦ ਕਰ ਦਿੱਤੇ ਗਏ। ਸਿਰਫ਼ ਇਕ ਬਾਰਾਂ ਸਾਲਾਂ ਦਾ ਲੜਕਾ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਥੱਲੇ ਲੁਕਿਆ ਹੋਇਆ ਸੀ, ਬਚ ਗਿਆ।

ਇਸਦੇ ਪਿੱਛੋਂ ਮਹੰਤ ਖ਼ੁਦ ਆਇਆ ਅਤੇ ਉਸ ਨੇ ਹੁਕਮ ਦਿੱਤਾ ਕਿ ਵਿਹੜੇ ਵਿੱਚ ਪਈਆਂ ਲੋਥਾਂ ਇੱਕਠੀਆਂ ਕਰੋ ਅਤੇ ਇਨ੍ਹਾਂ ਦੇ ਫੂਕਣ ਦਾ ਪ੍ਰਬੰਧ ਕਰੋ। ਸਿਰਫ਼ ਚਾਰ ਲੋਥਾਂ ਪਿੱਛੇ ਰਹਿਣ ਦਿਓ। ਪਿੱਛੇ ਰੱਖ ਲਈਆਂ ਗਈਆਂ ਲੋਥਾਂ ਸਨ: ਭਾਈ ਮੰਗਲ ਸਿੰਘ, ਭਾਈ ਹਜ਼ਾਰਾ ਸਿੰਘ, ਆਤਮਾ ਸਿੰਘ ਅਤੇ ਇਕ ਸਾਧੂ ਦੀ। ਸਾਧੂ ਕਿਸੇ ਬਦਮਾਸ਼ ਦੀ ਗੋਲੀ ਲਗ ਕੇ ਮਰਿਆ ਸੀ। ਮੰਗਲ ਸਿੰਘ ਮਜ਼ਹਬੀ ਸਿੱਖ ਸੀ ਜਿਸ ਨੂੰ ਭਾਈ ਲਛਮਣ ਸਿੰਘ ਨੇ ਆਪਣਾ ਪੁੱਤਰ ਬਣਾਇਆ ਹੋਇਆ ਸੀ। ਇਹ ਕਿਰਪਾਨ ਪਹਿਨਣ ਕਰਕੇ ਫੌਜ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ ਇਸ ਨੂੰ 'ਕਿਰਪਾਨ ਬਹਾਦਰ' ਦਾ ਖ਼ਿਤਾਬ ਮਿਲਿਆ ਹੋਇਆ ਸੀ। ਇਨ੍ਹਾਂ ਚਹੁੰ ਲੋਥਾਂ ਨੂੰ ਅੱਡ ਕੱਢ ਲਿਆ ਗਿਆ।

ਬਾਕੀ ਲੋਥਾਂ ਨੂੰ ਅੱਗ ਲਾਉਣ ਤੋਂ ਪਹਿਲੋਂ ਪਠਾਣਾਂ ਤੇ ਬਦਮਾਸ਼ਾਂ ਨੇ ਉਹਨਾਂ ਦੀ ਤਲਾਸ਼ੀ ਲਈ ਅਤੇ ਜੋ ਕੁਝ ਉਥੋਂ – ਰੁਪਏ, ਕਿਰਪਾਨਾਂ, ਕੰਬਲਾਂ, ਵਗ਼ੈਰਾ ਦੀ ਸ਼ਕਲ ਵਿੱਚ ਉਹਨਾਂ ਨੂੰ ਮਿਲਿਆ-ਸਭ ਹੜੱਪ ਕਰ ਲਿਆ। ਲੱਕੜਾਂ ਤੇ ਤੇਲ ਏਨੇ ਆਦਮੀਆਂ ਨੂੰ ਸਾੜਨ ਲਈ ਨਾਕਾਫ਼ੀ ਸਨ।ਇਸ ਲਈ ਬਾਜ਼ਾਰੋਂ ਰੇੜ੍ਹੀਆਂ ਤੇ ਲੱਦ ਲੱਦ ਹੋਰ ਬਾਲਣ ਤੇ ਤੇਲ ਮੰਗਵਾਇਆ ਗਿਆ। ਮੁਕੱਦਮੇ ਵਿੱਚ ਕੁਝ ਮੁਲਜ਼ਮਾਂ ਦੇ ਬਿਆਨਾਂ ਤੋਂ ਸਾਬਤ ਹੋ ਗਿਆ ਸੀ ਕਿ ਕਈ ਜੀਉਂਦੇ ਸਿੰਘਾਂ ਨੂੰ ਬਲਦੇ ਮੜ੍ਹ ਵਿੱਚ ਸੁੱਟ ਸੁੱਟ ਸਾੜਿਆ ਗਿਆ। ਭਾਈ ਲਛਮਣ ਸਿੰਘ ਨੂੰ ਜੰਡ ਦੇ ਦਰੱਖ਼ਤ ਨਾਲ ਪੁਠਾ ਲਟਕਾ ਥੱਲੇ ਅੱਗ ਲਾ ਕੇ ਸਾੜ ਦਿੱਤਾ। ਜਿਹੜੇ ਗੁਰਦੁਆਰੇ ਤੋਂ ਬਾਹਰ ਕਤਲ ਕੀਤੇ ਗਏ ਸਨ, ਉਨ੍ਹਾਂ ਨੂੰ ਇੱਟਾਂ ਦੇ ਭੱਠੇ ਵਿੱਚ ਸੁੱਟਕੇ ਸਾੜਿਆ ਗਿਆ। ਮਹੰਤ ਦੇ ਗੁੰਡਿਆਂ ਦੀ ਜ਼ਦ ਵਿੱਚ ਆਇਆ ਕੋਈ ਸਿੰਘ ਨਾ ਬਚ ਸਕਿਆ। ਭਾਈ ਦਲੀਪ ਸਿੰਘ ਨੂੰ ਇਸ ਕਤਲਾਮ ਦਾ ਪਤਾ ਲਗਾ ਤਾਂ ਉਹ ਇਸ ਨੂੰ ਰੋਕਣ ਲਈ ਗੁਰਦੁਆਰੇ ਨੂੰ ਤੁਰ ਪਿਆ। ਰਸਤੇ ਵਿਚ ਭਾਈ ਉਤਮ ਸਿੰਘ ਫੈਕਟਰੀ ਵਾਲਾ ਤੇ ਕੁਝ ਹੋਰ ਲੋਕਾਂ ਨੇ ਉਸ ਨੂੰ ਰੋਕਿਆ ਪਰ ਉਸ ਦਾ ਖ਼ਿਆਲ ਸੀ ਕਿ ਮਹੰਤ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਤੇ ਉਹ ਉਸ ਨੂੰ ਰੋਕਣ ਲਈ ਕਾਮਯਾਬ ਹੋ ਜਾਵੇਗਾ।

ਉਸ ਨੇ ਦਰਸ਼ਨੀ ਡਿਓੜੀ ਪੁੱਜ ਕੇ ਮਹੰਤ ਨੂੰ ਕਿਹਾ ਕਿ ਉਹ ਕਤਲਾਮ ਬੰਦ ਕਰੇ ਤੇ ਉਹ ਉਸ ਨੂੰ ਪੰਥ ਤੋਂ ਮੁਆਫ਼ੀ ਦੁਆ ਦੇਵੇਗਾ ਪਰ ਮਹੰਤ ਨੇ ਉਸ ਨੂੰ ਇਹ ਕਹਿ ਕਿ ਪਿਸਤੌਲਾਂ ਦੀ ਗੋਲੀ ਨਾਲ ਢੇਰੀ ਕਰ ਦਿੱਤਾ ਕਿ ਤੂੰ ਵੀ ਤਾਂ ਸਿੱਖ ਹੀ ਏ। ਉਸ ਦੇ ਹੋਰ ਚੰਡਾਲਾਂ ਨੇ ਉਸ ਦੇ ਨਾਲ ਗਏ ਵਰਿਆਮ ਸਿੰਘ ਦੇ ਟੁਕੜੇ ਕਰ ਦਿੱਤੇ।

ਹੁਣ ਗੁਰਦੁਆਰੇ ਅੰਦਰ ਮਾਰਨ ਲਈ ਕੋਈ ਵੀ ਸਿੱਖ ਨਹੀਂ ਸੀ ਰਿਹਾ ਤੇ ਉਹ ਲੋਥਾਂ ਨੂੰ ਫੂਕਣ ਦੇ ਆਹਰ ਵਿਚ ਰੁਝ ਗਏ। ਸਰਕਾਰੀ ਗੁਪਤ ਰਿਪੋਰਟ ਅਨੁਸਾਰ ਕਿ ਸਾਰੇ ਅਕਾਲੀਆਂ ਨੂੰ ਬੇਰਹਿਮੀ ਨਾਲ ਕਤਲ ਕਿਤਾ ਗਿਆ ਅਤੇ ਜਖ਼ਮੀਆਂ ਨੂੰ ਕੁਹਾੜਿਆਂ ਅਤੇ ਲਾਠੀਆਂ ਨਾਲ ਮਾਰ ਮਾਰ ਕੇ ਖ਼ਤਮ ਕਰ ਦਿੱਤਾ ਗਿਆ। ਇਸ ਵੱਢ ਟੁੱਕ ਦੇ ਖ਼ਤਮ ਹੋਣ ਪਿੱਛੋਂ ਮਾਰੇ ਗਏ ਸਿੱਖਾਂ ਨੂੰ ਇੱਕਠੇ ਕੀਤਾ ਗਿਆ ਅਤੇ ਲੋਥਾਂ ਦੇ ਢੇਰ ਨੂੰ ਮਿੱਟੀ ਦੇ ਤੇਲ ਨਾਲ ਭਿਗੋਇਆ ਗਿਆ ਅਤੇ ਫੇਰ ਉਨ੍ਹਾਂ ਨੂੰ ਲਾਂਬੂ ਲਾ ਦਿੱਤੇ ਗਏ।

ਜਿਲ੍ਹਾ ਇੰਜੀਨੀਅਰ ਐਨ. ਐਸ. ਸੰਧੂ ਨੇ ਸਵਾ ਅੱਠ ਵਜੇ ਇਕ ਖ਼ਾਸ ਆਦਮੀ ਘੋੜੇ 'ਤੇ ਡਿਪਟੀ ਕਮਿਸ਼ਨਰ ਕੱਰੀ ਵੱਲ ਭੇਜਿਆ ਤਾਂ ਜੋ ਉਹ ਖ਼ੁਦ ਮੌਕਾ ਵੇਖ ਸਕਣ। ਕੋਈ ਸਵਾ ਨੌਂ ਵਜੇ ਦੇ ਕਰੀਬ ਭਾਈ ਉਤਮ ਸਿੰਘ ਨੇ ਇਸ ਦੁਖਦਾਈ ਸਾਕੇ ਦੀ ਖ਼ਬਰ ਤਾਰ ਰਾਹੀਂ ਗਵਰਨਰ, ਡੀ.ਸੀ., ਪੁਲਿਸ ਸੁਪਰਟੈਂਡੈਂਟ, ਸ਼੍ਰੋਮਣੀ ਕਮੇਟੀ ਆਦਿ ਨੂੰ ਭੇਜੀ। ਡੀ.ਸੀ. ਕੋਈ 12।30 ਦੁਪਿਹਰ ਪੁਜਿਆ ਤੇ ਪੁਲਿਸ ਦਾ ਸਬ ਇਨਸਪੈਕਟਰ 2 ਵਜੇ ਪੁੱਜਾ। ਡੀ.ਸੀ. ਨੇ ਉਸ ਨੂੰ ਹੁਕਮ ਦਿੱਤਾ ਕਿ ਉਹ ਲੱਗੀਆਂ ਅੱਗਾਂ ਬੁੱਝਾ ਦੇਵੇ ਅਤੇ ਜਖ਼ਮੀਆਂ ਤੇ ਮਰ ਚੁੱਕਿਆਂ ਨੂੰ ਲੱਗੀਆਂ ਸੱਟਾਂ ਦੀ ਰਿਪੋਰਟ ਤਿਆਰ ਕਰੇ। ਇਸ ਤੋਂ ਸਪਸ਼ਟ ਹੈ ਕਿ ਡੀ।ਸੀ। ਦੇ ਪੁੱਜਣ ਤੋਂ ਬਾਅਦ ਵੀ ਕੋਈ ਡੇਢ ਘੰਟਾ ਪਿਛੋਂ ਤੱਕ ਵੀ ਮਹੰਤ ਦੇ ਗੁੰਡੇ ਲਾਸ਼ਾਂ ਸਾੜੀ ਜਾਂਦੇ ਸਨ।

ਸਰਕਾਰੀ ਵਕੀਲ ਵੀ ਇਸ ਦੀ ਪੁਸ਼ਟੀ ਕਰਦਾ ਹੈ ਕਿ ਮਹੰਤ ਨੇ ਲਾਸ਼ਾਂ ਨੂੰ ਸਾੜ ਕੇ ਮਰਨ ਵਾਲਿਆਂ ਦਾ ਨਾਮ ਨਿਸ਼ਾਨ ਮਿਟਾ ਦੇਣ ਦੀ ਕੋਸ਼ਿਸ਼ ਕੀਤੀ। ਸਥਾਨਕ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਅਨੁਸਾਰ ਡਿਪਟੀ ਕਮਿਸ਼ਨਰ ਦੇ ਆ ਜਾਣ ਮਗਰੋਂ ਵੀ ਤਕਰੀਬਨ ਡੇਢ ਘੰਟੇ ਤੱਕ ਫੱਟੜ ਅਤੇ ਮੁਰਦੇ ਸੜਦੇ ਰਹੇ। ਸ਼ਾਮ ਨੂੰ ਦੇਰ ਨਾਲ ਲਾਹੌਰ ਡਿਵੀਜ਼ਨ ਦਾ ਕਮਿਸ਼ਨਰ ਸੀ.ਐਮ. ਕਿੰਗ ਤੇ ਸੈਂਟਰਲ ਰੇਂਜ ਦਾ ਡਿਪਟੀ ਇੰਸਪੈਕਟਰ ਜਨਰਲ ਵੀ ਸੌ ਬਰਤਾਨਵੀ ਤੇ ਸੌ ਹਿੰਦੁਸਤਾਨੀ ਫ਼ੌਜੀਆਂ ਨੂੰ ਨਾਲ ਲੈ ਕੇ ਨਨਕਾਣੇ ਪਹੁੰਚੇ। ਮਹੰਤ ਨਰਾਇਣ ਦਾਸ ਨੂੰ ਉਸ ਦੇ ਦੋ ਪਿੱਛਲਗਾਂ ਤੇ 26 ਪਠਾਣਾਂ ਸਮੇਤ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ ਗਿਆ, ਪਰ ਬਹੁਤ ਸਾਰੇ ਕਾਤਲ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਗੁਰਦੁਆਰਾ ਜਨਮ ਅਸਥਾਨ 'ਤੇ ਫ਼ੌਜ ਦਾ ਪਹਿਰਾ ਲਾ ਦਿੱਤਾ ਗਿਆ।

ਜਦ ਇਹ ਸਾਕਾ ਵਾਪਰਿਆ ਤਾਂ ਉਸ ਸਮੇਂ ਜਥੇਦਾਰ ਕਰਤਾਰ ਸਿੰਘ ਝੱਬਰ ਆਪਣੇ ਜੱਥੇ ਨਾਲ ਗੁਰਦੁਆਰਾ ਖ਼ਰਾ ਸੌਦਾ ਟਿਕਿਆ ਹੋਇਆ ਸੀ। ਉਸ ਦੀ ਪਹਿਲ ਕਦਮੀ ਨਾਲ ਤਕਰੀਬਨ 2200 ਅਕਾਲੀਆਂ ਦਾ ਇਕ ਹੋਰ ਜੱਥਾ ਗੁਰਦੁਆਰੇ 'ਤੇ ਕਬਜ਼ਾ ਕਰਨ ਲਈ ਨਨਕਾਣੇ ਵੱਲ ਕੂਚ ਕਰਨ ਲਈ ਤਿਆਰ ਹੋ ਗਿਆ। ਇਸ ਜੱਥੇ ਨੂੰ 21 ਫਰਵਰੀ 1921 ਨੂੰ ਪਿੰਡ ਖਿਪਵਾੜਾ ਦੇ ਨੇੜੇ ਰੋਕ ਲਿਆ ਗਿਆ ਤੇ ਡਿਪਟੀ ਕਮਿਸ਼ਨਰ ਦਾ ਹੁਕਮ ਪੇਸ਼ ਕੀਤਾ ਗਿਆ, ਜਿਸ ਵਿਚ ਅਕਾਲੀਆਂ ਨੂੰ ਜਨਮ ਅਸਥਾਨ ਵੱਲ ਵੱਧਣ ਦੀ ਮਨਾਹੀ ਕੀਤੀ ਗਈ ਸੀ। ਝੱਬਰ ਨੇ ਇਹ ਹੁਕਮ ਹਰਕਾਰੇ ਦੇ ਸਾਮ੍ਹਣੇ ਹੀ ਪਾੜ ਦਿੱਤੇ ਤੇ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਨੂੰ ਕਹਿ ਦੇਵੇ ਕਿ ਉਹ ਆਪਣੇ ਜੱਥੇ ਨਾਲ ਜਾ ਰਿਹਾ ਹੈ, ਤੁਸੀਂ ਜੋ ਮਰਜ਼ੀ ਹੋਵੇ ਕਰ ਸਕਦੇ ਹੋ। ਡਿਪਟੀ ਕਮਿਸ਼ਨਰ ਨੇ ਖ਼ੁਦ ਆ ਕੇ ਜਥੇ ਨੂੰ ਰੋਕਿਆ ਤੇ ਖ਼ਬਰਦਾਰ ਕੀਤਾ ਕਿ ਜੇ ਉਹ ਅੱਗੇ ਵਧੇ ਤਾਂ ਗੋਲੀਆਂ ਨਾਲ ਭੁੰਨ ਦਿੱਤੇ ਜਾਣਗੇ। ਇਸ ਚੇਤਾਵਨੀ ਦੀ ਪ੍ਰਵਾਹ ਨਾ ਕਰਦੇ ਹੋਏ ਜਥੇਦਾਰ ਨੇ ਜੱਥੇ ਦੇ ਮੈਂਬਰਾਂ ਨੂੰ ਅੱਗੇ ਵਧਦੇ ਜਾਣ ਲਈ ਕਿਹਾ। ਜਾਪਦਾ ਹੈ ਕਿ ਡਿਪਟੀ ਕਮਿਸ਼ਨਰ ਝੁਕ ਗਿਆ ਤੇ ਕਮਿਸ਼ਨਰ ਨਾਲ ਸਲਾਹ ਮਸ਼ਵਰੇ ਪਿੱਛੋਂ ਝੱਬਰ ਨੂੰ ਜਨਮ ਅਸਥਾਨ ਦੀਆਂ ਚਾਬੀਆਂ ਇਸ ਸ਼ਰਤ 'ਤੇ ਦੇਣ ਲਈ ਰਾਜ਼ੀ ਹੋਇਆ ਕਿ ਅਕਾਲੀ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਬਣਾ ਦੇਣ ਲਈ ਸਹਿਮਤ ਹੋ ਜਾਣ। ਕੁਝ ਵਿਚਾਰ ਵਟਾਂਦਰੇ ਮਗਰੋਂ ਗੁਰਦੁਆਰਾ 7 ਮੈਂਬਰੀ ਕਮੇਟੀ ਹਵਾਲੇ ਕਰ ਦਿੱਤਾ ਗਿਆ। ਨਰਮ ਖ਼ਿਆਲ ਚੀਫ਼ ਖਾਲਸਾ ਦੀਵਾਨ ਦਾ ਆਨਰੇਰੀ ਸਕੱਤਰ ਹਰਬੰਸ ਸਿੰਘ ਅਟਾਰੀ ਨੂੰ ਇਸ ਦਾ ਪ੍ਰਧਾਨ ਬਣਾਇਆ ਗਿਆ। ਮਹੰਤ ਨਰਾਇਣ ਦਾਸ ਦੀ ਗ੍ਰਿਫ਼ਤਾਰੀ ਅਤੇ ਜਨਮ ਅਸਥਾਨ ਦੇ ਕਬਜ਼ੇ ਪਿਛੋਂ ਮਹੰਤਾਂ ਦੇ ਹੌਂਸਲੇ ਟੁਟ ਗਏ ਤੇ ਅੱਧੀ ਦਰਜਨ ਤੋਂ ਵੱਧ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ।

ਇਸ ਸਾਕੇ ਨਾਲ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਸਿੱਖ ਬੁਰੀ ਤਰ੍ਹਾਂ ਪਰੇਸ਼ਾਨ ਹੋਏ ਅਤੇ ਉਹਨਾਂ ਨੇ ਪੂਰੇ ਜੋਸ਼-ਖਰੋਸ਼ ਨਾਲ ਮਹੰਤ ਦੀ ਕਾਰਵਾਈ ਦੀ ਨਿਖੇਧੀ ਕੀਤੀ ਅਤੇ ਅਕਾਲੀ ਸ਼ਹੀਦਾਂ ਲਈ ਹਮਦਰਦੀ ਦੇ ਸੁਨੇਹੇ ਭੇਜੇ। ਥਾਂ ਥਾਂ ਮਤੇ ਪਾਸ ਕੀਤੇ ਗਏ ਅਤੇ ਮਹੰਤ ਤੇ ਉਹਦੇ ਸਾਥੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ ਗਈ। ਸਥਾਨਕ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਮਹੰਤ ਉੱਤੇ ਧਾਵਾ ਬੋਲਿਆ। ਜਿਹੜੇ ਅਖ਼ਬਾਰ ਅਕਾਲੀਆਂ ਦੇ ਖ਼ਿਲਾਫ ਵੀ ਸਨ, ਉਨ੍ਹਾਂ ਨੇ ਵੀ ਨਨਕਾਣੇ ਦੇ ਮਹੰਤ ਦੀ ਜ਼ਾਲਮਾਨਾ ਅਤੇ ਵਹਿਸ਼ੀਆਨਾ ਕਰਤੂਤ ਦੀ ਨਿੰਦਾ ਕੀਤੀ ਅਤੇ ਨਨਕਾਣੇ ਦੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ। ਮਹਾਤਮਾ ਗਾਂਧੀ, ਮੌਲਾਨਾ ਸ਼ੋਕਤ ਅਲੀ, ਡਾ. ਸੈਫ਼ੂਦੀਨ ਕਿਚਲੂ, ਲਾਲਾ ਦੁਨੀ ਚੰਦ ਅਤੇ ਲਾਲਾ ਲਾਜਪਤ ਰਾਏ ਵਰਗੇ ਰਾਸ਼ਟਰੀ ਨੇਤਾ ਸਾਕੇ ਵਾਲੀ ਥਾਂ ਪਹੁੰਚੇ ਅਤੇ ਅਕਾਲੀਆਂ ਨਾਲ ਹਮਦਰਦੀ ਪ੍ਰਗਟਾਈ। ਉੱਘੇ ਸਿੱਖ ਆਗੂ, ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ, ਸਿੱਖ ਲੀਗ, ਚੀਫ਼ ਖ਼ਾਲਸਾ ਦੀਵਾਨ ਅਤੇ ਦੂਜੀਆਂ ਸਿੱਖ ਜਥੇਬੰਦੀਆਂ ਦੇ ਮੈਂਬਰ ਵੀ ਉੱਥੇ ਪਹੁੰਚੇ। 3 ਮਾਰਚ , 1921 ਨੂੰ ਨਨਕਾਣੇ ਵਿਚ ਇਕ ਬਹੁਤ ਵੱਡਾ ਸ਼ਹੀਦੀ ਦੀਵਾਨ ਹੋਇਆ, ਜਿਸ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ, ਜਿਸ ਨੇ ਡਿਪਟੀ ਕਮਿਸ਼ਨਰ ਤੋਂ ਜਨਮ ਅਸਥਾਨ ਦੀਆਂ ਚਾਬੀਆਂ ਪ੍ਰਾਪਤ ਕਰਨ ਵਿਚ ਉੱਘਾ ਰੋਲ ਅਦਾ ਕੀਤਾ ਸੀ ਨੇ ਸੰਖੇਪ ਵਿਚ ਸਾਰੀ ਘਟਨਾ ਬਿਆਨ ਕੀਤੀ ਅਤੇ ਆਖਿਆ, "ਇਸ ਘਟਨਾ ਨੇ ਸਿੱਖਾਂ ਨੂੰ ਉਨ੍ਹਾਂ ਦੀ ਨੀਂਦ 'ਚੋਂ ਜਗਾ ਦਿੱਤਾ ਹੈ ਅਤੇ ਸਵਰਾਜ ਵੱਲ ਕੂਚ ਵਿਚ ਤੇਜੀ ਆ ਗਈ ਹੈ।" ਮੌਲਾਨਾ ਸ਼ੌਕਤ ਅਲੀ ਨੇ ਮਾਰਸ਼ਲ ਲਾਅ ਦੇ ਦਿਨਾਂ ਅਤੇ ਸਰਕਾਰ ਵੱਲੋਂ ਫੈਲਾਈ ਦਹਿਸ਼ਤ ਦਾ ਜ਼ਿਕਰ ਕਰਨ ਮਗਰੋਂ ਆਖਿਆ,"ਅਜਿਹੀ ਸਰਕਾਰ ਤੋਂ ਇਨਸਾਫ਼ ਦੀ ਆਸ ਰੱਖਣਾ ਕਿੰਨਾ ਫ਼ਜ਼ੂਲ ਹੈ।" ਆਪਣੇ ਭਾਸ਼ਣ ਵਿਚ ਉਸ ਨੇ ਸਰਕਾਰ ਨੂੰ ਇਸ ਸ਼ਰਾਰਤ ਲਈ ਜ਼ਿੰਮੇਵਾਰ ਠਹਿਰਾਇਆ ਅਤੇ ਇਸ ਜੁਰਮ ਵਿਚ ਮਹੰਤਾਂ ਦੀ ਮਦਦ ਕਰਨ ਵਾਸਤੇ ਪਠਾਣਾਂ ਨੂੰ ਫਟਕਾਰਿਆ।

ਅਕਾਲੀ ਸਿੱਖਾਂ ਨਾਲ ਆਪਣੀ ਹਮਦਰਦੀ ਜ਼ਾਹਿਰ ਕਰਨ ਮਹਾਤਮਾ ਗਾਂਧੀ 3 ਮਾਰਚ ਨੂੰ ਨਨਕਾਣੇ ਪਹੁੰਚੇ। ਉਸੇ ਦਿਨ ਸ਼ਹੀਦੀ ਦੀਵਾਨ ਵਿਚ ਮਹਾਤਮਾ ਗਾਂਧੀ ਨੇ ਹਿੰਦੁਸਤਾਨੀ ਵਿਚ ਇਕ ਸੰਖੇਪ ਭਾਸ਼ਣ ਦਿੱਤਾ, ਜਿਸ ਵਿਚ ਉਸ ਨੇ ਆਖਿਆ, "ਨਨਕਾਣੇ ਦੀ ਖ਼ਬਰ ਏਨੀ ਚਕਰਾ ਦੇਣ ਵਾਲੀ ਸੀ ਕਿ ਉਹ ਪੁਸ਼ਟੀ ਕੀਤੇ ਬਗ਼ੈਰ ਇਸ 'ਤੇ ਵਿਸ਼ਵਾਸ ਨਹੀਂ ਸੀ ਕਰ ਸਕਦੇ।" ਮਹੰਤ ਦੀ ਜ਼ਾਲਮਾਨਾ ਹਰਕਤ ਦੀ ਨਿਖ਼ੇਧੀ ਕਰਦਿਆਂ ਅਤੇ ਸ਼ਾਂਤਮਈ ਰਹਿ ਕੇ ਤਸ਼ੱਦਦ ਸਹਿਣ ਲਈ ਅਕਾਲੀਆਂ ਦੀ ਪ੍ਰਸ਼ੰਸਾ ਕਰਦਿਆਂ ਉਸ ਨੇ ਅਕਾਲੀ ਸੁਧਾਰਕਾਂ ਦੀ ਸ਼ਹਾਦਤ ਨੂੰ ਇਕ 'ਰਾਸ਼ਟਰੀ ਬਹਾਦਰੀ ਦਾ ਅਮਲ' ਆਖਿਆ ਤੇ ਉਸ ਨੇ ਵਿਦੇਸ਼ੀ ਹਕੂਮਤ ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਇਸ ਦਾ ਰਾਜ ਸ਼ੈਤਾਨ ਦੀ ਸਲਤਨਤ ਹੈ। ਬਾਅਦ ਵਿਚ ਲਾਹੌਰ ਵਿਖੇ ਸਿੱਖਾਂ ਦੇ ਨਾਂ ਸੰਦੇਸ਼ ਵਿਚ ਇਸ ਸਾਕੇ ਦੀ 1919 ਦੀ ਵਿਸਾਖੀ ਦੇ ਜਲ੍ਹਿਆਂਵਾਲਾ ਕਾਂਡ ਨਾਲ ਤੁਲਨਾ ਕਰਦਿਆਂ ਹੋਇਆਂ ਉਨ੍ਹਾਂ ਆਖਿਆ, "ਜੋ ਕੁਝ ਵੀ ਮੈਂ ਸੁਣਿਆ ਤੇ ਵੇਖਿਆ ਹੈ, ਉਹ ਡਾਇਰਵਾਦ ਦਾ ਹੀ ਦੂਜਾ ਰੂਪ ਹੈ, ਜਲ੍ਹਿਆਂਵਾਲਾ ਬਾਗ਼ ਦੇ ਡਾਇਰਵਾਦ ਨਾਲੋਂ ਵਧੇਰੇ ਜਾਹਰਾਨਾ, ਵਧੇਰੇ ਗਿੱਣਆ ਮਿਥਿਆ ਤੇ ਵਧੇਰੇ ਕਰੂਰ।" ਮਹਾਤਮਾ ਗਾਂਧੀ ਨੇ ਅਕਾਲੀਆਂ ਨੂੰ ਇਹ ਸਲਾਹ ਵੀ ਦਿੱਤੀ ਕਿ ਉਹ ਨਨਕਾਣੇ ਦੇ ਸਾਕੇ ਵਿਚ ਸਰਕਾਰੀ ਪੁੱਛ-ਪੜਤਾਲ ਦੇ ਮਾਮਲੇ ਵਿਚ ਨਾ-ਮਿਲਵਰਤਣ ਕਰਨ ਅਤੇ ਰਜ਼ਾਮੰਦੀ ਜ਼ਹਿਰ ਕੀਤੀ ਕਿ ਉਹ ਸਿੱਖ ਲੀਗ ਵੱਲੋਂ ਕਾਇਮ ਕੀਤੇ ਗਏ ਗ਼ੈਰ-ਸਰਕਾਰੀ ਪੜਤਾਲੀਆ ਕਮਿਸ਼ਨ ਦੇ ਚੇਅਰਮੈਨ ਬਣ ਸਕਦੇ ਹਨ, ਸ਼ਰਤ ਇਹ ਹੈ ਕਿ ਸਿੱਖ ਨਾ-ਮਿਲਵਰਤਣ ਦੀ ਪੁਸ਼ਟੀ ਕਰਦਾ ਹੋਇਆ ਇਕ ਰਸਮੀ ਮਤਾ ਪਾਸ ਕਰਨ ਅਤੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਅਦਾਲਤਾਂ ਦਾ ਰਾਹ ਨਾ ਫੜਨ ਲਈ ਸਹਿਮਤ ਹੋ ਜਾਣ। ਉਸ ਦਾ ਸੁਝਾਅ ਬਹੁਤ ਹੀ ਦਰੁਸਤ ਸੀ, ਪਰ ਅਕਾਲੀਆਂ ਨੇ ਇਸ ਨੂੰ ਨਾ ਮੰਨ ਕੇ ਬੜੀ ਵੱਡੀ ਗਲਤੀ ਕੀਤੀ ਕਿਉਂਕਿ ਇਸ ਨਾਲ ਇਸ ਸਾਕੇ ਦੀਆਂ ਖ਼ਬਰਾਂ ਦੁਨੀਆਂ ਵਿਚ ਜਾਣੀਆਂ ਸਨ ਤੇ ਸਾਰੀ ਦੁਨੀਆਂ ਨੂੰ ਇਸ ਦੀ ਅਸਲੀਅਤ ਦਾ ਪਤਾ ਲੱਗ ਜਾਣਾ ਸੀ।ਸਿੱਖਾਂ ਨੂੰ ਭੁਲੇਖਾ ਸੀ ਕਿ ਉਨ੍ਹਾਂ ਨੂੰ ਹਕੂਮਤ ਵੱਲੋਂ ਇਨਸਾਫ਼ ਮਿਲੇਗਾ ਪਰ ਇਹ ਸੋਚਣੀ ਗ਼ਲਤ ਸਾਬਤ ਹੋਈ, ਜਿਵੇਂ ਕਿ ਅੱਗੇ ਜਾ ਕੇ ਅਸੀਂ ਵੇਖਾਂਗੇ।

ਹੁਣ ਜਦੋਂ ਨਨਕਾਣੇ ਦੇ ਸਾਕੇ ਦੇ ਤੱਥ ਤੇ ਅੰਕੜੇ ਖੋਜੀਆਂ ਨੂੰ ਪ੍ਰਾਪਤ ਹਨ, ਇਹ ਗੱਲ ਵਧੇਰੇ ਸੌਖੀ ਹੋ ਗਈ ਹੈ ਕਿ ਇਸ ਮਾਮਲੇ ਵਿਚ ਧਾਰਨ ਕੀਤੇ ਨੌਕਰਸ਼ਾਹੀ ਦੇ ਦੋਹਰੇ ਮਿਆਰਾਂ ਦਾ ਭਾਂਡਾ ਭੰਨਿਆ ਜਾ ਸਕੇ। ਇਕ ਪਾਸੇ ਨਨਕਾਣੇ ਦੇ ਮਹੰਤ ਨੂੰ ਗੁੱਝੇ ਤੌਰ 'ਤੇ ਸਹਾਇਤਾ ਦਿੱਤੀ ਗਈ ਅਤੇ ਇਸ ਗੱਲ ਦੀ ਤਿਆਰੀ ਲਈ ਉਤਸ਼ਾਹ ਦਿੱਤਾ ਗਿਆ, ਜਿਸ ਨੂੰ ਸਰਕਾਰੀ ਅਧਿਕਾਰੀ ਸਵੈ-ਰੱਖਿਆ ਆਖਦੇ ਸਨ ਅਤੇ ਦੂਜੇ ਪਾਸੇ ਗੁਰਦੁਆਰਾ ਸੁਧਾਰ ਲਹਿਰ ਦੇ ਮਨੋਰਥਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਗਈ। ਪੰਜਾਬ ਸਰਕਾਰ ਦੀ ਇਹ ਨੀਤੀ ਹੀ ਨਨਕਾਣੇ ਸਾਹਿਬ ਦੀ ਦੁਰਭਾਗੀ ਘਟਨਾ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਬਾਬਾ ਕਰਤਾਰ ਸਿੰਘ ਬੇਦੀ ਨੂੰ ਲਿਖੀ ਗਈ ਸੀ.ਐਮ. ਕਿੰਗ ਦੀ ਚਿੱਠੀ ਨੂੰ ਪੜ੍ਹ ਕੇ, ਪੰਜਾਬ ਵਿਧਾਨ ਪ੍ਰੀਸ਼ਦ ਨੂੰ ਦਿੱਤੇ ਉਸ ਦੇ ਨਿੱਜੀ ਬਿਆਨ, ਵੱਖ ਵੱਖ ਖ਼ੁਫ਼ੀਆ ਰਿਪੋਰਟਾਂ ਅਤੇ ਇਕ ਪਾਸੇ ਪੰਜਾਬ ਅਤੇ ਭਾਰਤ ਸਰਕਾਰ ਅਤੇ ਦੂਜੇ ਪਾਸੇ ਵਾਇਸਰਾਏ ਤੇ ਵਿਦੇਸ਼ ਵਿਭਾਗ ਦੇ ਮੁੱਖੀ ਵਿਚਕਾਰ ਲੰਮੇ ਚਿੱਠੀ ਪੱਤਰ ਨੂੰ ਵਾਚ ਕੇ ਇਸ ਗੱਲ ਦਾ ਵਿਸ਼ਵਾਸ ਹੋ ਜਾਂਦਾ ਹੈ ਕਿ ਨਨਕਾਣਾ ਸਾਹਿਬ ਵਿਖੇ ਅਕਾਲੀਆਂ ਦਾ ਕਤਲਾਮ ਪਹਿਲਾਂ ਤੋਂ ਸੋਚੀ ਸਮਝੀ ਤੇ ਵਿਉਂਤੀ ਗਈ ਇਕ ਸਾਜ਼ਿਸ਼ ਸੀ ਅਤੇ ਸਰਕਾਰੀ ਅਫ਼ਸਰ ਨਾ ਸਿਰਫ਼ ਇਸ ਤੋਂ ਵਾਕਿਫ਼ ਹੀ ਸਨ, ਸਗੋਂ ਸਰਗਰਮੀ ਨਾਲ ਮਹੰਤ ਦੀ ਹਮਾਇਤ ਕਰ ਰਹੇ ਸਨ। ਪ੍ਰੀਸ਼ਦ ਵਿਚ ਆਪਣਾ ਨਿੱਜੀ ਬਿਆਨ ਦਿੰਦਿਆਂ ਹੋਇਆਂ ਮਿਸਟਰ ਕਿੰਗ ਨੇ ਆਖਿਆ ਸੀ , "ਇਹ ਕਹਿਣਾ ਠੀਕ ਹੈ ਕਿ 20 ਫ਼ਰਵਰੀ ਦੀ ਘਟਨਾ ਤੋਂ ਕੁਝ ਮਹੀਨੇ ਪਹਿਲਾਂ-ਅਸਲ ਵਿਚ ਅਕਤੂਬਰ ਸ਼ੁਰੂ ਹੁੰਦਿਆਂ ਹੀ-ਚਾਰ, ਪੰਜ ਤੇ 6 ਮਾਰਚ ਨੂੰ ਨਨਕਾਣੇ ਉੱਤੇ ਹਮਲੇ ਦੀਆਂ ਅਸਪੱਸ਼ਟ ਅਫ਼ਵਾਹਾਂ ਦਾ ਬੜਾ ਦੌਰ ਦੌਰਾ ਸੀ।" ਉਸਨੇ ਇਹ ਵੀ ਮੰਨਿਆ ਕਿ ਮਿਸਟਰ ਕਰੀ ਅਤੇ ਉਸ ਦੇ ਅਧੀਨ ਕੰਮ ਕਰਨ ਵਾਲੇ ਦੂਜੇ ਅਧਿਕਾਰੀ ਇਸ ਮਾਮਲੇ ਬਾਰੇ ਸਹੀ ਜਾਣਕਾਰੀ ਉਸ ਨੂੰ ਭੇਜਦੇ ਰਹੇ ਹਨ। ਇਸ ਤੋਂ ਇਲਾਵਾ ਉਹ ਸਪਤਾਹਿਕ ਅਤੇ ਪੰਦਰਵਾੜਾ ਰਿਪੋਰਟਾਂ ਜਿਹੜੀਆਂ ਸਥਾਨਕ ਅਫ਼ਸਰਾਂ ਵੱਲੋਂ ਉਤਲੇ ਅਧਿਕਾਰੀਆਂ ਨੂੰ ਭੇਜੀਆਂ ਜਾਂਦੀਆਂ ਸਨ, ਵੀ ਇਸ ਗੱਲ ਦੇ ਸੰਕੇਤ ਦਿੰਦੀਆਂ ਸਨ ਕਿ ਨਨਕਾਣੇ ਤੇ ਪੰਜਾਬ ਵਿਚ ਹੋਰ ਥਾਈਂ ਤਣਾਓ ਵਧ ਰਿਹਾ ਸੀ। ਇਕ ਰਿਪੋਰਟ ਵਿਚ 15 ਫ਼ਰਵਰੀ, 1921 ਨੂੰ ਮੁੱਕਣ ਵਾਲੇ ਹਫ਼ਤੇ ਬਾਰੇ, ਸਾਕੇ ਤੋਂ ਠੀਕ 6 ਦਿਨ ਪਹਿਲਾਂ ਸੂਬੇ ਦੀ ਸਥਿਤੀ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ,"ਤਮਾਮ ਸਿੱਖ ਗੁਰਦੁਆਰਿਆਂ ਉੱਤੇ ਕਬਜ਼ਾ ਕਰਨ ਲਈ ਅਕਾਲੀ ਦਲ ਦੀ ਲਹਿਰ ਜ਼ੋਰ ਫੜ ਰਹੀ ਹੈ ਅਤੇ ਕਈ ਗੁਰਦੁਆਰੇ ਨਵੀਂ ਪਾਰਟੀ ਨੇ ਕਬਜ਼ੇ ਵਿਚ ਲੈ ਲਏ ਹਨ। 26 ਜਨਵਰੀ ਨੂੰ ਤਰਨ ਤਾਰਨ ਵਿਚ ਅਕਾਲੀ ਦਲ ਦੇ ਪੁੱਜਣ ਨਾਲ ਅਕਾਲੀਆਂ ਤੇ ਪੁਜਾਰੀਆਂ ਵਿਚ ਗੰਭੀਰ ਝਗੜਾ ਹੋਇਆ... ਦੋਹਾਂ ਧਿਰਾਂ ਦੇ ਕਈ ਬੰਦੇ ਜ਼ਖ਼ਮੀ ਹੋਏ...।"

ਅਖ਼ਬਾਰੀ ਰਿਪੋਰਟਾਂ ਅਤੇ ਅਦਾਲਤਾਂ ਵਿਚ ਵੱਖ ਵੱਖ ਵਿਅਕਤੀਆਂ ਵੱਲੋਂ ਦਿੱਤੇ ਬਿਆਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਜਿਲ੍ਹਾ ਪ੍ਰਸ਼ਾਸ਼ਨ ਨੂੰ ਮਹੰਤ ਵੱਲੋਂ ਕੀਤੀ ਜਾ ਰਹੀ ਕਿਲ੍ਹਾ ਬੰਦੀ ਤੇ ਅਕਾਲੀਆਂ ਦਾ ਮੁਕਾਬਲਾ ਕਰਨ ਲਈ ਕੀਤੀ ਜਾ ਰਹੀ ਤਿਆਰੀ ਦਾ ਪੂਰੀ ਤਰ੍ਹਾਂ ਪਤਾ ਸੀ ਪਰ ਉਹ ਇਸ ਤਿਆਰੀ ਨੂੰ ਇਸ ਆਧਾਰ 'ਤੇ ਜਾਇਜ ਠਹਿਰਾ ਰਹਿ ਸਨ ਕਿ ਮਹੰਤ ਨੂੰ ਆਪਣੀ ਸੁਰੱਖਿਆ ਦਾ ਪੂਰਾ ਅਧਿਕਾਰ ਹੈ। ਜਦੋਂ ਦਸੰਬਰ 1920 ਵਿਚ ਮਹੰਤ ਨੇ ਪੁਲਿਸ ਸੁਰੱਖਿਆ ਦੀ ਮੰਗ ਕੀਤੀ ਤਾਂ ਉਸ ਨੂੰ ਇਹ ਕਹਿ ਕੇ ਨਾਂਹ ਕਰ ਦਿੱਤੀ ਗਈ ਕਿ ਸਰਕਾਰ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਹੀਂ ਦਿੰਦੀ ਤੇ ਜਦ ਜਨਵਰੀ 1921 ਵਿਚ ਅਕਾਲੀਆਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਜ਼ਬਰੀ ਕਬਜ਼ਾ ਕੀਤਾ ਤਾਂ ਉਸ ਸਮੇਂ ਵੀ ਮਹੰਤ ਨੇ ਗੁਜਰਾਂਵਾਲਾ ਦੇ ਪੁਲਿਸ ਦੇ ਡਿਪਟੀ ਸੁਪਰਡੈਂਟ ਨੂੰ ਤਾਰ ਭੇਜ ਕੇ ਸਹਾਇਤਾ ਦੀ ਮੰਗ ਕੀਤੀ ਪਰ ਅਧਿਕਾਰੀਆਂ ਨੇ ਕੋਈ ਕਾਰਵਾਈ ਨਾ ਕੀਤੀ।

ਅਸਲ ਵਿਚ ਅੰਗਰੇਜ਼ ਦੋਗਲੀ ਨੀਤੀ 'ਤੇ ਚਲ ਰਹਿ ਸਨ। ਉਹ ਮਹੰਤਾਂ ਰਾਹੀਂ ਅਕਾਲੀ ਲਹਿਰ ਨੂੰ ਦਬਾਉਣਾ ਚਾਹੁੰਦੇ ਸਨ ਤੇ ਸਿੱਖ ਭਾਈਚਾਰੇ ਦੀ ਨਰਾਜ਼ਗੀ ਤੋਂ ਵੀ ਬਚਣਾ ਚਾਹੁੰਦੇ ਸਨ।

ਇਸ ਤ੍ਰਾਸਦੀ ਨੂੰ ਰੋਕਣ ਲਈ ਇਹਤਿਆਤੀ ਕਾਰਵਾਈ ਕਰਨ ਵਿਚ ਨਾਕਾਮ ਰਹਿਣ ਲਈ ਸਥਾਨਕ ਅਧਿਕਾਰੀਆਂ ਦੀ ਭਾਰਤ ਦੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਅਤੇ ਭਾਰਤ ਬਾਰੇ ਲੰਡਨ ਸਥਿਤ ਵਿਦੇਸ਼ ਵਿਭਾਗ ਦੇ ਮੁੱਖੀ ਦਫ਼ਤਰ ਵੱਲੋਂ ਸਖ਼ਤ ਨੁਕਤਾ ਚੀਨੀ ਕੀਤੀ ਗਈ। ਵਾਇਸਰਾਇ ਨੇ ਕਿਹਾ ਕਿ ਮਹੰਤ ਨੇ ਸੁਰੱਖਿਆ ਨਾ ਮਿਲਣ ਕਰਕੇ ਹਿੰਸਾ ਦਾ ਸਹਾਰਾ ਲਿਆ ਤੇ ਜੇ ਪੁਲਿਸ ਸੁਰੱਖਿਆ ਮੁਹੱਈਆ ਕੀਤੀ ਹੁੰਦੀ ਤਾਂ ਇਹ ਦੁਖਾਂਤ ਨਾ ਵਾਪਰਦਾ। ਪਰ ਇਸ ਦੇ ਬਾਵਜੂਦ ਨਾ ਪੰਜਾਬ ਸਰਕਾਰ ਅਤੇ ਨਾ ਹੀ ਵਾਇਸਰਾਇ ਨੇ ਕਿਸੇ ਅਧਿਕਾਰੀ ਨੂੰ ਕੁਝ ਨਾ ਕਿਹਾ। ਇਸ ਦੇ ਐਨ ਉਲਟ, ਇਸ ਗੱਲ ਦਾ ਧਿਆਨ ਰਖਦਿਆਂ ਕਿ ਨੌਕਰਸ਼ਾਹੀ ਦੀ ਬਦਨਾਮੀ ਹੋ ਰਹੀ ਹੈ, ਪ੍ਰੀਸ਼ਦ ਦੇ ਮੈਂਬਰਾਂ ਨੇ ਸੁਝਾਅ ਦਿੱਤਾ ਕਿ ਮਹੰਤ ਅਤੇ ਉਸ ਦੇ ਬੰਦਿਆਂ ਦੇ ਖ਼ਿਲਾਫ਼ ਕਾਰਵਾਈ ਕਰਨ ਤੋਂ ਪਹਿਲਾਂ ਸੰਬੰਧਿਤ ਬਰਤਾਨਵੀਂ ਅਧਿਕਾਰੀਆਂ ਨੂੰ ਦੋਸ਼ ਮੁਕਤ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਸੁਝਾਅ ਦਿੱਤਾ ਗਿਆ ਕਿ ਬਿਆਨ 'ਤੇ ਬਿਆਨ ਦਿੱਤੇ ਜਾਣ ਕਿ ਇਹ ਅਧਿਕਾਰੀ ਆਪਣੇ ਫ਼ਰਜ ਦੀ ਕੁਤਾਹੀ ਦੇ ਦੋਸ਼ੀ ਨਹੀਂ ਅਤੇ ਗੁਰਦੁਆਰਾ ਸੁਧਾਰ ਲਹਿਰ ਬਾਰੇ ਸਰਕਾਰ ਨੂੰ ਘਟਨਾਵਾਂ ਦੀ ਤਾਜ਼ਾ ਤੋਂ ਤਾਜ਼ਾ ਜਾਣਕਾਰੀ ਦਿੰਦੇ ਰਹੇ ਹਨ। ਇਸ ਨਸੀਅਤ ਉੱਤੇ ਅਮਲ ਕਰਦਿਆਂ, ਪੰਜਾਬ ਸਰਕਾਰ ਦੇ ਗ੍ਰਿਹ ਮੰਤਰੀ ਨੇ ਪੰਜਾਬ ਵਿਧਾਨ ਪ੍ਰੀਸ਼ਦ ਵਿਚ ਸਥਾਨਕ ਅਧਿਕਾਰੀਆਂ ਦੀ ਕਾਰਵਾਈ ਦੀ ਹਿਮਾਇਤ ਵਿਚ ਵਾਰ ਵਾਰ ਬਿਆਨ ਦਿੱਤੇ।

ਸਾਕਾ ਨਨਕਾਣਾ ਸਾਹਿਬ ਦੇ ਦੁਖਾਂਤ ਨੇ ਦਿੱਲੀ ਅਤੇ ਲੰਡਨ ਵਿਚ ਬੈਠੇ ਉੱਤਲੇ ਹਾਕਮਾਂ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਘੱਟ-ਗਿਣਤੀ ਭਾਈਚਾਰੇ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਾ ਦੇਣ ਦੀ ਪਹਿਲੀ ਨੀਤੀ ਨੂੰ ਬਦਲੇ ਜਾਣ ਦੀ ਫੌਰੀ ਲੋੜ ਹੈ।

ਨਨਕਾਣੇ ਸਾਹਿਬ ਦੀ ਅਦੁਤੀ ਸ਼ਹੀਦੀ ਨੇ ਸਿੱਖਾਂ ਨੂੰ ਇਕਮੁੱਠ ਕਰ ਦਿੱਤਾ। ਅਕਾਲੀ ਜਥੇਬੰਦੀ ਦਾ ਘੇਰਾ ਵਿਸ਼ਾਲ ਹੋ ਗਿਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਿਆਂ ਦੇ ਪ੍ਰਬੰਧ ਦੇ ਮਾਮਲੇ ਵਿਚ ਸਾਰੇ ਸਿੱਖਾਂ ਦੀ ਪ੍ਰਤੀਨਿਧ ਬਣ ਗਈ। ਨਨਕਾਣਾ ਸਾਹਿਬ ਦੇ ਸਾਰੇ ਗੁਰਦੁਆਰੇ ਅਕਾਲੀ ਜਥਿਆਂ ਦੇ ਪ੍ਰਬੰਧ ਵਿਚ ਆ ਗਏ ਤੇ ਅੰਗਰੇਜ਼, ਰਾਜ ਦੀ ਸਥਿਰਤਾ ਲਈ ਵੱਧ ਤੋਂ ਵੱਧ ਤਸ਼ੱਦਦੀ ਮਸ਼ੀਨਰੀ ਵਲ ਵੇਖਣ ਲੱਗ ਪਏ। ਸਰਕਾਰ ਨੇ ਗੁਰਦੁਆਰਾ ਲਹਿਰ ਨਾਲ ਨਿਬੜਨ ਲਈ ਦੋ ਨੁਕਾਤੀ ਨੀਤੀ ਬਣਾਈ। ਪਹਿਲਾ, ਗੁਰਦੁਆਰਾ ਤਹਿਰੀਕ ਦੇ ਨਜਿਠਣ ਲਈ ਕਾਨੂੰਨ ਬਣਾ ਦੇਣ ਦਾ ਚੋਗਾ ਪਾਉ-ਅਜਿਹਾ ਕਾਨੂੰਨ ਜਿਸ ਵਿਚ, ਜੇ ਸਿੱਧਾ ਨਹੀਂ ਤਾਂ ਪੁੱਠਾ, ਸਰਕਾਰੀ ਦਖ਼ਲ ਰਹੇ। ਦੂਜਾ, ਲਾ-ਕਾਨੂੰਨੀ ਦਾ ਹਊਆ ਖੜਾ ਕਰਕੇ ਅਕਾਲੀ ਜਥੇਬੰਦੀ ਨੂੰ ਭਰਪੂਰ ਤਸ਼ਦਦ ਨਾਲ ਖ਼ਤਮ ਕਰੋ।

13 ਮਾਰਚ 1921 ਨੂੰ ਦਿੱਲੀ ਤੇ ਭਾਰਤ ਸਰਕਾਰ ਨੇ ਗਵਰਨਰ ਮੈਕਲੈਗਨ ਨੂੰ ਲਿਖਿਆ ਕਿ ਪੰਜਾਬ ਵਿਚ ਸਿੱਖਾਂ ਦੀ ਲਾ-ਕਾਨੂੰਨੀ ਦੀਆਂ ਬੜੀਆਂ ਚਿੰਤਾਜਨਕ ਖ਼ਬਰਾਂ ਆ ਰਹੀਆਂ ਹਨ। ਜੇ ਇਸ ਨੂੰ ਰੋਕਿਆ ਨਾ ਗਿਆ ਤਾਂ ਸਾਰੇ ਸੂਬੇ ਦੇ ਅਮਨ ਚੈਨ ਲਈ ਗੰਭੀਰ ਖ਼ਤਰਾ ਬਣ ਸਕਦਾ ਹੈ। ਇਸ ਲਈ ਤਾਬੜ ਤੋੜ ਕਾਰਵਾਈ ਕੀਤੀ ਜਾਵੇ। ਇਸ ਨਾਲ ਤਸ਼ਦਦ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਤੇ 15 ਮਾਰਚ 1921 ਤੋਂ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਕਰਤਾਰ ਸਿੰਘ ਝੱਬਰ ਜਿਸ ਦੀ ਅਗਵਾਈ ਵਿਚ ਗੁਰਦੁਆਰਾ ਜਨਮ ਅਸਥਾਨ ਉੱਤੇ ਕਬਜ਼ਾ ਕੀਤਾ ਗਿਆ ਸੀ, ਉਹ ਸਰਕਾਰ ਨੂੰ ਸਭ ਤੋਂ ਵੱਧ ਰੜਕਦਾ ਸੀ। ਪੁਲਿਸ ਪੂਰੀ ਤਿਆਰੀ ਨਾਲ ਹਥਿਆਰਾਂ ਨਾਲ ਲੈਸ ਹੋ ਕੇ ਗੁਰਦੁਆਰਾ ਕਿਆਰਾ ਸਾਹਿਬ ਵਿਚੋਂ ਝੱਬਰ ਤੇ ਹੋਰ ਅਕਾਲੀਆਂ ਨੂੰ ਫੜਨ ਲਈ ਗਈ। ਪਰ ਝੱਬਰ ਨੇ ਕੋਈ ਵਿਰੋਧਤਾ ਨਾ ਕੀਤੀ ਤੇ ਸ਼੍ਰੋਮਣੀ ਕਮੇਟੀ ਦੀ ਨੀਤੀ ਅਨੁਸਾਰ ਚੁੱਪ ਚੁਪੀਤੇ ਗ੍ਰਿਫ਼ਤਾਰੀ ਦੇ ਦਿੱਤੀ।

ਸਰਕਾਰੀ ਹਮਲਾ ਹੋਰ ਤਿੱਖਾ ਹੋ ਗਿਆ ਤੇ ਪੰਜਾਬ ਸਰਕਾਰ ਨੇ ਜਿਲ੍ਹਾ ਮੈਜਿਸਟਰੇਟਾਂ ਨੂੰ ਹਦਾਇਤਾਂ ਦਿੱਤੀਆਂ ਕਿ ਝਗੜੇ ਵਾਲੇ ਗੁਰਦੁਆਰਿਆਂ ਨੂੰ ਦਫ਼ਾ 145 ਅਧੀਨ ਸਰਕਾਰੀ ਕਬਜ਼ੇ ਵਿਚ ਕਰ ਲਉ। ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦਿੱਤਾ ਗਿਆ ਕਿ ਜਿਨ੍ਹਾਂ ਆਦਮੀਆਂ ਪਾਸ ਛੱਵ੍ਹੀਆਂ, ਟਕੂਏ ਜਾਂ ਅਜਿਹੇ ਹੋਰ ਹਥਿਆਰ ਹੋਣ ਉਨ੍ਹਾਂ 'ਤੇ ਹਥਿਆਰਾਂ ਦੇ ਕਾਨੂੰਨ ਅਧੀਨ ਮੁੱਕਦਮੇ ਚਲਾਉ।


ਪੰਜਾਬ ਸਰਕਾਰ ਨੇ ਗੁਰਦੁਆਰਾ ਮਾਣਕ ਤੇ ਸ਼ਹਿਰ ਲਾਹੌਰ ਦੇ ਇਕ ਹੋਰ ਗੁਰਦੁਆਰੇ ਚੁਮਾਲ੍ਹਾ ਸਾਹਿਬ 'ਤੇ ਕਬਜ਼ਾ ਕਰ ਲਿਆ ਤੇ ਪ੍ਰਬੰਧਕ ਅਕਾਲੀਆਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ। ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ 15 ਮਾਰਚ 1921 ਨੂੰ ਮੁਕਤਸਰ, 19 ਮਾਰਚ 1921 ਨੂੰ ਆਨੰਦਪੁਰ ਸਾਹਿਬ ਅਤੇ ਹੁਸ਼ਿਆਰਪੁਰ ਵਿਚ ਫੌਜੀ ਦਸਤੇ ਘਲੇ ਜਾਣ ਤਾਂ ਜੋ ਇਨ੍ਹਾਂ ਗੁਰਦੁਆਰਿਆਂ ਨੂੰ ਅਕਾਲੀਆਂ ਦੇ ਕਬਜ਼ੇ ਤੋਂ ਰੋਕਿਆ ਜਾ ਸਕੇ।

ਇਸ ਨੀਤੀ ਨੇ ਸਿੱਖਾਂ ਦਾ ਗੁੱਸਾ ਹੋਰ ਪ੍ਰਚੰਡ ਕਰ ਦਿੱਤਾ ਤੇ ਸ਼੍ਰੋਮਣੀ ਕਮੇਟੀ ਨੇ 20 ਮਾਰਚ 1921 ਨੂੰ ਮੀਟਿੰਗ

**(ਬਾਕੀ ਅਗਲੇ ਸਫੇ 'ਤੇ)**

21 ਫਰਵਰੀ 2025 ਲਈ ਵਿਸ਼ੇਸ਼

# ਜੈਤੋ ਦਾ ਮੋਰਚਾ



ਸਿੱਖ ਇਤਿਹਾਸ ਵਿੱਚ ਜੈਤੋ ਦੇ ਮੋਰਚੇ ਦਾ ਵਿਸ਼ੇਸ਼ ਸਥਾਨ ਹੈ। ਸਿੱਖ ਧਰਮ ਵਿਸ਼ਵ ਕੋਸ਼ ਅਨੁਸਾਰ ਜੈਤੋ ਦਾ ਮੋਰਚਾ ਉਸ ਅਕਾਲੀ ਲਹਿਰ ਨੂੰ ਨਾਂ ਦਿੱਤਾ ਗਿਆ ਜਿਸ ਰਾਹੀਂ ਪੰਜਾਬ ਵਿੱਚ ਸਿੱਖ ਰਿਆਸਤ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਉਪਰ ਮੁੜ ਬਹਾਲ ਕਰਨ ਲਈ ਇਹ ਲਹਿਰ ਚਲਾਈ ਗਈ ਸੀ। ਮਹਾਰਾਜਾ ਦੀ ਅਕਾਲੀਆਂ ਪ੍ਰਤੀ ਹਮਦਰਦੀ ਸੀ ਅਤੇ ਉਸ ਨੇ ਖੁੱਲ੍ਹੇ ਤੌਰ 'ਤੇ ਗੁਰੂ ਕਾ ਬਾਗ਼ ਮੋਰਚੇ ਦੀ ਹਿਮਾਇਤ ਕੀਤੀ ਅਤੇ ਨਨਕਾਣਾ ਸਾਹਿਬ ਵਿਖੇ ਸੁਧਾਰਵਾਦੀਆਂ ਦੇ ਕਤਲ ਦੇ ਵਿਰੋਧ ਵਜੋਂ ਕਾਲੀ ਪੱਗ ਬੰਨ ਲਈ ਸੀ। ਉਸ ਦੇ ਭਾਰਤੀ ਕੌਮੀ ਨੇਤਾਵਾਂ ਨਾਲ ਸਬੰਧਾਂ ਕਰਕੇ ਅਤੇ ਆਮ ਮੁਆਮਲਿਆਂ ਵਿੱਚ ਗ੍ਰਸਤ ਹੋਣ ਕਰਕੇ ਬ੍ਰਿਟਿਸ਼ ਸਰਕਾਰ ਉਸ ਤੋਂ ਤੰਗ ਆ ਗਈ ਸੀ। 9 ਜੁਲਾਈ 1923 ਨੂੰ ਉਸ ਨੂੰ ਆਪਣੇ ਨਾਬਾਲਗ਼ ਪੁੱਤਰ ਪ੍ਰਤਾਪ ਸਿੰਘ ਲਈ ਗੱਦੀ ਛੱਡਣ ਲਈ ਮਜਬੂਰ ਕੀਤਾ ਗਿਆ। ਭਾਵੇਂ ਬ੍ਰਿਟਿਸ਼ ਅਫ਼ਸਰਾਂ ਨੇ ਉਸਦੇ ਗੱਦੀ ਛੱਡਣ ਨੂੰ ਆਪਣੀ ਮਰਜ਼ੀ ਨਾਲ ਛੱਡਣ ਲਈ ਉਚਾਰਿਆ ਪਰ ਅਕਾਲੀਆਂ ਅਤੇ ਹੋਰ ਕੌਮੀ ਜਥੇਬੰਦੀਆਂ ਨੇ ਇਸਦੀ ਸਰਕਾਰ ਵੱਲੋਂ ਧਾਂਦਲੀ ਦੇ ਕੰਮ ਵਜੋਂ ਨਿੰਦਾ ਕੀਤੀ। ਮਾਸਟਰ ਤਾਰਾ ਸਿੰਘ ਨੇ ਵੀ ਇਸਨੂੰ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦੀ ਗੱਦੀਓਂ ਲਾਹੁਣ ਨਾਲ ਮੇਲ ਕੇ ਇਸ ਦੀ ਨਿੰਦਾ ਕੀਤੀ।



ਡਾ. ਚਰਨਜੀਤ ਸਿੰਘ ਗੁਮਟਾਲਾ
91-9417533060

ਸਿੱਖ ਧਰਮ ਮਹਾਰਾਜਾ ਨਾਭਾ ਨੂੰ ਮੁੜ ਗੱਦੀ ਉੱਤੇ ਬਿਠਾਉਣ ਲਈ ਬਣੀ ਕਮੇਟੀ ਨੇ ਇਹ ਕਿਹਾ ਕਿ ਪੰਜਾਬ ਦੇ ਸਾਰੇ ਪ੍ਰਮੁੱਖ ਨਗਰਾਂ ਵਿੱਚ ਉਸਦੇ ਲਈ ਕੀਤੀ ਅਰਦਾਸ ਵਜੋਂ 29 ਜੁਲਾਈ 1923 ਦਾ ਦਿਨ ਮਨਾਇਆ ਜਾਵੇ। 2 ਅਗਸਤ 1923 ਨੂੰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਦੇ ਵਾਇਸਰਾਇ ਲਾਰਡ ਰੀਡਿੰਗ ਨੂੰ ਤਾਰ ਭੇਜੀ ਜਿਸ ਵਿੱਚ ਸਰਕਾਰੀ ਬਿਆਨ 'ਤੇ ਇਤਰਾਜ਼ ਕੀਤਾ ਕਿ ਮਹਾਰਾਜਾ ਨੇ ਆਪਣੀ ਗੱਦੀ ਆਪਣੀ ਮਰਜ਼ੀ ਨਾਲ ਤਿਆਗੀ ਹੈ ਅਤੇ ਇਹ ਮੰਗ ਕੀਤੀ ਕਿ ਇਸਦੀ ਨਿਰਪੱਖ ਜਾਂਚ ਕਰਵਾਈ ਜਾਵੇ। ਤਿੰਨ ਦਿਨਾਂ ਬਾਅਦ ਇਹ ਮਤਾ ਪਾਸ ਕਰ ਦਿੱਤਾ ਗਿਆ ਜਿਸ ਵਿੱਚ ਇਸਦੀ ਕਾਰਜਕਾਰਨੀ ਕਮੇਟੀ ਨੂੰ ਮਹਾਰਾਜਾ ਰਿਪੁਦਮਨ ਨੂੰ ਨਾਭਾ ਦੀ ਗੱਦੀ 'ਤੇ ਮੁੜ ਬਿਠਾਉਣ ਲਈ ਸ਼ਾਂਤਮਈ ਅੰਦੋਲਨ ਕਰਨ ਲਈ ਕਿਹਾ ਗਿਆ। ਨਾਭਾ ਸਰਦਾਰ ਦਾ ਇਹ ਆਰਡੀਨੈਂਸ ਜਿਸ ਵਿੱਚ ਜਨਤਕ ਸਭਾਵਾਂ ਦੀ ਮਨਾਹੀ ਸੀ ਸਿੱਖਾਂ ਦੁਆਰਾ ਵਿਰੋਧ ਕੀਤਾ ਗਿਆ। ਸਿੱਖਾਂ ਨੇ ਮਹਾਰਾਜਾ ਨੂੰ ਗੱਦੀ ਤੋਂ ਲਾਹੁਣ ਦੇ ਕੰਮ ਨੂੰ ਨਿੰਦਣ ਲਈ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਸਨ।

25 ਅਗਸਤ ਨੂੰ, ਨਾਭਾ ਦੇ ਖੇਤਰ ਵਿੱਚ ਜੈਤੋ ਵਿਖੇ ਇੱਕ ਦੀਵਾਨ ਲਗਾਇਆ, ਜਿਸ ਵਿੱਚ ਲੋਕਾਂ ਨੇ ਜਲੂਸ ਕੱਢਿਆ ਅਤੇ ਮਤੇ ਮਨਜ਼ੂਰ ਕੀਤੇ ਜਿਸ ਵਿੱਚ ਮਹਾਰਾਜਾ ਨਾਲ ਹਮਦਰਦੀ ਕੀਤੀ ਗਈ ਅਤੇ ਸਰਕਾਰ ਦੇ ਕੰਮ ਦੀ ਨਿੰਦਾ ਕੀਤੀ ਗਈ। 27 ਅਗਸਤ ਨੂੰ, ਨਾਭਾ ਰਿਆਸਤ ਦੀ ਸਰਕਾਰ ਨੇ ਦੀਵਾਨ ਦੇ ਪ੍ਰਬੰਧਕਾਂ ਨੂੰ ਇਹ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਕਿ ਉਹਨਾਂ ਨੇ "ਰਾਜਨੀਤਿਕ ਭਾਸ਼ਣ ਦਿੱਤੇ ਹਨ"। ਅਸਲ ਵਿੱਚ ਦੀਵਾਨ 27 ਅਗਸਤ ਨੂੰ ਖ਼ਤਮ ਹੋਣਾ ਸੀ ਪਰੰਤੂ ਪੁਲਿਸ ਦੁਆਰਾ ਕੀਤੀਆਂ ਗ੍ਰਿਫ਼ਤਾਰੀਆਂ ਨੇ ਅਕਾਲੀਆਂ ਨੂੰ ਇਸਨੂੰ ਅਨਿਸ਼ਚਿਤ ਸਮੇਂ ਤੱਕ ਚਲਾਉਣ ਲਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੀ ਲੜੀ ਸ਼ੁਰੂ ਕਰਨ ਲਈ ਭੜਕਾ ਦਿੱਤਾ। ਪੁਲਿਸ ਨੇ ਹੋਰ ਗ੍ਰਿਫ਼ਤਾਰੀਆਂ ਕੀਤੀਆਂ ਅਤੇ 14 ਸਤੰਬਰ 1923 ਨੂੰ ਚੱਲ ਰਹੇ ਅਖੰਡ ਪਾਠ ਤੇ ਆਪਣੇ ਪਾਠੀ, ਆਤਮਾ ਸਿੰਘ ਨੂੰ ਪਵਿੱਤਰ ਗ੍ਰੰਥ ਦਾ ਪਾਠ ਕਰ ਰਹੇ ਗ੍ਰੰਥੀ ਦੀ ਥਾਂ 'ਤੇ ਬਿਠਾ ਦਿੱਤਾ। ਇਸ ਤਰ੍ਹਾਂ ਬੇਅਦਬੀ ਹੋਣ ਨਾਲ ਸਿੱਖਾਂ ਵਿੱਚ ਹਲਚਲ ਮਚ ਗਈ। 29 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰੀ ਕਾਰਵਾਈ ਦੀ ਨਿੰਦਾ ਕੀਤੀ। ਨਾਲ ਦੀ ਨਾਲ ਉਸ ਸਮੇਂ ਸਿੱਖਾਂ ਨੂੰ ਪੂਰਨ ਅਜ਼ਾਦੀ ਦੇ ਤੌਰ 'ਤੇ ਪੂਜਾ-ਪਾਠ ਕਰਨ ਦੇ ਹੱਕ ਦੀ ਘੋਸ਼ਣਾ ਕਰ ਦਿੱਤੀ। ਸਰਕਾਰ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਅਖੰਡ ਪਾਠ ਦੀ ਲੜੀ ਤੋੜੀ ਗਈ ਸੀ। ਫਿਰ ਵੀ ਜਥੇ ਆਉਂਦੇ ਰਹੇ। ਸੈਕਟਰੀ ਆਫ਼ ਸਟੇਟ ਨੇ ਵਾਇਸਰਾਇ ਨੂੰ ਆਦੇਸ਼ ਦਿੱਤਾ ਕਿ "ਅਕਾਲੀ ਅੰਦੋਲਨ ਨੂੰ ਗ੍ਰਿਫ਼ਤਾਰੀਆਂ ਰਾਹੀਂ ਅਤੇ ਸਾਰੇ ਪ੍ਰਬੰਧਕਾਂ ਤੇ ਅਪਰਾਧੀ-ਸਾਥੀਆਂ ਵਜੋਂ ਮੁਕੱਦਮਾ ਚਲਾ ਕੇ ਕਾਰਗਰ/ਪ੍ਰਭਾਵਸ਼ਾਲੀ ਰੋਕ ਲਾਈ ਜਾਵੇ"। ਪੰਜਾਬ ਸਰਕਾਰ ਨੇ ਇਸ ਹਿਦਾਇਤ 'ਤੇ ਕੰਮ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਸਾਰੇ 60 ਮੈਂਬਰਾਂ ਨੂੰ ਬਾਦਸ਼ਾਹ ਦੇ ਵਿਰੁੱਧ ਵਿਦਰੋਹ ਦੇ ਦੋਸ਼ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਕਾਲੀਆਂ ਦੇ ਜਥਿਆਂ ਨੂੰ ਨਾਭਾ ਦੇ ਖੇਤਰ ਵਿੱਚ ਵੜਨ ਦੀ ਪਾਬੰਦੀ ਲਗਾ ਦਿੱਤੀ ਗਈ, ਜਥਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲਿਸ ਦੁਆਰਾ ਕੁੱਟਿਆ ਗਿਆ। ਫਿਰ ਇਹਨਾਂ ਨੂੰ ਦੂਰ ਰੇਗਿਸਤਾਨ ਵਿੱਚ ਬਿਨਾਂ ਖਾਣੇ ਅਤੇ ਪਾਣੀ ਦੇ ਛੱਡ ਦਿੱਤਾ ਜਾਂਦਾ ਸੀ। ਅੰਦੋਲਨ ਨੂੰ ਹੋਰ ਤੇਜ਼ ਕਰਨ ਲਈ, ਅਕਾਲੀਆਂ ਨੇ ਜਥਿਆਂ ਦੀ ਗਿਣਤੀ ਵਧਾ ਦਿੱਤੀ। 9 ਫਰਵਰੀ 1924 ਨੂੰ 500 ਅਕਾਲੀਆਂ ਦਾ ਜਥਾ, ਅਕਾਲ ਤਖ਼ਤ ਤੋਂ ਰਵਾਨਾ ਹੋਇਆ ਅਤੇ ਜਿਸ ਸ਼ਹਿਰ ਅਤੇ ਪਿੰਡ ਵਿੱਚੋਂ ਦੀ ਵੀ ਇਹ ਜੱਥਾ ਲੰਘਦਾ ਉੱਥੇ ਹੀ ਉਨ੍ਹਾਂ ਨੂੰ ਬੇਮਿਸਾਲ ਸਤਿਕਾਰ ਪ੍ਰਾਪਤ ਹੁੰਦਾ। ਐਸ।ਜ਼ਿਮੰਦ, ਜੋ 'ਨਿਊਯਾਰਕ ਟਾਈਮਜ਼' ਦਾ ਸੰਵਾਦਦਾਤਾ ਸੀ, ਜਿਸ ਨੇ ਕੂਚ ਕਰਨ ਵੇਲੇ ਜਥੇ ਨੂੰ ਅੱਖੀਂ ਦੇਖਿਆ ਸੀ ਲਿਖਦਾ ਹੈ : "ਜਥਾ ਪੂਰੀ ਤਰ੍ਹਾਂ ਠੀਕ ਅਨੁਸ਼ਾਸਨ ਅਤੇ ਅਹਿੰਸਾ ਪੂਰਵਕ ਚੱਲ ਰਿਹਾ ਸੀ, ਜਿਸ ਦੇ ਸੱਜੇ-ਖੱਬੇ ਦੋਵੇਂ ਪਾਸੀਂ ਲੋਕਾਂ ਦੀ ਭੀੜ ਸੀ, ਪੰਜ ਨਿਸ਼ਾਨ ਸਾਹਿਬ ਅੱਗੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਲੇ ਸੀ"।

20 ਫਰਵਰੀ 1924 ਨੂੰ ਜਥਾ ਬਰਗਾੜੀ ਪਹੁੰਚ ਗਿਆ, ਜੋ ਜੈਤੋ ਤੋਂ ਤਕਰੀਬਨ 10 ਕਿਲੋਮੀਟਰ ਦੂਰ ਨਾਭਾ-ਫ਼ਰੀਦਕੋਟ ਸਰਹੱਦ 'ਤੇ ਇੱਕ ਪਿੰਡ ਹੈ। ਜੈਤੋ ਵਿਖੇ, 'ਟਿੱਬੀ ਸਾਹਿਬ ਗੁਰਦੁਆਰੇ' ਤੋਂ ਤਕਰੀਬਨ 150 ਮੀਟਰ ਦੀ ਦੂਰੀ 'ਤੇ, ਨਾਭਾ ਦਾ ਪ੍ਰਬੰਧਕ ਵਿਲਸਨ ਜਾਨਸਟਨ, ਰਿਆਸਤ ਦੀ ਕਾਫ਼ੀ ਪੁਲਿਸ ਨਾਲ ਖੜ੍ਹਾ ਸੀ। 21 ਫਰਵਰੀ ਨੂੰ, ਜਥੇ ਨੇ ਗੁਰਦੁਆਰੇ ਵੱਲ ਨੂੰ ਕੂਚ ਕੀਤਾ ਅਤੇ ਵਿਲਸਨ ਜਾਨਸਟਨ ਦੀ ਤਲਬ 'ਤੇ ਜਥੇ ਨੇ ਰੁਕਣ ਜਾਂ ਖਿੰਡ ਜਾਣ ਤੋਂ ਮਨਾ ਕਰ ਦਿੱਤਾ। ਪ੍ਰਬੰਧਕ ਨੇ ਫ਼ੌਜ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਦੋ ਵਾਰੀ ਗੋਲੀਆਂ ਦੀ ਬੁਛਾੜ ਜਿਹੜੀ 5 ਮਿੰਟ ਤੱਕ ਚੱਲਦੀ ਰਹੀ, ਉਸ 'ਚ ਕਈ ਮਾਰੇ ਗਏ। ਇਕ ਔਰਤ ਦਾ ਬੱਚਾ ਗੋਲੀ ਲਗਣ ਨਾਲ ਮਰ ਗਿਆ। ਉਸ ਨੇ ਬੱਚੇ ਨੂੰ ਜਮੀਨ 'ਤੇ ਲਿਟਾ ਦਿਤਾ ਤੇ ਆਪ ਜਥੇ ਨਾਲ ਚਲਦੀ ਰਹੀ। ਕੁਝ ਸਮੇਂ ਬਾਦ ਉਸ ਦੀ ਵੀ ਗੋਲੀ ਲਗਣ ਨਾਲ ਮੌਤ ਹੋ ਗਈ । ਫੱਟੜਾਂ-ਮਰਿਆਂ ਦੀ ਸੂਚੀ ਵਿੱਚ ਸਰਕਾਰੀ ਅਨੁਮਾਨ ਅਨੁਸਾਰ 22 ਮਰੇ , 29 ਜ਼ਖ਼ਮੀ ਹੋਇ ਤੇ 450 ਗਿਰਫਤਾਰ ਕੀਤੇ ਗਏ। ਅਕਾਲੀਆਂ ਦੇ ਮੁਤਾਬਿਕ ਗਿਣਤੀ ਕਿਤੇ ਜ਼ਿਆਦਾ ਸੀ। ਉਨ੍ਹਾਂ ਅਨੁਸਾਰ 100 ਨੇ ਸ਼ਹੀਦੀ ਪ੍ਰਾਪਤ ਕੀਤੀ ਤੇ 200 ਜਖ਼ਮੀ ਹੋਇ।

ਅਕਾਲੀਆਂ ਦੇ ਸ਼ਾਂਤਮਈ ਜਥੇ ਉੱਤੇ ਗੋਲੀਬਾਰੀ ਦੇਸ਼ ਭਰ ਵਿੱਚ ਨਾਰਾਜ਼ਗੀ ਦਾ ਕਾਰਨ ਬਣ ਗਈ। 28 ਫਰਵਰੀ 1924 ਨੂੰ, ਇੱਕ ਹੋਰ 500 ਦਾ ਬਹਾਦਰ ਜਥਾ ਅੰਮ੍ਰਿਤਸਰ ਤੋਂ ਜੈਤੋ ਲਈ ਚੱਲਿਆ ਜਿਹੜਾ 14 ਮਾਰਚ ਨੂੰ ਪੁਲਿਸ ਦੁਆਰਾ ਹਿਰਾਸਤ ਵਿੱਚ ਲੈ ਲਿਆ ਗਿਆ। 13 ਹੋਰ 500 – 500 ਦੇ ਬਹਾਦਰ ਜਥੇ ਜੈਤੋ ਪਹੁੰਚੇ ਅਤੇ ਆਪਣੀਆਂ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਮੋਰਚੇ ਵਿੱਚ ਸ਼ਾਮਲ ਹੋਣ ਲਈ ਕਨੇਡਾ, ਹਾਂਗਕਾਂਗ ਅਤੇ ਸ਼ੰਘਾਈ ਤੋਂ ਵੀ ਸਿੱਖ ਜਥੇ ਆਏ।

ਪੰਜਾਬ ਦੇ ਗਵਰਨਰ ਸਰ ਮੈਲਕਾਮ ਹੈਲੇ ਨੇ ਕੌਮ ਨੂੰ ਸਮਾਨਾਂਤਰ ਸਿੱਖ ਸੁਧਾਰ ਕਮੇਟੀਆਂ ਬਣਾ ਕੇ ਦੁਫਾੜ ਦੀ ਨੀਤੀ ਦੀ ਯੋਜਨਾ ਬਣਾਈ ਜੋ ਨਰਮਪੰਥੀ ਅਤੇ ਸਰਕਾਰ ਪੱਖੀ ਗੁਟਾਂ ਨਾਲ ਸੰਬੰਧਿਤ ਸਨ। 101 ਬਹਾਦਰ ਜਥਿਆਂ ਨੂੰ ਜੈਤੋ ਵਿਖੇ ਅਖੰਡ-ਪਾਠ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਪ੍ਰੰਤੂ ਇਸ ਨਾਲ ਨਾ ਤਾਂ ਆਮ ਸਿੱਖ ਵਿਚਾਰ ਨੂੰ ਰਾਹਤ ਮਿਲੀ ਨਾ ਹੀ ਇਸਨੇ ਅੰਦੋਲਨ ਦੇ ਜੋਸ਼ 'ਤੇ ਕੋਈ ਖ਼ਾਸ ਪ੍ਰਭਾਵ ਪਾਇਆ। ਜੈਤੋ ਵਿਖੇ ਅਕਾਲੀਆਂ ਨੂੰ ਅਖੰਡ ਪਾਠ ਕਰਨ ਦੀ ਪ੍ਰਵਾਨਗੀ ਦੇ ਮੁੱਦੇ 'ਤੇ ਸਰਕਾਰ ਪੰਡਤ ਮਦਨ ਮੋਹਨ ਮਾਲਵੀਆ ਅਤੇ ਭਾਈ ਜੋਧ ਸਿੰਘ ਰਾਹੀਂ ਗੱਲਬਾਤ ਕਰਨ ਲਈ ਤਿਆਰ ਸੀ। ਪਰੰਤੂ ਸਰਕਾਰ ਰਿਆਸਤ ਦੇ ਗੱਦੀਉਂ ਉਤਾਰੇ ਮਹਾਰਾਜੇ ਨੂੰ ਮੁੜ ਬਹਾਲ ਕਰਨ ਦੇ ਮਾਮਲੇ 'ਤੇ ਜ਼ਿੱਦੀ ਸੀ। ਇਸੇ ਸਮੇਂ ਦੌਰਾਨ, ਪੰਜਾਬ ਸਰਕਾਰ ਨੇ ਪੰਜਾਬ ਵਿਧਾਨ ਪਰਿਸ਼ਦ ਵਿੱਚ ਸਿੱਖ ਗੁਰਦੁਆਰਿਆਂ ਦਾ ਬਿੱਲ ਪੇਸ਼ ਕਰ ਦਿੱਤਾ ਜਿਹੜਾ 7 ਜੁਲਾਈ 1925 ਨੂੰ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਬਿੱਲ ਪਾਸ ਕਰਨ ਮਗਰੋਂ, ਪੰਜਾਬ ਦੇ ਗਵਰਨਰ, ਸਰ ਮੈਲਕਾਮ ਹੈਲੇ ਨੇ ਪੰਜਾਬ ਵਿਧਾਨ ਪਰਿਸ਼ਦ ਵਿੱਚ ਆਪਣੇ ਭਾਸ਼ਣ ਦੇ ਦੌਰਾਨ ਇਹ ਐਲਾਨ ਕਰ ਦਿੱਤਾ ਸੀ ਕਿ ਨਾਭੇ ਦਾ ਪ੍ਰਬੰਧਕ ਜੈਤੋ ਵਿਖੇ 'ਗੁਰਦੁਆਰਾ ਗੰਗਸਰ' ਦੀ ਧਾਰਮਿਕ ਸੇਵਾ ਲਈ ਤੀਰਥ-ਯਾਤਰੀਆਂ ਦੇ ਜਥਿਆਂ ਨੂੰ ਪ੍ਰਵਾਨਗੀ ਦੇਵੇਗਾ। ਇਸ ਐਲਾਨ ਤੋਂ ਮਗਰੋਂ ਅਖੰਡ ਪਾਠ ਕਰਨ ਉੱਤੇ ਲੱਗੀ ਪਾਬੰਦੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਅਕਾਲੀਆਂ ਵਿੱਚੋਂ ਜ਼ਿਆਦਾਤਰ ਅਕਾਲੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਅਕਾਲੀਆਂ ਦੁਆਰਾ ਅਜਿਹੇ 101 ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਜਿਹੜੀ 6 ਅਗਸਤ 1925 ਨੂੰ ਸਮਾਪਤ ਹੋਈ।

ਮੋਰਚੇ ਵਿਚ ਮਾਰੇ ਗਏ ਮੈਂਬਰਾਂ ਦੀਆਂ 22 ਮ੍ਰਿਤਕ ਦੇਹਾਂ ਹੀ ਦਿੱਤੀਆਂ ਗਈਆਂ ਜਿਨ੍ਹਾਂ ਦਾ ਸਸਕਾਰ ਜੈਤੋ ਦੀ ਮਾਰਕੀਟ ਜੋ ਕਿ ਦਸਵੀਂ ਪਾਤਸ਼ਾਹੀ ਦੇ ਗੁਰਦੁਆਰਾ ਗੰਗਸਰ ਤੋਂ ਅੱਧਾ ਕਿਲੋਮੀਟਰ ਹੈ, ਵਿਖੇ ਸਸਕਾਰ ਕੀਤਾ ਗਿਆ।ਇਸ ਸਥਾਨ 'ਤੇ ਗੁਰਦੁਆਰਾ ਅੰਗੀਠਾ ਸਾਹਿਬ ਸੁਸ਼ੋਭਿਤ ਹੈ।

ਸਰਕਾਰ ਵਲੋਂ ਕੁਝ ਸ਼ਹੀਦਾਂ ਦੀਆਂ ਮ੍ਰਿਤਕ ਦੇਹਾਂ 21 ਫਰਵਰੀ 1924 ਦੀ ਰਾਤ ਨੂੰ ਇਕ ਵਿਸ਼ੇਸ਼ ਗੱਡੀ ਰਾਹੀਂ ਸਤਲੁਜ ਦਰਿਆ ਵਿਚ ਰੋੜੀਆਂ ਗਈਆਂ। 50 ਸਿੱਖ ਪੁਲੀਸ ਦੇ ਤਸ਼ਦਦ ਨਾਲ ਜੇਲਾਂ ਵਿਚ ਸ਼ਹੀਦ ਹੋਇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 22 ਸ਼ਹੀਦਾਂ ਵਿਚੋਂ ਕੇਵਲ 17 ਦੀ ਪਛਾਣ ਹੋ ਸਕੀ। ਇਨ੍ਹਾਂ ਵਿਚ ਜਿਲਾ ਅੰਮ੍ਰਿਤਸਰ ਜਿਲੇ ਦੇ ਪਿੰਡ ਚੀਚਾ ਭਕਨਾ ਦਾ ਜੱਸ ਸਿੰਘ। ਜਿਲਾ ਪਟਿਆਲਾ ਦੇ ਪਿੰਡ ਕਰਮਗੜ ਦਾ ਸੁੰਦਰ ਸਿੰਘ, ਫਰੀਦਕੋਟ ਜਿਲੇ ਦੇ ਪਿੰਡ ਲੁਭਵਾਲੀ ਦਾ ਸੁਰੈਣ ਸਿੰਘ। ਫਿਰੋਜਪੁਰ ਜਿਲੇ ਦੇ ਪਿੰਡ ਵੰਦਰ ਦਾ ਫੁੰਮਣ ਸਿੰਘ, ਇਸੇ ਜਿਲੇ ਦੇ ਪਿੰਡ ਚੀਦਾ ਦਾ ਸੁੰਦਰ ਸਿੰਘ, ਹੁਸ਼ਿਆਰਪੁਰ ਜਿਲੇ ਦੇ ਪਿੰਡ ਸੰਗਰਵਾਲ ਦਾ ਦੀਵਾਨ ਸਿੰਘ,ਇਸੇ ਜਿਲੇ ਦੇ ਪਿੰਡ ਨਮੋਲੀ ਦਾ ਹਰੀ ਸਿੰਘ, ਫਿਰੋਜਪੁਰ ਜਿਲੇ ਦੇ ਪਿੰਡ ਕਾਲਕੇ ਦਾ ਹਰਦਿਤ ਸਿੰਘ,ਇਸੇ ਜਿਲੇ ਦੇ ਪਿੰਡ ਬਾਘਾ ਪੁਰਾਣਾ ਦਾ ਵਰਿਆਮ ਸਿੰਘ, ਇਸੇ ਜਿਲੇ ਦੇ ਪਿੰਡ ਸਮਾਲਸਰ ਦਾ ਫੁੰਮਣ ਸਿੰਘ,ਇਸੇ ਜਿਲੇ ਦੇ ਪਿੰਡ ਰੋਡੇ ਦਾ ਮਾਘ ਸਿੰਘ ਤੇ ਇਸੇ ਪਿੰਡ ਦਾ ਕਪੂਰ ਸਿੰਘ,ਇਸੇ ਜਿਲੇ ਦੇ ਪਿੰਡ ਭਲੂਰ ਦਾ ਘੁਲਾ ਸਿੰਘ, ਇਸੇ ਜਿਲੇ ਦੇ ਪਿੰਡ ਮੋਗਾ ਦਾ ਨੱਥਾ ਸਿੰਘ, ਜਲੰਧਰ ਜਿਲੇ ਦੇ ਪਿੰਡ ਮਟਕਰ ਕਲਾਂ ਦਾ ਅੱਛਰ ਸਿੰਘ, ਇਸੇ ਜਿਲੇ ਦੇ ਪਿੰਡ ਮਾਗਟ ਦਾ ਬਿਸ਼ਨ ਸਿੰਘ, ਜੀ ਕਲਸੀਆ ਜਿਲੇ ਦੇ ਪਿੰਡ ਚੜਿਕ ਦਾ ਵਧਾਵਾ ਸਿੰਘ।

# ਸਾਕਾ ਨਨਕਾਣਾ ਸਾਹਿਬ

**(ਸਫਾ 23 ਦੀ ਬਾਕੀ)**

ਬੁਲ੍ਹਾ ਕੇ ਮੰਗ ਕੀਤੀ ਕਿ (1) ਗੱਦੀਦਾਰਾਂ ਦੀ ਗੱਦੀ ਜਾਂ ਨਸ਼ੀਨੀ ਦਾ ਸਿਲਸਲਾ ਖ਼ਤਮ ਕੀਤਾ ਜਾਵੇ(2) ਸਾਰੀ ਵਕਫ਼ ਜਾਇਦਾਦ ਜਿਹੜੀ ਗੁਰਦੁਆਰਿਆਂ ਦੀ ਹੈ ਦੀ ਮਾਲਕੀ ਗੁਰਦੁਆਰਿਆਂ ਦੀ ਕਰਾਰ ਦਿੱਤੀ ਜਾਵੇ (3) ਉਨ੍ਹਾਂ ਸਾਰੇ ਗੁਰਦੁਆਰਿਆਂ ਨੂੰ ਮਾਨਤਾ ਦਿੱਤੀ ਜਾਵੇ, ਜਿੰਨਾਂ ਨੂੰ ਸਿੱਖ ਗੁਰਦੁਆਰਾ ਹੋਣ ਦਾ ਦਾਅਵਾ ਕਰਨ।

ਵੇਖਣ ਵਾਲੀ ਗੱਲ ਹੈ ਕਿ ਨਨਕਾਣਾ ਸਾਹਿਬ ਦੇ ਹੋਰ ਗੁਰਦੁਆਰਿਆਂ ਉੱਤੇ ਛਾਪੇ ਮਾਰਕੇ ਅਤੇ ਅਕਾਲੀ ਪ੍ਰਬੰਧਕਾਂ ਨੂੰ ਬੇ-ਇਜ਼ਤ ਕਰਨ ਲਈ ਹੱਥ ਕੜ੍ਹੀਆਂ ਲਾ ਕੇ ਫੜਿਆ ਗਿਆ ਤਾਂ ਜੋ ਮਹੰਤ ਦੇ ਮੁੱਕਦਮੇ ਵਿਚ ਇਕਬਾਲੀ ਗੁਆਹਾਂ ਉੱਤੇ ਮਰਜ਼ੀ ਦੇ ਬਿਆਨ ਲੈਣ ਲਈ ਦਬਾਅ ਪਾਇਆ ਜਾ ਸਕੇ ਪਰ ਜਨਮ ਅਸਥਾਨ ਦੇ ਗੁਰਦੁਆਰੇ ਨੂੰ ਨਾ ਛੇੜਿਆ ਗਿਆ। ਸ਼ਾਇਦ ਇਹ ਇਸ ਲਈ ਸੀ ਕਿ ਇਸ ਦਾ ਪ੍ਰਬੰਧਕ ਹਰਬੰਸ ਸਿੰਘ ਅਟਾਰੀ ਆਨਰੇਰੀ ਸਕੱਤਰ ਚੀਫ਼ ਖਾਲਸਾ ਦੀਵਾਨ ਸੀ, ਜਿਸ ਨੂੰ ਕਿੰਗ ਨੇ ਆਪਣਾ ਆਦਮੀ ਸਮਝ ਕੇ ਚਾਬੀਆਂ ਦਿੱਤੀਆਂ ਸਨ। ਇਸ ਸਾਰੇ ਮਾਮਲੇ ਵਿਚ ਚੀਫ਼ ਖਾਲਸਾ ਦੀਵਾਨ ਦੀ ਭੂਮਿਕਾ ਸਰਕਾਰ ਪੱਖੀ ਸੀ, ਜਿਸ 'ਤੇ ਸੋਹਨ ਸਿੰਘ ਜੋਸ਼ ਨੇ ਆਪਣੀ ਪੁਸਤਕ ਅਕਾਲੀ ਮੋਰਚਿਆਂ ਦਾ ਇਤਿਹਾਸ ਵਿਚ ਬੜੇ ਵਿਸਥਾਰ ਨਾਲ ਚਰਚਾ ਕੀਤੀ ਹੈ।

ਗੁਰਦੁਆਰਿਆਂ ਵਿਚੋਂ ਫੜੇ ਅਕਾਲੀਆਂ ਨੂੰ ਸਖ਼ਤ ਸਜਾਵਾਂ ਦਿੱਤੀਆਂ ਗਈਆਂ। ਤੇਜਾ ਸਿੰਘ ਭੁਚਰ ਨੂੰ 9 ਸਾਲ, ਲਾਹੌਰਾ ਸਿੰਘ ਨੂੰ 11 ਸਾਲ, ਕਰਤਾਰ ਸਿੰਘ ਝੱਬਰ ਨੂੰ 18 ਸਾਲ ਦੀ ਸਖ਼ਤ ਸਜ਼ਾ ਹੋਈ। ਬਾਕੀ ਅਕਾਲੀਆਂ ਨੂੰ ਵੀ ਸਖ਼ਤ ਸਜਾਵਾਂ ਦਿੱਤੀਆਂ ਗਈਆਂ। ਜੱਜ ਨੇ ਇਨ੍ਹਾਂ ਸਜਾਵਾਂ ਦੇ ਨਾਲ ਬੜੇ ਅਨੋਖੇ ਫੈਸਲੇ ਦਿੱਤੇ ਜਿਵੇਂ ਕਿ ਉਦਾਸੀ ਸਿੱਖ ਨਹੀਂ ਹਨ ਤੇ ਕਬਜ਼ੇ ਹੇਠ ਲਿਆਂਦੇ ਗੁਰਦੁਆਰੇ, ਗੁਰਦੁਆਰੇ ਨਹੀਂ ਹਨ, ਉਦਾਸੀਆਂ ਦੇ ਡੇਰੇ ਹਨ ਭਾਵੇਂ ਕਿ ਮਾਲ ਕਾਗਜ਼ਾਂ ਵਿਚ ਇਨ੍ਹਾਂ ਬਾਰੇ 'ਗੁਰਦੁਆਰਾ' ਸ਼ਬਦ ਦਰਜ ਸੀ, ਪਰ ਉਸ ਨੇ ਕਿਹਾ ਕਿ ਮੈਂ ਇਸ ਨੂੰ ਕੋਈ ਮਹੱਤਤਾ ਨਹੀਂ ਦਿੰਦਾ। ਮਾਣਕ ਦਾ ਮਹੰਤ ਪਹਿਲਾਂ ਪਹਿਲ ਆਪਣੇ ਆਪ ਨੂੰ ਸਿੱਖ ਕਹਿੰਦਾ ਰਿਹਾ ਪਰ ਹੁਣ ਉਹ ਆਪਣੇ ਆਪ ਨੂੰ ਹਿੰਦੂ ਕਹਿਣ ਲੱਗਾ। ਉਸ ਨੇ ਕਿਹਾ ਕਿ ਸਿੱਖੀ ਨਾਲ ਉਸਦਾ ਕੋਈ ਵਾਸਤਾ ਨਹੀਂ।

ਜਿਥੋਂ ਤੀਕ ਮਹੰਤ ਦੇ ਮੁਕੱਦਮੇ ਦਾ ਸੰਬੰਧ ਹੈ, ਸਰਕਾਰ ਉਸ ਦੀ ਪਿੱਠ 'ਤੇ ਖੜ੍ਹੀ ਸੀ। ਹਾਈਕੋਰਟ ਵਿਚ ਮਹੰਤ ਨੇ ਆਪਣੇ ਮੁਕੱਦਮੇ ਦੀ ਪੈਰਵੀ ਕਰਨ ਲਈ ਪਟਨੇ ਦੇ ਹਸਨ ਇਮਾਮ ਨੂੰ ਲਿਆਂਦਾ। ਉਸ ਨੇ ਬੜੀਆਂ ਬੇ-ਤੁਕੀਆਂ ਦਲੀਲਾਂ ਦਿੱਤੀਆਂ ਜੋ ਸਿੱਖਾਂ ਨੂੰ ਹਮੇਸ਼ਾ ਸ਼ਰਮਸਾਰ ਕਰਨਗੀਆਂ। ਉਸ ਨੇ ਮਹੰਤ ਵਲੋਂ ਸਾਰੇ ਸਿੱਖਾਂ ਨੂੰ ਮਾਰ ਮੁਕਾਣ ਦਾ ਹੁਕਮ ਦੇਣ ਬਾਰੇ ਆਖਿਆ ਕਿ 130 ਨਹੀਂ, ਜੇ ਮੌਤਾਂ ਦੀ ਗਿਣਤੀ 130 ਹਜ਼ਾਰ ਹੁੰਦੀ ਤਾਂ ਵੀ ਮਹੰਤ ਇਹ ਹੁਕਮ ਦੇਣ ਲਈ ਹੱਕੀ ਤੇ ਠੀਕ ਹੁੰਦਾ। ਹਾਈਕੋਰਟ ਦੇ ਜੱਜਾਂ ਨੇ 3 ਮਾਰਚ 1922 ਨੂੰ ਆਪਣੇ ਫੈਸਲੇ ਵਿਚ ਲਿਖਿਆ ਕਿ ਸਰਕਾਰ ਵਲੋਂ ਸਰੱਖਿਆ ਨਾ ਮਿਲਣ ਕਰਕੇ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਰੱਖਿਆ ਲਈ ਖ਼ੁਦ ਪ੍ਰਬੰਧ ਕਰੇ ।ਉਨ੍ਹਾਂ ਨੇ ਮਹੰਤ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ। ਉਨ੍ਹਾਂ ਹਰੀ ਨਾਥ (ਜਿਸ ਨੇ ਜੁਰਮ ਦਾ ਪੂਰਾ ਇਕਬਾਲ ਕਰ ਲਿਆ ਸੀ), ਰਾਂਝਾ ਅਤੇ ਰਿਹਾਨਾ ਦੀ ਫਾਂਸੀ ਦੀ ਸਜ਼ਾ ਬਹਾਲ ਰੱਖੀ ਅਤੇ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਮਿਲੀ ਸੀ, ਉਨ੍ਹਾਂ ਵਿਚੋਂ ਸਿਰਫ਼ 2 ਦੀ ਸਜ਼ਾ ਬਹਾਲ ਰੱਖੀ ਤੇ ਬਾਕੀ ਸਭ ਪਠਾਣਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਨਾਲ ਅੰਗਰੇਜ਼ੀ ਰਾਜ ਦਾ ਪਾਜ਼ ਖੁੱਲ ਗਿਆ ਤੇ ਸਿੱਖਾਂ ਨੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਲਈ ਇਕ ਸਾਰਥਕ ਬਿਲ ਪਾਸ ਕਰਾਉਣ ਲਈ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ ਤੇ ਇਸ ਸਾਕੇ ਨਾਲ ਗੁਰਦੁਆਰਿਆਂ ਦੀ ਆਜ਼ਾਦੀ ਦੀ ਤਰੀਕ ਨੂੰ ਹੋਰ ਪ੍ਰਚੰਡ ਕਰਨ ਦਾ ਸਿੱਖਾਂ ਨੂੰ ਮੌਕਾ ਮਿਲ ਗਿਆ।

**ਹਵਾਲਾ ਪੁਸਤਕਾਂ**


1. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਨਵੀਂ ਦਿੱਲੀ, 2000
2. ਗੁਰਬਖ਼ਸ਼ ਸਿੰਘ 'ਸ਼ਮਸ਼ੇਰ' ਝਬਾਲੀਆ, ਸ਼ਹੀਦੀ ਜੀਵਨ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, 2006
3. ਭਾਈ ਕਾਨ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1960
4. ਡਾ. ਮਹਿੰਦਰ ਸਿੰਘ, ਅਕਾਲੀ ਲਹਿਰ, ਸਿੰਘ ਬਰਦਰਜ਼, ਅੰਮ੍ਰਿਤਸਰ, 2005


## ਮਹਿਲਾ ਕੈਦੀ ਨੇ ਚਾਰਟਡ ਜਹਾਜ਼ 'ਚ ਪਾਇਆ ਖਿਲੇਰਾ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਆਕਲੈਂਡ ਤੋਂ ਕ੍ਰਾਈਸਟਚਰਚ ਵਿਖੇ ਮਹਿਲਾ ਕੈਦੀਆਂ ਨੂੰ ਲਿਜਾ ਰਹੇ ਇੱਕ ਚਾਰਟਡ ਜਹਾਜ਼ ਨੂੰ ਉਸ ਸਮੇਂ ਵਾਪਿਸ ਮੁੜਨਾ ਪਿਆ ਜਦੋਂ ਜਹਾਜ਼ ਵਿੱਚ ਸਵਾਰ ਇੱਕ ਮਹਿਲਾ ਕੈਦੀ ਨੇ ਅੰਦਰੂਨੀ ਖਿੜਕੀ ਨੂੰ ਨੁਕਸਾਨ ਪਹੁੰਚਾਇਆ। ਸੁਧਾਰ ਘਰ (ਜ਼ੇਲ੍ਹ ਅਧਿਕਾਰੀਆਂ) ਨੇ ਕਿਹਾ ਕਿ "ਬੀਤੇ ਬੁੱਧਵਾਰ ਨੂੰ ਇਕ ਚਾਰਟਡ ਜਹਾਜ਼ ਔਕਲੈਂਡ ਮਹਿਲਾ ਜ਼ੇਲ੍ਹ ਤੋਂ 8 ਕੈਦਣਾਂ ਨੂੰ ਲੈ ਕੇ ਕ੍ਰਾਈਸਟਚਰਚ ਜਾ ਰਿਹਾ ਸੀ। ਉਡਾਣ ਦੌਰਾਨ ਇਕ ਮਹਿਲਾ ਕੈਦੀ ਨੇ ਖਿਲਾਰਾ ਪਾ ਲਿਆ। ਉਸਨੇ ਜਹਾਜ਼ ਦੀ ਅੰਦਰਲੀ ਬਾਰੀ ਨੂੰ ਭੰਨਣਾ ਸ਼ੁਰੂ ਕਰ ਦਿੱਤਾ। ਇਸ ਕਰਕੇ ਉਸਦੇ ਹੱਥ ਵਿਚ ਵੀ ਸੱਟ ਲੱਗੀ ਅਤੇ ਜਹਾਜ਼ ਦੀ ਖਿੜਕੀ ਨੂੰ ਵੀ ਨੁਕਸਾਨ ਪਹੁੰਚਿਆ। ਇਸੇ ਚੱਕਰ ਦੇ ਵਿਚ ਸੁਰੱਖਿਆ ਦਾ ਮਸਲਾ ਪੈਦਾ ਹੋ ਗਿਆ ਅਤੇ ਜਹਾਜ਼ ਨੂੰ ਵਾਪਿਸ ਔਕਲੈਂਡ ਲਿਆਂਦਾ ਗਿਆ ਅਤੇ ਕੈਦੀ ਮਹਿਲਾਵਾਂ ਨੂੰ ਵਾਪਿਸ ਜ਼ੇਲ੍ਹ ਦੇ ਵਿਚ ਭੇਜਿਆ ਗਿਆ।"

ਸੁਧਾਰ ਘਰ ਦੀ ਜਨਰਲ ਮੈਨੇਜਰ ਨੇ ਕਿਹਾ ਕਿ "ਨੁਕਸਾਨ ਲਈ ਜ਼ਿੰਮੇਵਾਰ ਔਰਤ 'ਤੇ ਦੁਰਵਿਵਹਾਰ ਦਾ ਦੋਸ਼ ਲਗਾਇਆ ਜਾਵੇਗਾ, ਅਤੇ ਜੋ ਹੋਇਆ ਉਸ ਦੀ ਪੂਰੀ ਸਮੀਖਿਆ ਕੀਤੀ ਜਾਵੇਗੀ। ਇਹ ਵਿਵਹਾਰ ਸਾਡੇ ਸਟਾਫ, ਚਾਲਕ ਦਲ ਅਤੇ ਹੋਰ ਕੈਦੀਆਂ ਲਈ ਪੂਰੀ ਤਰ੍ਹਾਂ ਅਸਵੀਕਾਰਨਯੋਗ ਅਤੇ ਅਵਿਸ਼ਵਾਸ਼ਯੋਗ ਤੌਰ 'ਤੇ ਵਿਘਨਕਾਰੀ ਹੈ। ਸਾਡੇ ਸਟਾਫ ਨੇ ਸਥਿਤੀ ਨੂੰ ਨਿਯੰਤਰਣ ਕਰਨ ਵਿੱਚ ਸ਼ਾਨਦਾਰ ਕੰਮ ਕੀਤਾ ਅਤੇ ਮੈਂ ਇਸ ਘਟਨਾ ਦੌਰਾਨ ਉਡਾਣ ਦਲ ਦੇ ਮੈਂਬਰਾਂ ਦਾ ਵੀ ਧੰਨਵਾਦ ਕੀਤਾ ਹੈ। ਸੁਰੱਖਿਆ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਸੁਧਾਰ ਕੈਦੀਆਂ ਨੂੰ ਬਿਨਾਂ ਕਿਸੇ ਘਟਨਾ ਦੇ ਲਗਭਗ ਹਰ ਪੰਦਰਵਾੜੇ ਚਾਰਟਰ ਉਡਾਣ ਦੁਆਰਾ ਤਬਦੀਲ ਕਰਦੇ ਹਨ।"

ਸੋ ਅੰਤ ਇਹੀ ਕਹਿ ਸਕਦੇ ਹਾਂ ਕਿ ਜਿਸ ਨੂੰ ਚੰਗਾ ਸਮਝ ਕੇ ਚੰਗੇ ਪਾਸੇ ਲਾਉਣ ਦੀ ਕੋਸ਼ਿਸ਼ ਕੀਤੀ ਉਸਨੇ ਹੀ ਧੋਖਾ ਦਿੱਤਾ।

# 21 ਫਰਵਰੀ ਲਈ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਸਬੰਧੀ ਵਿਸ਼ੇਸ਼



ਐਡਵੋਕੇਟ ਕੁਲਦੀਪ ਚੰਦ
91-9417563054

ਭਾਸ਼ਾਵਾਂ ਸਿੱਖਿਆ ਅਤੇ ਟਿਕਾਊ ਵਿਕਾਸ ਲਈ ਜ਼ਰੂਰੀ ਹਨ ਜੋ ਕਿ ਗਿਆਨ ਨੂੰ ਤਬਦੀਲ ਕਰਨ ਅਤੇ ਸੱਭਿਆਚਾਰਾਂ ਨੂੰ ਸੁਰੱਖਿਅਤ ਰੱਖਣ ਦੇ ਮੁੱਖ ਸਾਧਨ ਵਜੋਂ ਕੰਮ ਕਰਦੀਆਂ ਹਨ। ਭਾਸ਼ਾ ਮਨੁੱਖ ਲਈ ਸਭ ਤੋਂ ਵੱਡਾ ਵਰਦਾਨ ਹੈ ਜੋ ਵਿਚਾਰਾਂ ਦੇ ਆਦਾਨ ਪ੍ਰਦਾਨ ਰਾਹੀਂ ਇਕ ਸੂਤਰ ਵਿੱਚ ਰੱਖਣ ਦੀ ਸਮਰੱਥਾ ਰਖਦੀ ਹੈ। ਹਰ ਸਮਾਜ ਦੇ ਵਿਕਾਸ ਵਿੱਚ ਮਾਂ ਬੋਲੀ ਅਤੇ ਮਾਤ ਭਾਸ਼ਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਮਾਤ ਭਾਸ਼ਾ ਕਿਸੇ ਵੀ ਵਿਅਕਤੀ ਦੀ ਪਹਿਚਾਣ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ। ਵਿਸ਼ਵ ਪੱਧਰ ਤੇ ਲੱਗਭੱਗ 40 ਫਿਸਦੀ ਆਬਾਦੀ ਨੂੰ ਉਸ ਭਾਸ਼ਾ ਦੀ ਸਿੱਖਿਆ ਤੱਕ ਪਹੁੰਚ ਨਹੀਂ ਹੈ ਜੋ ਉਹ ਬੋਲਦੇ ਜਾਂ ਸਮਝਦੇ ਹਨ। ਕਈ ਵਾਰ ਮਾਤ ਭਾਸ਼ਾ ਨੂੰ ਖਤਮ ਕਰਨ ਲਈ ਹੁੰਦੇ ਹਮਲੇ ਵੀ ਚਰਚਾ ਵਿੱਚ ਰਹਿੰਦੇ ਹਨ। ਭਾਰਤ ਦੀ ਵੰਡ ਹੋਣ ਤੋਂ ਬਾਦ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ ਹੁਣ ਬੰਗਲਾ ਦੇਸ਼ ਵਿੱਚ ਵੀ ਬਾਕੀ ਭਾਸ਼ਾਵਾਂ ਨੂੰ ਅਣਗੋਲਿਆਂ ਕਰਕੇ ਰਾਸ਼ਟਰੀ ਭਾਸ਼ਾ ਉਰਦੂ ਨੂੰ ਹੀ ਸੱਖਤੀ ਨਾਲ ਲਾਗੂ ਕਰ ਦਿੱਤਾ ਜਦਕਿ ਉਸ ਇਲਾਕੇ ਦੇ ਬਹੁਤੇ ਲੋਕ ਬੰਗਾਲੀ ਭਾਸ਼ਾ ਨੂੰ ਹੀ ਤਰਜੀਹ ਦਿੰਦੇ ਸਨ। ਸਾਲ 1952 ਵਿੱਚ ਸਰਕਾਰ ਨੇ ਜਦੋਂ ਬਾਕੀ ਭਾਸ਼ਾਵਾਂ ਤੇ ਪਾਬੰਦੀ ਲਗਾ ਦਿੱਤੀ ਤਾਂ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਇਲਾਕੇ ਦੇ ਲੋਕਾਂ ਨੇ ਅੰਦੋਲਨ ਸੁਰੂ ਕਰ ਦਿੱਤਾ ਜਿਸਨੂੰ ਰੋਕਣ ਲਈ ਪੁਲਿਸ ਨੇ ਗੋਲੀ ਚਲਾਈ ਜਿਸ ਵਿੱਚ ਕਈ ਵਿਅਕਤੀ ਮਾਰੇ ਗਏ। ਅਪਣੀ ਮਾਤ ਭਾਸ਼ਾ ਦੇ ਹੱਕ ਲਈ ਲੜਦੇ ਸ਼ਹੀਦਾਂ ਦੀ ਯਾਦਗਾਰ ਵਿੱਚ ਇਸ ਦਿਨ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ। ਮਾਤ ਭਾਸ਼ਾ ਦੀ ਮਹੱਤਤਾ ਨੂੰ ਸਮਝਦੇ ਹੋਏ ਯੂਨੈਸਕੋ ਮਹਾਂਸਭਾ ਨੇ 1999 ਵਿੱਚ ਇੱਕ ਮਤਾ ਪਾਸ ਕਰਕੇ ਹਰ ਸਾਲ 21 ਫਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਤੌਰ ਤੇ ਮਨਾਉਣ ਦਾ ਫੈਸਲਾ ਕੀਤਾ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣ ਦਾ ਵਿਚਾਰ ਬੰਗਲਾਦੇਸ਼ ਦੀ ਹੀ ਪਹਿਲ ਸੀ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 2002 ਦੇ ਆਪਣੇ ਮਤੇ ਵਿੱਚ ਇਸ ਦਿਨ ਦੀ ਘੋਸ਼ਣਾ ਦਾ ਸਵਾਗਤ ਕੀਤਾ। 16 ਮਈ 2007 ਨੂੰ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਆਪਣੇ ਮਤੇ ਵਿੱਚ ਮੈਂਬਰ ਦੇਸ਼ਾਂ ਨੂੰ ਦੁਨੀਆ ਦੇ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਸਾਰੀਆਂ ਭਾਸ਼ਾਵਾਂ ਦੀ ਸੰਭਾਲ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਦਾ ਸੱਦਾ ਦਿੱਤਾ। ਅੰਤਰਰਾਸ਼ਟਰੀ ਸਮਝ ਨੂੰ ਉਤਸ਼ਾਹਿਤ ਕਰਨ ਲਈ ਸਾਲ 2008 ਨੂੰ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਸਾਲ ਵਜੋਂ ਘੋਸ਼ਿਤ ਕੀਤਾ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਜੋ ਪਹਿਲਾਂ ਯੂਨੈਸਕੋ ਦੁਆਰਾ ਘੋਸ਼ਿਤ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੁਆਰਾ ਅਪਣਾਇਆ ਗਿਆ ਸੀ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਭਾਸ਼ਾਵਾਂ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਭਾਸ਼ਾਈ ਵਿਭਿੰਨਤਾ ਵਧਦੀ ਜਾ ਰਹੀ ਹੈ ਕਿਉਂਕਿ ਕਈ ਭਾਸ਼ਾਵਾਂ ਅਲੋਪ ਹੋ ਰਹੀਆਂ ਹਨ। ਇਸ ਸਾਲ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਥੀਮ "ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਸਿਲਵਰ ਜੁਬਲੀ ਜਸ਼ਨ" ਹੈ। ਯੂਨੈਸਕੋ ਦਾ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਜਸ਼ਨ ਟਿਕਾਊ ਵਿਕਾਸ ਟੀਚਾ ਚਾਰ ਦੀ ਪ੍ਰਾਪਤੀ ਲਈ ਇੱਕ ਥੰਮ ਵਜੋਂ ਬਹੁ-ਭਾਸ਼ਾਈ ਸਿੱਖਿਆ ਨੀਤੀਆਂ ਅਤੇ ਅਭਿਆਸਾਂ ਨੂੰ ਲਾਗੂ ਕਰਨ ਦੀ ਮਹੱਤਤਾ ਨੂੰ ਉਜਾਗਰ ਕਰੇਗਾ। ਇਹ ਸਾਰੇ ਵਿਅਕਤੀਆਂ ਲਈ ਸਿੱਖਿਆ ਤੱਕ ਬਰਾਬਰ ਪਹੁੰਚ ਅਤੇ ਜੀਵਨ ਭਰ ਸਿੱਖਣ ਦੇ ਮੌਕਿਆਂ ਨੂੰ ਪ੍ਰਾਪਤ ਕਰਨ ਲਈ ਇੱਕ ਨੀਂਹ ਪੱਥਰ ਹੈ। ਭਾਸ਼ਾਵਾਂ, ਪਛਾਣ, ਸੰਚਾਰ, ਸਮਾਜਿਕ ਏਕੀਕਰਨ, ਸਿੱਖਿਆ ਅਤੇ ਵਿਕਾਸ ਲਈ ਆਪਣੇ ਗੁੰਝਲਦਾਰ ਪ੍ਰਭਾਵ ਦੇ ਨਾਲ ਲੋਕਾਂ ਅਤੇ ਗ੍ਰਹਿ ਲਈ ਰਣਨੀਤਕ ਮਹੱਤਵ ਰੱਖਦੀਆਂ ਹਨ। ਔਸਤਨ ਦੋ ਹਫ਼ਤਿਆਂ ਵਿੱਚ ਇੱਕ ਭਾਸ਼ਾ ਆਪਣੇ ਨਾਲ ਇੱਕ ਪੂਰੀ ਸੱਭਿਆਚਾਰਕ ਅਤੇ ਬੌਧਿਕ ਵਿਰਾਸਤ ਲੈ ਕੇ ਅਲੋਪ ਹੋ ਜਾਂਦੀ ਹੈ। ਇਹ ਯਕੀਨੀ ਬਣਾਉਣਾ ਕਿ ਸਿੱਖਿਆ ਪ੍ਰਣਾਲੀਆਂ ਆਪਣੀ ਮਾਤ ਭਾਸ਼ਾ ਵਿੱਚ ਸਿੱਖਣ ਦੇ ਅਧਿਕਾਰ ਦਾ ਸਮਰਥਨ ਕਰਦੀਆਂ ਹਨ, ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਅਜਿਹੀ ਭਾਸ਼ਾ ਵਿੱਚ ਪੜ੍ਹਾਇਆ ਜਾਂਦਾ ਹੈ ਜਿਸਨੂੰ ਉਹ ਪੂਰੀ ਤਰ੍ਹਾਂ ਸਮਝਦੇ ਹਨ ਉਹ ਬਿਹਤਰ ਸਮਝ, ਸ਼ਮੂਲੀਅਤ ਅਤੇ ਆਲੋਚਨਾਤਮਕ ਸੋਚ ਦੇ ਹੁਨਰ ਵਿਖਾਂਦੇ ਹਨ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੀ 25ਵੀਂ ਵਰ੍ਹੇਗੰਢ ਭਾਸ਼ਾਈ ਵਿਭਿੰਨਤਾ ਨੂੰ ਸੁਰੱਖਿਅਤ ਰੱਖਣ ਅਤੇ ਮਾਤ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਦੀ ਇੱਕ ਚੌਥਾਈ ਸਦੀ ਦਾ ਜਸ਼ਨ ਮਨਾਉਂਦੀ ਹੈ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 2022 ਤੋਂ 2032 ਦੇ ਦਹਾਕੇ ਨੂੰ ਸਵਦੇਸ਼ੀ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਦਹਾਕੇ ਵਜੋਂ ਘੋਸ਼ਿਤ ਕੀਤਾ ਹੈ। ਇਸ ਦਿਨ ਦਾ ਵਿਸ਼ੇਸ਼ ਮੰਤਬ ਸਿੱਖਿਆ ਨੂੰ ਬਹੁ-ਭਾਸ਼ਾਈ ਸੰਦਰਭਾਂ ਵਿੱਚ ਬਦਲਣ ਦੀ ਲੋੜ ਵਜੋਂ ਬਹੁ-ਭਾਸ਼ਾਈ ਸਿੱਖਿਆ ਨੂੰ ਵਧਾਉਣਾ, ਤੇਜ਼ੀ ਨਾਲ ਬਦਲ ਰਹੀ ਬਹੁ-ਭਾਸ਼ਾਈ ਸਿੱਖਿਆ ਅਤੇ ਬਹੁ-ਭਾਸ਼ਾਈਵਾਦ ਦੁਆਰਾ ਸਿੱਖਣ ਦਾ ਸਮਰਥਨ ਕਰਨਾ, ਵਿਸ਼ਵ ਦੇ ਸੰਦਰਭ ਵਿੱਚ ਅਤੇ ਸੰਕਟ ਦੀਆਂ ਸਥਿਤੀਆਂ ਵਿੱਚ ਅਲੋਪ ਹੋ ਰਹੀਆਂ ਭਾਸ਼ਾਵਾਂ ਨੂੰ ਮੁੜ ਸੁਰਜੀਤ ਕਰਨ ਲਈ ਯੋਗਦਾਨ ਪਾਉਣਾ ਹੈ। ਯੂਨੈਸਕੋ ਮਾਤ-ਭਾਸ਼ਾ ਜਾਂ ਪਹਿਲੀ ਭਾਸ਼ਾ ਤੇ ਆਧਾਰਿਤ ਬਹੁ-ਭਾਸ਼ਾਈ ਸਿੱਖਿਆ ਨੂੰ ਉਤਸ਼ਾਹਿਤ ਕਰਦਾ ਹੈ। ਯੂਨੈਸਕੋ ਦਾ ਮੰਨਣਾ ਹੈ ਕਿ ਸਿੱਖਿਆ ਪਹਿਲੀ ਭਾਸ਼ਾ ਜਾਂ ਮਾਤ ਭਾਸ਼ਾ ਦੇ ਅਧਾਰ ਤੇ ਬਚਪਨ ਤੋਂ ਹੀ ਸ਼ੁਰੂ ਕਰਨੀ ਲਾਜ਼ਮੀ ਹੈ ਕਿਉਂਕਿ ਇਹ ਬਚਪਨ ਦੀ ਸੰਭਾਲ ਅਤੇ ਸਿੱਖਿਆ ਦੀ ਬੁਨਿਆਦ ਹੈ। ਯੂਨੈਸਕੋ ਦਾ ਅਨੁਮਾਨ ਹੈ ਕਿ 8324 ਭਾਸ਼ਾਵਾਂ ਬੋਲੀਆਂ ਜਾਂ ਲਿਖੀਆਂ ਜਾਂਦੀਆਂ ਹਨ ਅਤੇ ਇਹਨਾਂ ਵਿੱਚੋਂ ਲਗਭਗ 7000 ਭਾਸ਼ਾਵਾਂ ਅਜੇ ਵੀ ਵਰਤੋਂ ਵਿੱਚ ਹਨ। ਯੂਨੈਸਕੋ ਵਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੀ 25ਵੀਂ ਵਰ੍ਹੇਗੰਢ ਸਬੰਧੀ ਦੋ-ਰੋਜ਼ਾ ਸਮਾਗਮ ਵਿੱਚ ਤਕਨੀਕੀ ਸੰਵਾਦ 20 ਫਰਵਰੀ, ਉੱਚ-ਪੱਧਰੀ ਸੈਸ਼ਨ 21 ਫਰਵਰੀ, ਸੱਭਿਆਚਾਰਕ ਪ੍ਰਦਰਸ਼ਨ ਅਤੇ ਵਿਸ਼ਵਵਿਆਪੀ ਭਾਸ਼ਾਈ ਵਿਭਿੰਨਤਾ ਦਾ ਜਸ਼ਨ ਮਨਾਉਣ ਵਾਲੀ ਇੱਕ ਪ੍ਰਦਰਸ਼ਨੀ ਹੋਵੇਗੀ ਜੋ ਕਿ ਵੱਖ ਵੱਖ ਤਰੀਕਿਆਂ ਰਾਹੀਂ ਪਹੁੰਚਯੋਗ ਹਨ। ਇਹ ਮਾਤ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ, ਸੱਭਿਆਚਾਰਕ ਵਿਰਾਸਤ ਦੀ ਰੱਖਿਆ ਕਰਨ ਅਤੇ ਸਿੱਖਿਆ ਨੂੰ ਬਿਹਤਰ ਬਣਾਉਣ ਲਈ ਦਹਾਕਿਆਂ ਦੇ ਯਤਨਾਂ ਨੂੰ ਉਜਾਗਰ ਕਰਦਾ ਹੈ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਸਿਲਵਰ ਜੁਬਲੀ ਜਸ਼ਨ ਸਮਾਗਮ 2030 ਤੱਕ ਭਾਸ਼ਾਈ ਵਿਭਿੰਨਤਾ ਤੇ ਤਰੱਕੀ ਨੂੰ ਤੇਜ਼ ਕਰਨ ਦੀ ਜ਼ਰੂਰਤ ਨੂੰ ਉਜਾਗਰ ਕਰੇਗਾ। ਇਹ ਸਮਾਗਮ ਤਰੱਕੀ ਦੀ ਸਮੀਖਿਆ ਕਰੇਗਾ, ਸਫਲ ਬਹੁ-ਭਾਸ਼ਾਈ ਸਿੱਖਿਆ ਅਭਿਆਸਾਂ ਨੂੰ ਪ੍ਰਦਰਸ਼ਿਤ ਕਰੇਗਾ ਅਤੇ ਸਮਾਵੇਸ਼ੀ ਭਾਸ਼ਾ ਨੀਤੀਆਂ ਦੀ ਵਕਾਲਤ ਕਰੇਗਾ ਜੋ ਸਾਰੇ ਭਾਈਚਾਰਿਆਂ ਦਾ ਸਤਿਕਾਰ ਕਰਦੀਆਂ ਹਨ। ਆਪਣੀ ਮਾਤ ਭਾਸ਼ਾ ਵਿੱਚ ਸਿੱਖਣ ਨਾਲ ਸਮਝ, ਸ਼ਮੂਲੀਅਤ ਅਤੇ ਆਲੋਚਨਾਤਮਕ ਸੋਚ ਵਿੱਚ ਵਾਧਾ ਹੁੰਦਾ ਹੈ ਪਰ 40ਗ ਸਿਖਿਆਰਥੀਆਂ ਨੂੰ ਇਸ ਦੀ ਘਾਟ ਹੈ। ਵਿਸ਼ਵ ਵਿੱਚ ਲੱਗਭੱਗ 7000 ਭਾਸ਼ਾਵਾਂ ਵਿੱਚੋਂ ਅੱਧੀਆ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਇਸਦਾ ਮੁੱਖ ਕਾਰਨ ਹੈ ਕਿ ਜਨਤਕ ਖੇਤਰ ਅਤੇ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਿਰਫ ਗਿਣਤੀ ਦੀਆਂ ਭਾਸ਼ਾਵਾਂ ਨੂੰ ਹੀ ਵਰਤਿਆ ਜਾਂਦਾ ਹੈ ਅਤੇ ਮੌਜੂਦਾ ਡੀਜਟਿਲ ਯੁੱਗ ਵਿੱਚ ਇਨ੍ਹਾਂ ਦੀ ਗਿਣਤੀ ਹੋਰ ਵੀ ਘੱਟ ਗਈ ਹੈ। ਪੰਜਾਬੀ ਭਾਸ਼ਾ ਜੋਕਿ ਸਦੀਆਂ ਪੁਰਾਣੀ ਹੈ ਦੀ ਵਰਤੋਂ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿੱਚ ਮਾਣ ਸਤਿਕਾਰ ਨਾਲ ਕੀਤੀ ਜਾਂਦੀ ਹੈ। ਦੇਸ਼ ਨੂੰ ਆਜ਼ਾਦੀ ਮਿਲਣ ਤੱਕ ਪੰਜਾਬੀ ਭਾਸ਼ਾ ਦੀ ਸਰਕਾਰੇ ਦਰਬਾਰੇ ਕੋਈ ਪੁੱਛ ਨਾ ਹੋਣ ਕਾਰਨ ਪੰਜਾਬੀ ਭਾਸ਼ਾ ਫ਼ਾਰਸੀ ਅਤੇ ਹੋਰ ਭਾਸ਼ਾਵਾਂ ਹੇਠ ਵਿਚਰਦੀ ਰਹੀ ਅਤੇ ਅਜਿਹੇ ਸੰਕਟ ਸਮੇਂ ਵੀ ਪੰਜਾਬੀ ਭਾਸ਼ਾ ਵਿੱਚ ਸਾਹਿਤ ਸਿਰਜਣਾ ਕੀਤੀ ਗਈ। ਆਜ਼ਾਦੀ ਤੋਂ ਬਾਦ ਕਈ ਹੋਰ ਭਾਸ਼ਾਵਾਂ ਵਾਂਗ ਪੰਜਾਬੀ ਨੂੰ ਸੰਵਿਧਾਨਕ ਦਰਜਾ ਮਿਲਣ ਕਰਕੇ ਇਸ ਦੇ ਵਿਕਾਸ ਦਾ ਰਾਹ ਪੱਧਰਾ ਹੋਇਆ ਹੈ। ਪੰਜਾਬੀ ਭਾਸ਼ਾ ਨੂੰ ਲੱਗਭੱਗ 8.8 ਕਰੋੜ ਲੋਕ ਵਰਤਦੇ ਹਨ ਅਤੇ ਪੂਰੇ ਸੰਸਾਰ ਵਿੱਚ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਇਹ 10ਵੇਂ ਨੰਬਰ 'ਤੇ ਹੈ। ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਲੱਗਭੱਗ 60 ਫੀਸਦੀ ਅਤੇ ਭਾਰਤ ਵਿੱਚ ਲੱਗਭੱਗ 2.7 ਫਿਸਦੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਇਹ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਸੂਬੇ ਦੀ ਸਰਕਾਰੀ ਭਾਸ਼ਾ ਹੈ ਅਤੇ ਭਾਰਤ ਦੇ ਹੀ ਕਈ ਹੋਰ ਰਾਜਾਂ ਵਿੱਚ ਦੂਜੀ ਅਤੇ ਤੀਜੀ ਭਾਸ਼ਾ ਦਾ ਦਰਜਾ ਹਾਸਲ ਹੈ। ਪੰਜਾਬ ਸੂਬਾ ਜਿਸਦੀ ਸਥਾਪਨਾ ਹੀ ਪੰਜਾਬੀ ਭਾਸ਼ਾ ਦੇ ਨਾਮ ਤੇ ਹੋਈ ਹੈ ਵਿੱਚ ਇਹ ਭਾਸ਼ਾ ਅਜੇ ਵੀ ਬਣਦਾ ਮਾਣ ਸਤਿਕਾਰ ਪ੍ਰਾਪਤ ਨਾਂ ਕਰ ਸਕੀ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਲੋਕਾਂ ਦੇ ਸੰਘਰਸ਼ ਤੋਂ ਬਾਦ ਅਜੇ ਤੱਕ ਵੀ ਪੰਜਾਬੀ ਭਾਸ਼ਾ ਨੂੰ ਸਹੀ ਸਥਾਨ ਨਹੀਂ ਮਿਲਿਆ ਹੈ। ਪੰਜਾਬੀ ਦੇ ਵਿਕਾਸ ਲਈ ਪੰਜਾਬੀ ਭਾਸ਼ਾ ਦਾ ਦਫਤਰੀ ਆਰੰਭ ਰਿਆਸਤ ਪਟਿਆਲਾ ਵਿੱਚ 01 ਜਨਵਰੀ 1948 ਨੂੰ ਹੋਇਆ ਜਦੋਂ ਸਿੱਖਿਆ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਸੈਕਸ਼ਨ ਬਣਾਇਆ ਗਿਆ ਜੋਕਿ ਮਗਰੋਂ ਪੰਜਾਬੀ ਵਿਭਾਗ ਹੀ ਬਣ ਗਿਆ। ਪਹਿਲੀ ਲੇਖਕ ਕਾਨਫਰੰਸ ਨੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਸਬੰਧੀ ਵਿੱਚਾਰਾਂ ਕੀਤੀਆਂ ਅਤੇ ਪੈਪਸੂ ਸਰਕਾਰ ਦਾ ਪਹਿਲਾ ਬਜ਼ਟ 13 ਅਪ੍ਰੈਲ 1949 ਨੂੰ ਪੰਜਾਬੀ ਵਿੱਚ ਹੀ ਤਿਆਰ ਕੀਤਾ ਗਿਆ ਸੀ। ਪੰਜਾਬ ਰਾਜ ਭਾਸ਼ਾ ਐਕਟ 1967 ਵਿੱਚ ਬਣਾਇਆ ਗਿਆ ਜਿਸ ਅਨੁਸਾਰ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾ ਵਿੱਚ ਪੰਜਾਬੀ ਵਿੱਚ ਕੰਮ ਕਰਨਾ ਜਰੂਰੀ ਹੈ। 05 ਨਵੰਬਰ 2008 ਨੂੰ ਇਸ ਐਕਟ ਵਿੱਚ ਸੋਧ ਕੀਤੀ ਗਈ ਜਿਸ ਅਨੁਸਾਰ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਅਤੇ ਵਿਦਿਅਕ ਸੰਸਥਾਵਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨਾ ਜਰੂਰੀ ਹੈ। ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤਹਿਤ ਸਾਰੀਆਂ ਦਿਵਾਨੀ ਅਤੇ ਫੌਜਦਾਰੀ ਅਦਾਲਤਾਂ, ਸਾਰੀਆਂ ਮਾਲੀ ਅਦਾਲਤਾਂ ਅਤੇ ਕਿਰਾਇਆ ਟਿਬਿਊਨਲਾਂ ਜਾਂ ਪੰਜਾਬ ਸਰਕਾਰ ਵਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟਿਬਿਊਨਲਾਂ ਵਿੱਚ ਕੰਮ ਪੰਜਾਬੀ ਭਾਸ਼ਾ ਵਿੱਚ ਕੀਤਾ ਜਾਵੇਗਾ। ਨਵੰਬਰ 2021 ਵਿੱਚ ਪੰਜਾਬ ਦਫਤਰੀ ਭਾਸ਼ਾ ਐਕਟ ਸੋਧ ਬਿਲ 2021 ਪਾਸ ਕੀਤਾ ਗਿਆ ਹੈ ਅਤੇ ਪੰਜਾਬ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣਾ ਲਾਜਮੀ ਕੀਤਾ ਗਿਆ ਹੈ ਅਤੇ ਅਜਿਹਾ ਨਾਂ ਕਰਨ ਵਾਲੇ ਵਿਦਿਅਕ ਅਦਾਰਿਆਂ ਖਿਲਾਫ ਸੱਖਤ ਕਾਰਵਾਈ ਕਰਨ ਅਤੇ ਭਾਰੀ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ। ਸਰਕਾਰ ਵਲੋਂ ਪੰਜਾਬ ਦੇ ਸਮੂਹ ਦੱਫਤਰਾਂ ਵਿੱਚ ਕੰਮ ਪੰਜਾਬੀ ਭਾਸ਼ਾ ਵਿੱਚ ਨਾਂ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ। ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਦੇ ਪੱਤਰ ਨੰਬਰ 6/41/19-2 ਸਿੱ.ਸੈਲ/413-423, ਮਿਤੀ 19-02-2020, ਮਿਤੀ 29.11.2021 ਅਤੇ ਮਿਤੀ 4.7.2022 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਨੂੰ ਮੁੜ ਦੁਹਰਾਂਉਦੇ ਹੋਏ 05 ਦਸੰਬਰ 2022 ਨੂੰ ਸਮੂਹ ਵਿਭਾਗਾਂ ਨੂੰ ਲਿਖਿਆ ਗਿਆ ਹੈ ਕਿ ਪੰਜਾਬ ਵਿੱਚ ਸਮੂਹ ਸਰਕਾਰੀ, ਗੈਰ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ, ਸੜ੍ਹਕਾਂ, ਨਾਮ ਪੱਟੀਆਂ, ਮੀਲ ਪੱਥਰ/ਸਾਇਨ ਬੋਰਡ ਲਿਖਣ ਸਮੇਂ ਸਭ ਤੋਂ ਉੱਪਰ ਪੰਜਾਬੀ ਭਾਸਾ ਵਿੱਚ ਹੀ ਲਿਖਿਆ ਜਾਵੇ ਅਤੇ 21 ਫਰਵਰੀ 2023 ਤੱਕ ਇਨ੍ਹਾਂ ਹੁਕਮਾਂ ਨੂੰ ਲਾਗੂ ਕੀਤਾ ਜਾਵੇ ਅਤੇ ਹੁਕਮਾਂ ਦੀ ਪਾਲਣਾ ਨਾਂ ਕਰਨ ਦੀ ਸੂਰਤ ਵਿੱਚ ਪੰਜਾਬ ਰਾਜ ਭਾਸ਼ਾ ਐਕਟ ਅਨੁਸਾਰ ਜੁਰਮਾਨਾ ਲਗਾਉਣ ਦੀ ਕਾਰਵਾਈ ਕੀਤੀ ਜਾਵੇ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਾਂ ਉਸਦੇ ਅਧੀਨ ਇਸ ਮੰਤਬ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਨਿਰਿਖਣ ਕਰਨ ਦਾ ਅਧਿਕਾਰ ਹੈ। ਇਸ ਐਕਟ ਦੀ ਸਮੀਖਿੱਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਪੱਧਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਨੂੰ ਚੇਅਰਪਰਸਨ, ਡਾਇਰੈਕਟਰ ਭਾਸ਼ਾ ਵਿਭਾਗ ਨੂੰ ਕਨਵੀਨਰ ਬਣਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਵੱਲੋਂ ਨਾਮਜ਼ਦ ਨੁਮਾਇੰਦਾ, ਐਡਵੋਕੇਟ ਜਨਰਲ ਪੰਜਾਬ ਜਾਂ ਉਨ੍ਹਾਂ ਦਾ ਨੁਮਾਇੰਦਾ, ਸਕੱਤਰ ਸਕੂਲ ਸਿੱਖਿਆ, ਸਕੱਤਰ ਉਚੇਰੀ ਸਿੱਖਿਆ, ਕਾਨੂੰਨੀ ਮਸ਼ੀਰ ਅਤੇ ਸਕੱਤਰ ਪੰਜਾਬ ਸਰਕਾਰ, ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪੱਤਰਕਾਰਤਾ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਮੀਟਿੰਗ ਕਰੇਗੀ। ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਵੀ ਬਣਾਈ ਗਈ ਜਿਸ ਵਿੱਚ ਸਬੰਧਤ ਜ਼ਿਲ੍ਹੇ ਦੇ ਮੰਤਰੀ ਜਾਂ ਵਿਧਾਇਕ ਨੂੰ ਚੇਅਰਪਰਸਨ, ਡਿਪਟੀ ਕਮਿਸ਼ਨਰ ਨੂੰ ਵਾਇਸ ਚੇਅਰਮੈਨ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਕਨਵੀਨਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਜ਼ਿਲ੍ਹੇ ਵਿੱਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪੱਤਰਕਾਰੀ ਦੇ ਤਿੰਨ ਨੁਮਾਇੰਦੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ, ਜ਼ਿਲ੍ਹਾ ਅਟਾਰਨੀ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜ਼ਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆਂ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ। ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿੱਚ ਇੱਕ ਮੀਟਿੰਗ ਕਰੇਗੀ। ਜੇਕਰ ਕੋਈ ਅਧਿਕਾਰੀ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਪੰਜਾਬ ਸਿਵਲ ਸੇਵਾਵਾਂ (ਡੰਡ ਅਤੇ ਅਪੀਲ) ਨਿਯਮ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਵਿਭਾਗ ਦਾ ਉਦੇਸ਼ ਪੁਸਤਕ ਪ੍ਰਦਰਸ਼ਨੀਆਂ, ਸੈਮੀਨਾਰ, ਸਾਹਿਤਕ ਮੁਕਾਬਲੇ, ਪੁਸਤਕਾਂ ਅਤੇ ਹੋਰ ਸਾਹਿਤ ਨੂੰ ਇਨਾਮ ਪ੍ਰਦਾਨ ਕਰਨਾ, ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਮਾਸਿਕ ਰਸਾਲੇ ਕੱਢਣਾ, ਵਿਸ਼ਵ ਦੀਆਂ ਸਾਰੀਆਂ ਮਹੱਤਵਪੂਰਨ ਭਾਸ਼ਾਵਾਂ ਦੇ ਨਿਯਮਾਂ, ਰੂਪਾਂ ਅਤੇ ਹੋਰ ਸਰਕਾਰੀ ਸਮੱਗਰੀ ਅਤੇ ਕਲਾਸੀਕਲ ਸਾਹਿਤਕ ਰਚਨਾਵਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਨਾ, ਕਰਮਚਾਰੀਆਂ ਨੂੰ ਪੰਜਾਬੀ ਵਿੱਚ ਯੋਗ ਬਣਾਉਣ ਲਈ ਪੰਜਾਬੀ ਵਿੱਚ ਪ੍ਰੀਖਿਆਵਾਂ ਕਰਵਾਉਣਾ ਅਤੇ ਦਫ਼ਤਰਾਂ ਵਿੱਚ ਪੰਜਾਬੀ ਨੂੰ ਹਰਮਨ ਪਿਆਰਾ ਬਣਾਉਣ ਲਈ ਪੰਜਾਬੀ ਸ਼ਾਰਟਹੈਂਡ ਅਤੇ ਟਾਈਪਰਾਈਟਿੰਗ ਦੀ ਸਿਖਲਾਈ ਦੇਣਾ ਅਤੇ ਭਾਸ਼ਾਈ ਸਰਵੇਖਣ ਕਰਨ ਦੇ ਨਾਲ-ਨਾਲ ਜ਼ਿਲ੍ਹਾ ਪੱਧਰ ਤੇ ਨਾਮਵਰ ਕਵੀਆਂ ਅਤੇ ਲੇਖਕਾਂ ਦੀਆਂ ਜਨਮ ਵਰ੍ਹੇਗੰਢਾਂ ਮਨਾਉਣਾ ਵੀ ਹੈ। ਭਾਸ਼ਾ ਵਿਭਾਗ ਵੱਲੋਂ 15 ਸਾਹਿਤਕਾਰਾਂ-ਕਲਾਕਾਰਾਂ ਨੂੰ ਹਰ ਸਾਲ ਪੰਜਾਬੀ ਸਾਹਿਤ ਰਤਨ ਪੁਰਸਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ, ਸ਼੍ਰੋਮਣੀ ਪੰਜਾਬੀ ਆਲੋਚਕ ਪੁਰਸਕਾਰ, ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਪੁਰਸਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ (ਪੰਜਾਬੋਂ ਬਾਹਰ), ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ, ਸ਼੍ਰੋਮਣੀ ਪੰਜਾਬੀ ਪੱਤਰਕਾਰ ਪੁਰਸਕਾਰ, ਸ਼੍ਰੋਮਣੀ ਰਾਗੀ ਪੁਰਸਕਾਰ, ਸ਼੍ਰੋਮਣੀ ਢਾਡੀ/ਕਵੀਸ਼ਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਟੈਲੀਵੀਜ਼ਨ/ਰੇਡੀਓ/ਫ਼ਿਲਮ ਪੁਰਸਕਾਰ, ਸ਼੍ਰੋਮਣੀ ਪੰਜਾਬੀ ਨਾਟਕ/ਥਿਏਟਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ ਪੁਰਸਕਾਰ, ਸ਼੍ਰੋਮਣੀ ਪੰਜਾਬੀ ਸਾਹਿਤਕ ਪੁਰਸਕਾਰ ਦਿਤੇ ਜਾਂਦੇ ਹਨ ਅਤੇ ਸਰਵੋਤਮ ਪੁਸਤਕਾਂ ਦੇ ਲੇਖਕਾਂ ਅਤੇ ਵਧੀਆ ਛਪੀਆਂ ਪੁਸਤਕਾਂ ਦੇ ਪ੍ਰਕਾਸ਼ਕਾਂ ਨੂੰ ਪੁਰਸਕਾਰ ਪ੍ਰਦਾਨ ਕਰਕੇ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਉਤਸ਼ਾਹਿਤ ਕੀਤਾ ਜਾਂਦਾ ਹੈ। ਸਾਹਿਤਕਾਰਾਂ ਨੂੰ ਆਪਣੀਆਂ ਰਚਨਾਵਾਂ ਪ੍ਰਕਾਸ਼ਿਤ ਕਰਵਾਉਣ ਅਤੇ ਪੁਸਤਕ ਛਪਵਾਉਣ ਲਈ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਕੰਮ ਕਰਨ ਵਾਲੀਆਂ ਰਜਿਸਟਰਡ ਸਾਹਿਤ ਸਭਾਵਾਂ ਨੂੰ ਮਾਲੀ ਸਹਾਇਤਾ ਦਿਤੀ ਜਾਂਦੀ ਹੈ। ਵੱਖ-ਵੱਖ ਵਿਸ਼ਿਆਂ ਵਿੱਚ ਪੁਸਤਕ ਲਿਖਣ ਵਾਲੇ ਲੇਖਕਾਂ ਅਤੇ ਪ੍ਰਕਾਸ਼ਕਾਂ ਨੂੰ ਉਤਸ਼ਾਹਿਤ ਕਰਨ ਲਈ ਸਨਮਾਨਿਤ ਕੀਤਾ ਜਾਂਦਾ ਹੈ।





ਬੱਚਿਆਂ ਨੂੰ ਰੰਗਮੰਚ ਪ੍ਰਤੀ ਉਤਸ਼ਾਹਿਤ ਕਰਨ ਲਈ ਵਿਭਾਗ ਵੱਲੋਂ ਹਰ ਸਾਲ ਨਾਟਕ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਨਾਟਕ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਬੱਚਿਆਂ ਵਿੱਚ ਸਾਹਿਤਕ ਰੁਚੀ ਪੈਦਾ ਕਰਨ ਲਈ ਪੰਜਾਬੀ ਸਾਹਿਤ ਸਿਰਜਨ/ਕਵਿਤਾ ਗਾਇਨ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਅੱਵਲ ਰਹਿਣ ਵਾਲੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਲੋਕਾਂ ਨੂੰ ਜਾਗ੍ਰਿਤ ਕਰਨ ਲਈ ਨਾਟਕ ਮੇਲੇ ਕਰਵਾਏ ਜਾਂਦੇ ਹਨ। ਕਵੀਆਂ ਨੂੰ ਉਤਸ਼ਾਹਿਤ ਕਰਨ ਲਈ ਕਵੀ ਦਰਬਾਰ ਕਰਵਾਏ ਜਾਂਦੇ ਹਨ। ਲੋਕਾਂ ਨੂੰ ਸਾਹਿਤ ਨਾਲ ਜੋੜਨ ਲਈ ਸਾਹਿਤਕ ਮਿਲਣੀਆਂ ਕਰਵਾਈਆਂ ਜਾਂਦੀਆਂ ਹਨ। ਭਾਸ਼ਾ ਵਿਭਾਗ ਵੱਲੋਂ ਹਰ ਸਾਲ ਨਵੰਬਰ ਵਿੱਚ ਪੰਜਾਬੀ ਸਪਤਾਹ ਮਨਾਇਆ ਜਾਂਦਾ ਹੈ ਜਿਸ ਵਿੱਚ ਪੰਜਾਬ ਦੇ ਸਾਰੇ ਸਰਕਾਰੀ, ਗੈਰ ਸਰਕਾਰੀ ਅਦਾਰਿਆਂ, ਸਾਹਿਤ ਸਭਾਵਾਂ, ਵਿਦਵਾਨ, ਅਧਿਆਪਕਾਂ, ਪ੍ਰਕਾਸ਼ਕਾਂ, ਪਾਠਕਾਂ, ਸਾਹਿਤਕਾਰਾਂ,ਕਲਾਕਾਰਾਂ, ਸਮਾਜ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਲੋਂ ਆਪੋ ਆਪਣਾ ਯੋਗਦਾਨ ਪਾਕੇ ਪੰਜਾਬੀ ਦੇ ਕਾਫ਼ਲੇ ਨੂੰ ਤਰੱਕੀ ਦੀਆਂ ਮੰਜ਼ਿਲਾਂ ਵੱਲ ਵਧਾਉਣ ਲਈ ਕੰਮ ਕੀਤਾ ਜਾਂਦਾ ਹੈ। ਪੰਜਾਬੀ ਸਪਤਾਹ ਦੌਰਾਨ ਪਟਿਆਲਾ ਵਿੱਖੇ ਅੰਤਰਰਾਜੀ ਪੱਧਰ ਦਾ ਪੁਸਤਕ ਮੇਲਾ ਵੀ ਲਗਾਇਆ ਜਾਂਦਾ ਹੈ ਜਿਸ ਵਿੱਚ ਵਿੱਚ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਪ੍ਰਕਾਸ਼ਕ ਆਪਣੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਉਂਦੇ ਹਨ। ਪੰਜਾਬੀ ਸਪਤਾਹ ਦੌਰਾਨ ਸਮੂਹ ਜ਼ਿਲ੍ਹਿਆਂ ਵਿੱਚ ਅਤੇ ਵੱਡੇ ਸ਼ਹਿਰਾਂ ਵਿੱਚ ਅਜਿਹੇ ਸਾਹਿਤਕ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਵਿਭਾਗ ਵੱਲੋਂ ਹਰ ਸਾਲ ਪੰਜਾਬੀ ਸਾਹਿਤ ਦੇ ਵਿਕਾਸ ਲਈ ਸਾਹਿਤ ਸਭਾਵਾਂ ਨੂੰ ਸਮਾਗਮ ਕਰਵਾਉਣ ਲਈ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਪੰਜਾਬੀ ਭਾਸ਼ਾ ਲਈ ਕਾਇਮ ਹੋਏ ਭਾਸ਼ਾ ਵਿਭਾਗ ਨੇ ਹੁਣ ਬਹੁਤ ਹੀ ਵਿਸ਼ਾਲ ਰੂਪ ਧਾਰਨ ਕਰ ਲਿਆ ਹੈ। ਇਸ ਦੀ ਆਪਣੀ ਵਿਸ਼ਾਲ ਇਮਾਰਤ ਪਟਿਆਲਾ ਸ਼ਹਿਰ ਵਿੱਚ ਸਥਿਤ ਭਾਸ਼ਾ ਭਵਨ ਦੇ ਨਾਮ ਹੇਠ ਬਣਾਈ ਗਈ ਹੈ।

ਸਮੂਹ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰਾਂ ਤੋਂ ਇਲਾਵਾ ਚੰਡੀਗੜ੍ਹ ਵਿਖੇ ਪੰਜਾਬੀ/ਹਿੰਦੀ ਸੈੱਲ ਅਤੇ ਦਿੱਲੀ ਵਿਖੇ ਸਾਹਿਤ ਕੇਂਦਰ ਵੀ ਸਥਾਪਤ ਕੀਤਾ ਗਿਆ ਹੈ। ਜ਼ਿਲ੍ਹਾ ਦਫ਼ਤਰਾਂ ਵਿੱਚ ਕੰਮ ਕਰ ਰਹੇ ਅਧਿਕਾਰੀ ਪੰਜਾਬੀ ਮਾਤ ਭਾਸ਼ਾ ਲਈ ਕੰਮ ਕਰ ਰਹੇ ਹਨ। ਹੁਣ ਇਸ ਦੇ ਕਾਰਜਾਂ ਵਿੱਚ ਕੇਵਲ ਪੰਜਾਬੀ ਭਾਸ਼ਾ ਦਾ ਪ੍ਰਚਾਰ ਹੀ ਸ਼ਾਮਲ ਨਹੀਂ ਬਲਕਿ ਦੂਜੀਆਂ ਭਾਸ਼ਾਵਾਂ ਜਿਵੇਂ ਹਿੰਦੀ, ਸੰਸਕ੍ਰਿਤ ਅਤੇ ਉਰਦੂ ਦੇ ਵਿਕਾਸ ਦੇ ਨਾਲ ਨਾਲ ਇਨ੍ਹਾਂ ਦੇ ਲੇਖਕਾਂ ਅਤੇ ਸਾਹਿਤਕਾਰਾਂ ਨੂੰ ਵੀ ਇਸ ਵਿਭਾਗ ਵੱਲੋਂ ਵਡਮੁੱਲੇ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਪੰਜਾਬ ਦੀ ਪਵਿਤਰ ਧਰਤੀ ਤੇ ਸਿਰਜਿਆ ਸਾਹਿਤ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਸਮੁੱਚੀ ਮਾਨਵਤਾ ਨੂੰ ਮਹਾਨ ਅਤੇ ਸਾਰਥਕ ਸੰਦੇਸ਼ ਦੇ ਰਿਹਾ ਹੈ। ਅੱਜ ਵੀ ਪੰਜਾਬ ਦੇ ਸਾਹਿਤਕਾਰ ਸਮਾਜ ਨੂੰ ਨਰੋਈ ਅਤੇ ਸੁਚੱਜੀ ਸੇਧ ਦੇ ਰਹੇ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪੁਸਤਕ ਸਭਿਆਚਾਰ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਵਿਭਾਗ ਵਲੋਂ ਕੰਪਿਊਟਰ ਰਾਹੀਂ ਪੁਸਤਕਾਂ ਦੇ ਪ੍ਰਕਾਸ਼ਨ ਵਿੱਚ ਨਵੀਂ ਦਿੱਖ ਅਤੇ ਤੇਜ਼ੀ ਲਿਆਉਣ ਲਈ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੇ ਸਿੱਟੇ ਵਜੋਂ ਵਿਭਾਗ ਵੱਲੋਂ ਈ ਬੁਕਸ ਤਿਆਰ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ ਜਾ ਰਹੀ ਹੈ। ਪੰਜਾਬੀ ਨੂੰ ਵਿਕਸਿਤ ਕਰਲ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਅਤੇ ਘੋਸ਼ਣਾਵਾਂ ਵੀ ਅਕਸਰ ਨਜਰਅੰਦਾਜ ਹੋ ਰਹੀਆਂ ਹਨ ਅਤੇ ਪੰਜਾਬ ਵਿੱਚ ਸਦੀਆਂ ਪੁਰਾਣੀ ਪੰਜਾਬੀ ਭਾਸ਼ਾ ਨੂੰ ਹੁਣ ਤੱਕ ਬਣਦਾ ਰੁਤੱਬਾ ਹਾਸਲ ਨਹੀਂ ਹੋਇਆ ਹੈ ਅਤੇ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਿਆ ਹੈ। ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ ਪਰ ਇਹ ਐਕਟ ਵੀ ਕੇਵਲ ਕਾਗਜ਼ੀ ਹੀ ਜਾਪਦਾ ਹੈ ਅਤੇ ਹਾਲਤ ਇੱਥੋਂ ਤੱਕ ਖਸਤਾ ਹੈ ਕਿ ਪੰਜਾਬ ਦੇ ਬਹੁਤੇ ਵਿਭਾਗ ਅਜੇ ਵੀ ਪੰਜਾਬੀ ਭਾਸ਼ਾ ਨੂੰ ਤਰਜੀਹ ਨਹੀਂ ਦਿੰਦੇ ਹਨ, ਬਹੁਤੀਆਂ ਰਾਜਸੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਤੱਕ ਵੀ ਪੰਜਾਬੀ ਵਿੱਚ ਨਹੀਂ ਬਣਾਏ ਹਨ, ਬਹੁਤੇ ਪੰਜਾਬੀ ਰਾਜਨੇਤਾ ਤਾਂ ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਵਿੱਚ ਅਪਣੀ ਸਹੁੰ ਵੀ ਪੰਜਾਬੀ ਵਿੱਚ ਨਹੀਂ ਚੁੱਕਦੇ ਹਨ। ਬਹੁਤੇ ਮੰਤਰੀਆਂ, ਵਿਧਾਇਕਾਂ, ਸਰਕਾਰੀ ਅਫਸਰਾਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ ਜਿੱਥੇ ਕਿ ਪੰਜਾਬੀ ਭਾਸ਼ਾ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੁੰਦਾ। ਪਿਛਲੇ ਸਮੇਂ ਵਿੱਚ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ ਕਿ ਪੰਜਾਬ ਵਿੱਚ ਬਹੁਤੇ ਅਧਿਕਾਰੀ ਦੂਜੇ ਰਾਜਾਂ ਦੇ ਹੀ ਕੰਮ ਕਰ ਰਹੇ ਹਨ ਜੋਕਿ ਪੰਜਾਬੀ ਭਾਸ਼ਾ ਨੂੰ ਪਹਿਲ ਨਹੀਂ ਦਿੰਦੇ ਹਨ।

ਪੰਜਾਬ ਵਿੱਚ ਕੌਮੀ ਮਾਰਗਾਂ ਵਿੱਚ ਲੱਗੇ ਸਾਈਨ ਬੋਰਡਾਂ ਤੇ ਪੰਜਾਬੀ ਨੂੰ ਤਰਜੀਹ ਨਾ ਮਿਲਣਾ ਭਾਸ਼ਾ ਵਿਭਾਗ ਦੀ ਅਣਗਹਿਲੀ ਦੀ ਕਹਾਣੀ ਬਿਆਨ ਕਰਦਾ ਹੈ। ਹਾਲਾਤ ਇੱਥੋ ਤੱਕ ਮਾੜੇ ਹਨ ਕਿ ਪੰਜਾਬ ਵਿੱਚ ਲੱਗੇ ਹੋਏ ਬਹੁਤੇ ਸਰਕਾਰੀ ਅਤੇ ਗੈਰ ਸਰਕਾਰੀ ਬੋਰਡ ਵੀ ਪੰਜਾਬੀ ਵਿੱਚ ਨਹੀਂ ਹਨ। ਪੰਜਾਬੀ ਭਾਸ਼ਾ ਨੂੰ ਬਚਾਉਣ ਅਤੇ ਬਣਦਾ ਸਥਾਨ ਦਿਵਾਉਣ ਲਈ ਸਰਕਾਰ ਦੇ ਨਾਲ ਨਾਲ ਸਮਾਜਿਕ, ਰਾਜਨੀਤਿਕ, ਧਾਰਮਿਕ ਆਗੂਆਂ ਨੂੰ ਅੱਗੇ ਆਣਾ ਪਵੇਗਾ ਨਹੀ ਤਾਂ ਇਸ ਦਿਨ ਹੋਣ ਵਾਲੇ ਸਮਾਗਮਾਂ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਰਹੇਗੀ।

# ਪੰਜਾਬ ਵਿੱਚ ਰਾਖਵਾਂਕਰਨ ਦੀਆਂ ਸਮੱਸਿਆਵਾਂ



ਐਸ. ਆਰ. ਲੱਧੜ IAS
91-94175-00610

ਰਾਖਵਾਂਕਰਨ (Reservaiton) ਭਾਰਤ ਵਿੱਚ ਸਮਾਜਿਕ ਨਿਆਂ ਅਤੇ ਆਰਥਿਕ ਵਿਕਾਸ ਲਈ ਇੱਕ ਮਹੱਤਵਪੂਰਨ ਨੀਤੀ ਰਹੀ ਹੈ। ਪੰਜਾਬ, ਜੋ ਕਿ ਇਕ ਵੱਖਰੀ ਸਮਾਜਿਕ ਅਤੇ ਆਰਥਿਕ ਸਰਚਨਾ ਰੱਖਦਾ ਹੈ, ਵਿੱਚ ਵੀ ਰਾਖਵਾਂਕਰਨ ਦੀ ਗੂੜ੍ਹੀ ਪ੍ਰਭਾਵਸ਼ੀਲਤਾ ਰਹੀ ਹੈ। ਪਰ, ਇਥੇ ਇਹ ਮਾਮਲਾ ਕਈ ਵਾਰ ਵਿਵਾਦਿਤ ਵੀ ਬਣ ਜਾਂਦਾ ਹੈ। ਇਹ ਲੇਖ ਪੰਜਾਬ ਵਿੱਚ ਰਾਖਵਾਂਕਰਨ ਦੀਆਂ ਮੁੱਖ ਸਮੱਸਿਆਵਾਂ ਅਤੇ ਚੁਣੌਤੀਆਂ 'ਤੇ ਚਾਨਣ ਪਾਉਂਦਾ ਹੈ:

ਭਾਰਤੀ ਸੰਵਿਧਾਨ ਅਨੁਸਾਰ, ਸਮਾਜਿਕ ਅਤੇ ਆਰਥਿਕ ਤੌਰ 'ਤੇ ਪਿਛੜੇ ਹੋਏ ਵਰਗਾਂ ਲਈ ਸਰਕਾਰੀ ਨੌਕਰੀਆਂ,ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਰਾਖਵਾਂਕਰਨ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਮੁੱਖ ਤੌਰ 'ਤੇ ਅਨੁਸੂਚਿਤ ਜਾਤੀਆਂ (SC), ਪਿਛੜੇ ਵਰਗ (OBC), ਅਤੇ ਆਰਥਿਕ ਤੌਰ 'ਤੇ ਪਿਛੜੇ ਵਰਗ (EWS) ਨੂੰ ਰਾਖਵਾਂਕਰਨ ਮਿਲਦਾ ਹੈ।

ਪੰਜਾਬ ਵਿੱਚ SC ਜਨਸੰਖਿਆ ਲਗਭਗ 32% ਹੈ, ਜੋ ਕਿ ਭਾਰਤ ਵਿੱਚ ਸਭ ਤੋਂ ਵੱਧ ਹੈ। ਇਸ ਕਰਕੇ, ਪੰਜਾਬ ਵਿੱਚ SC ਰਾਖਵਾਂਕਰਨ 25% ਹੈ, ਜੋ ਕਿ ਅਬਾਦੀ ਮੁਤਾਬਕ ਨਹੀਂ ਹੈ ,ਇਹਨਾਂ ਕੋਟਿਆਂ ਤੋਂ ਇਲਾਵਾ, OBC (12%) ਅਤੇ EWS (10%) ਨੂੰ ਵੀ ਰਾਖਵਾਂਕਰਨ ਮਿਲਦਾ ਹੈ।

ਰਾਖਵਾਂਕਰਨ ਨਾਲ ਜੁੜੀਆਂ ਮੁੱਖ ਸਮੱਸਿਆਵਾਂ

**1. ਨਿਆਂਕਾਰੀ ਵੰਡ ਦੀ ਘਾਟ–**

ਹਾਲਾਂਕਿ, ਰਾਖਵਾਂਕਰਨ ਦਾ ਉਦੇਸ਼ ਸਮਾਜਿਕ ਬਰਾਬਰੀ ਲੈ ਕੇ ਆਉਣਾ ਹੈ, ਪਰ ਪੰਜਾਬ ਵਿੱਚ ਇਹ ਲਾਭ ਕੁਝ ਚੁਣੀਆਂ ਹੋਈਆਂ ਉੱਚ SC/OBC ਜਾਤੀਆਂ ਤੱਕ ਹੀ ਸੀਮਤ ਰਹਿ ਜਾਂਦਾ ਹੈ। ਜਿਹੜੀਆਂ ਸਮੂਹ ਅਧਿਕਾਰਤ ਤੌਰ 'ਤੇ ਪਿਛੜੀਆਂ ਨੇ, ਉਹ ਅਜੇ ਵੀ ਪਿੱਛੇ ਰਹਿ ਜਾਂਦੀਆਂ ਹਨ। ਪੰਜਾਬ ਅੰਦਰ ਕੁੱਝ ਅਨੁਸੂਚਿਤ ਜਾਤੀਆਂ ਅਜਿਹੀਆਂ ਹਨ ਜਿਨ੍ਹਾਂ ਤੱਕ ਰਾਖਵੇਕਰਣ ਦਾ ਲਾਭ ਪਹੁੰਚਿਆ ਹੀ ਨਹੀਂ।

**2. ਮੈਰਿਟ 'ਤੇ ਪ੍ਰਭਾਵ–**


ਕਈ ਵਾਰ, ਕੁੱਝ ਲੋਕ ਪ੍ਰਚਾਰਦੇ ਵੇਖੇ ਗਏ ਹਨ ਕਿ ਰਾਖਵਾਂਕਰਨ ਕਾਰਨ ਯੋਗ ਅਤੇ ਕਾਬਲ ਅਣ-ਰਾਖਵਾਂ ਵਰਗਾਂ ਦੇ ਉਮੀਦਵਾਰ ਪਿੱਛੇ ਰਹਿ ਜਾਂਦੇ ਹਨ। ਖ਼ਾਸ ਤੌਰ 'ਤੇ ਨੌਕਰੀਆਂ ਅਤੇ ਉੱਚਤਮ ਵਿਦਿਆਕ ਇਦਾਰਿਆਂ ਵਿੱਚ ਇਹ ਇੱਕ ਵੱਡਾ ਮੁੱਦਾ ਬਣ ਜਾਂਦਾ ਹੈ। ਇਹ ਸਮਝਣ ਦੀ ਲੋੜ ਹੈ ਕਿ ਰਾਖਵਾਂਕਰਣ ਕੋਈ ਗਰੀਬੀ ਹਟਾਓ ਪ੍ਰੋਗਰਾਮ ਨਹੀਂ ਹੈ, ਇਹ ਤਾਂ ਸਮਾਜਿਕ ਅਨਿਆਂ ਨੂੰ ਦੂਰ ਕਰਨ ਦਾ ਇੱਕ ਸਾਧਨ ਮਾਤਰ ਹੈ।

**3. ਸਮੂਹਾਂ ਵਿਚਕਾਰ ਸੰਘਰਸ਼–**

ਪੰਜਾਬ ਵਿੱਚ ਕਈ ਵਾਰ SC, OBC, ਅਤੇ ਆਮ ਵਰਗਾਂ ਵਿਚਕਾਰ ਰਾਖਵਾਂਕਰਨ ਦੇ ਹੱਕ 'ਤੇ ਵੱਡੇ ਵਿਰੋਧ ਹੋ ਚੁੱਕੇ ਹਨ। ਖ਼ਾਸ ਤੌਰ 'ਤੇ General Category ਵਲੋਂ EWS ਕੋਟੇ ਦੀ ਮੰਗ ਅਤੇ ਭਛ ਵਰਗ ਵਲੋਂ ਵਧੇਰੇ ਹਿੱਸੇ ਦੀ ਮੰਗ ਅਕਸਰ ਤਣਾਅ ਪੈਦਾ ਕਰਦੀ ਹੈ। ਭਾਵੇਂ ਮੰਗ ਜਾਇਜ਼ ਹੈ ਪਰ ਪੱਛੜੀਆਂ ਸ਼੍ਰੇਣੀਆਂ ਜੋ ਪੰਜਾਬ ਅੰਦਰ 40% ਹਨ, ਸੰਗਠਤ ਨਾ ਹੋਣ ਕਾਰਣ ਹਮੇਸ਼ਾ ਘਾਟੇ 'ਚ ਰਹੀਆਂ ਹਨ ਅਤੇ ਉੱਚ ਜਾਤੀਆਂ ਉਨ੍ਹਾਂ ਦੇ ਹੱਕਾਂ ਤੇ ਲਗਾਤਾਰ ਡਾਕਾ ਮਾਰ ਰਹੀਆਂ ਹਨ।

**4. ਰਾਜਨੀਤੀਕ ਚਲਾਕੀਆਂ–**

ਕਈ ਵਾਰ, ਰਾਖਵਾਂਕਰਨ ਨੂੰ ਸਿਰਫ ਚੋਣੀ ਲਾਭ ਲਈ ਵਰਤਿਆ ਜਾਂਦਾ ਹੈ। ਪੰਜਾਬ ਵਿੱਚ ਕਈ ਦਲ




ਰਾਖਵਾਂਕਰਨ ਦੀ ਵਧੀਕ ਮੰਗ ਨੂੰ ਆਪਣੀ ਚੋਣ ਮੁਹਿੰਮ ਦਾ ਹਿੱਸਾ ਬਣਾ ਲੈਂਦੇ ਹਨ, ਜਿਸ ਨਾਲ ਅਸਲ ਲਾਭਪਾਤਰੀਆਂ ਨੂੰ ਹਮੇਸ਼ਾ ਹੀ ਨੁਕਸਾਨ ਪਹੁੰਚਦਾ ਹੈ। ਪੰਜਾਬ ਅੰਦਰ ਰਾਖਵਾਂਕਰਣ ਦੇ ਕਦੇ 50-50% ਕੋਟੇ ਨੂੰ ਲੈ ਕੇ ਸਰਕਾਰੀ ਤੰਤਰ ਨੇ ਕਮਜ਼ੋਰ ਜਾਤੀਆਂ ਨੂੰ ਉਲਝਾਇਆ ਹੈ ਤਾਂ ਜੋ ਉਹਨਾਂ ਦਾ ਅਸਲ ਮੁੱਦੇ ਵੱਲ ਧਿਆਨ ਹੀ ਨਾ ਜਾਵੇ। ਸਰਕਾਰਾਂ ਇਸ ਵਿੱਚ ਪਿਛਲੇ ਪੰਜਾਹ ਸਾਲਾਂ ਤੋਂ ਕਾਮਯਾਬ ਵੀ ਹੋਈਆਂ ਹਨ। ਕਾਂਗਰਸ, ਅਕਾਲੀ ਅਤੇ ਹੁਣ ਆਮ ਆਦਮੀ ਪਾਰਟੀ ਦਲਿਤਾਂ ਦੇ ਮੁੱਦਿਆਂ ਨੂੰ ਲੈ ਕਿ ਗੰਭੀਰ ਨਹੀਂ ਹੈ। ਲਿੱਪ ਸਰਵਿਸ ਹੀ ਕਰ ਰਹੀ ਹੈ। ਇਸੇ ਕਰਕੇ ਦਿੱਲੀ ਅੰਦਰ ਦਲਿਤਾਂ ਨੇ ਆਪ ਨੂੰ ਛੱਡ ਕੇ ਭਾਜਪਾ ਦਾ ਪੱਲਾ ਫੜਿਆ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਕੋਈ ਵੀ ਸਿਆਸੀ ਪਾਰਟੀ ਜੇਕਰ ਇਮਾਨਦਾਰੀ ਨਾਲ ਦਲਿਤਾਂ ਦਾ ਭਲਾ ਨਹੀਂ ਕਰੇਗੀ, ਚਾਪਲੂਸਾਂ ਤੋਂ ਹੱਟ ਕੇ ਅਸਲ ਮੁੱਦਿਆਂ ਦੇ ਠੋਸ ਹੱਲ ਨਹੀਂ ਕਰੇਗੀ ਤਾਂ ਦਲਿਤ ਭਾਈਚਾਰੇ ਦੇ ਲੋਕ ਗਰੀਬ ਜਰੂਰ ਹਨ ਮੂਰਖ ਨਹੀਂ ਹਨ।

**5. ਆਰਥਿਕ ਤੌਰ 'ਤੇ ਪਿਛੜੇ ਲੋਕਾਂ ਲਈ ਸੰਕਟ**

General Category ਵਿੱਚ ਆਉਂਦੇ ਆਰਥਿਕ ਤੌਰ 'ਤੇ ਕਮਜ਼ੋਰ (EWS) ਲੋਕ ਅਕਸਰ ਰਾਖਵਾਂਕਰਨ ਤੋਂ ਬਾਹਰ ਰਹਿ ਜਾਂਦੇ ਹਨ। 10% EWS ਕੋਟਾ ਵੀ ਉਹਨਾਂ ਲਈ ਪ੍ਰਯਾਪਤ ਨਹੀਂ ਮੰਨਿਆ ਜਾਂਦਾ। ਸਰਕਾਰੀ ਤੰਤਰ ਵਿੱਚ ਰਾਖਵਾਂਕਰਣ ਕਮਜ਼ੋਰ ਵਰਗ ਲਈ ਸਥਾਈ ਹੱਲ ਨਹੀਂ ਸਗੋਂ ਆਪਸੀ ਲੜਾਈ ਝਗੜੇ ਅਤੇ ਝੂਠੇ ਸਰਟੀਫਿਕੇਟਾਂ ਨਾਲ ਅਡਮਿਸ਼ਨ ਜਾਂ ਸਰਕਾਰੀ ਨੌਕਰੀਆਂ ਹਥਿਆਉਣਾ ਰਹਿ ਗਿਆ ਹੈ। ਆਰਥਿਕ ਤੌਰ ਤੇ ਕਮਜ਼ੋਰ ਲੋਕਾਂ ਨੂੰ ਰਾਖਵਾਂਕਰਣ ਨਹੀਂ ਮਿਲਣਾ ਚਾਹੀਦਾ ਸਗੋਂ ਉਨ੍ਹਾਂ ਲਈ ਕੋਈ ਹੋਰ ਸਹੂਲਤਾਂ ਜਿਵੇਂ ਵਜ਼ੀਫ਼ਾ, ਸਿਖਲਾਈ, ਕੋਚਿੰਗ, ਟਿਊਸ਼ਨ ਜਾਂ ਅਜਿਹੀ ਵਿਵਸਥਾ ਜਿਸ ਨਾਲ ਉਹ ਉੱਪਰ ਉੱਠ ਸਕਣ ਹੋਣਾ ਚਾਹੀਦਾ ਹੈ।

**ਸੰਭਾਵਿਤ ਹੱਲ ਅਤੇ ਸੁਝਾਅ**

**ਨਿਆਂਕਾਰੀ ਵੰਡ:** ਰਾਖਵਾਂਕਰਨ ਦਾ ਲਾਭ ਚੁਣੇ ਹੋਏ ਵਰਗਾਂ ਦੀ ਬਜਾਏ ਵਾਸਤਵਿਕ ਤੌਰ 'ਤੇ ਪਿਛੜੇ ਲੋਕਾਂ ਨੂੰ ਮਿਲੇ। ਇਹ ਸੁਝਾਅ ਆਰਥਿਕ ਤੌਰ ਤੇ ਪੱਛੜੇ ਲੋਕਾਂ ਲਈ ਹੈ। ਆਰਥਿਕ ਆਧਾਰ 'ਤੇ ਰਾਖਵਾਂਕਰਣ ਗੈਰ ਸੰਵਿਧਾਨਕ ਹੈ, ਇਹ ਕੋਈ ਗ਼ਰੀਬੀ ਹਟਾਓ ਪ੍ਰੋਗਰਾਮ ਨਹੀਂ ਹੈ, ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਕੇਂਦਰ ਤੇ ਪੰਜਾਬ ਸਰਕਾਰ ਨੇ ਅਰਥ-ਵਿਵਸਥਾ ਦਾ ਅਧਾਰ ਬਣਾ ਕੇ 10% ਰਾਖਵਾਂਕਰਣ ਦਿੱਤਾ ਹੈ ਜਿਸ ਦੀ ਦੁਰਵਰਤੋਂ ਹੋ ਰਹੀ ਹੈ। ਇਸ ਦਾ ਸੱਭ ਤੋਂ ਵੱਡਾ ਉਦਾਹਰਣ ਹੈ ਮਹਾਰਾਸ਼ਟਰ ਦੀ ਉਹ ਲੜਕੀ ਜਿਸ ਨੇ ਜਾਹਲੀ ਹੈਡੀਕੈਪ ਅਤੇ ਪਛੜੇਪਣ ਦਾ ਸਰਟੀਫਿਕੇਟ ਬਣਾ ਕੇ IAS ਵਰਗੀ ਵਕਾਰੀ ਨੌਕਰੀ ਹਾਸਿਲ ਕਰ ਲਈ। ਬਾਅਦ ਵਿੱਚ ਉਸ ਖ਼ਿਲਾਫ਼ ਪਰਚਾ ਹੋਇਆ ਅਤੇ ਨੌਕਰੀ ਵੀ ਖੋਹ ਲਈ ਗਈ। ਇਸੇ ਤਰਾਂ ਪੰਜਾਬ ਅੰਦਰ ਹਜ਼ਾਰਾਂ ਨੌਕਰੀਆਂ ਬੋਗਸ ਸਰਟੀਫਿਕੇਟਾਂ ਨਾਲ ਜਨਰਲ ਕੈਟਾਗਰੀ ਲੋਕ ਕਰ ਰਹੇ ਹਨ ਅਤੇ ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ।

**ਸਮੂਹਾਂ ਵਿਚਕਾਰ ਗੱਲਬਾਤ:** ਸਮਾਜਿਕ ਸੰਘਰਸ਼ ਤੋਂ ਬਚਣ ਲਈ ਸਰਕਾਰ ਨੂੰ ਵਿਅਕਤੀਗਤ ਸਮੂਹਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਸਖ਼ਤ ਨਿਯਮਾਂ ਤਹਿਤ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਦੀ ਗਲਤ ਵਰਤੋਂ ਕਰਨ ਵਾਲਿਆਂ ਉੱਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

**ਸਮਾਜਿਕ ਜਾਗਰੂਕਤਾ:** ਰਾਖਵਾਂਕਰਨ ਦੀ ਅਸਲ ਲੋੜ ਅਤੇ ਉਸਦੇ ਲਾਭ-ਨੁਕਸਾਨ ਬਾਰੇ ਲੋਕਾਂ ਨੂੰ ਸਮਝਾਉਣ ਲਈ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਜਾਵੇ।

ਪੰਜਾਬ ਵਿੱਚ ਰਾਖਵਾਂਕਰਨ ਇਕ ਸੰਵੇਦਨਸ਼ੀਲ ਵਿਸ਼ਾ ਹੈ, ਜਿਸ ਵਿੱਚ ਸਮਾਜਿਕ ਨਿਆਂ ਅਤੇ ਨੈਤਿਕਤਾ ਦਾ ਸੰਤੁਲਨ ਰੱਖਣਾ ਬਹੁਤ ਜ਼ਰੂਰੀ ਹੈ। ਜੇਕਰ ਇਸਦੀ ਵੰਡ ਵਾਸਤਵਿਕ ਤੌਰ 'ਤੇ ਪਿਛੜੇ ਲੋਕਾਂ ਤੱਕ ਪਹੁੰਚਦੀ ਹੈ, ਤਾਂ ਇਹ ਸਮਾਜਿਕ ਬਰਾਬਰੀ ਲਿਆਉਣ ਵਿੱਚ ਸਹਾਇਕ ਹੋ ਸਕਦੀ ਹੈ। ਪਰ, ਜੇਕਰ ਇਹ ਸਿਰਫ ਰਾਜਨੀਤੀਕ ਹਥਕੰਡਾ ਬਣੀ ਰਹਿੰਦੀ ਹੈ, ਤਾਂ ਇਹ ਸਮਾਜਿਕ ਵਿਖਰਾਵ ਅਤੇ ਤਣਾਅ ਨੂੰ ਵਧਾ ਸਕਦੀ ਹੈ।

**ਬੋਗਸ ਸਰਟੀਫਿਕੇਟਾਂ ਦੀ ਸਮੱਸਿਆ–**

ਪੰਜਾਬ ਅੰਦਰ ਬੋਗਸ ਅਨੁਸੂਚਿਤ ਜਾਤੀਆਂ ਸਰਟੀਫਿਕੇਟ ਇਤਨੀ ਜ਼ਿਆਦਾ ਤਦਾਦ ਵਿੱਚ ਬਣ ਗਏ ਹਨ ਕਿ ਲੋਕ ਡਾਕਟਰ, ਇੰਜੀਨੀਅਰਿੰਗ ਤਾਂ ਛੱਡੋ MLA ਦੇ ਇਲੈਕਸ਼ਨ ਤੱਕ ਬੋਗਸ ਸਰਟੀਫਿਕੇਟ ਬਣਾ ਕੇ ਲੜਨ ਲੱਗ ਪਏ ਹਨ। ਨਾ ਅਦਾਲਤ ਤੇ ਨਾ ਹੀ ਸਰਕਾਰ ਦਾ ਕੋਈ ਡਰ ਰਿਹਾ ਹੈ। ਦਲਿਤ ਲੀਡਰਾਂ ਦਾ ਮਾੜਾ ਹਾਲ ਹੈ, ਉਹ ਜਨਰਲ ਸਮਾਜ ਨੂੰ ਵੋਟਾਂ ਦੇ ਲਾਲਚ ਕਾਰਣ ਨਰਾਜ਼ ਨਹੀਂ ਕਰਨਾ ਚਾਹੁੰਦੇ। ਬਾਬਾ ਨਾਨਕ ਨੂੰ ਕਿਥੋਂ ਲਿਆਈਏ ਜੋ ਬਾਬਰ ਦੇ ਮੂੰਹ ਤੇ ਕਹਿ ਸਕੇ,

"ਪਾਪ ਦੀ ਜੰਞ ਲੈ ਕਾਬਲੋਂ ਧਾਇਆ, ਜੋਰੀ ਮੰਗੇ ਦਾਨ ਵੇ ਲਾਲੋ।
ਸ਼ਰਮ ਧਰਮ ਦੋਇ ਛੁਪਿ ਖਲੋਇ ਕੂੜ ਫਿਰੇ ਪ੍ਰਧਾਨ ਵੇ ਲਾਲੋ"॥

ਕਾਨੂੰਨ ਵਿੱਚ ਸੋਧ ਅਤੇ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਅੰਦਰ ਕਨੂੰਨ ਦੀ ਇੱਜ਼ਤ ਵਧੇ।

ਸਰਕਾਰ, ਸਮਾਜ ਅਤੇ ਨੌਜਵਾਨਾਂ ਨੂੰ ਮਿਲ ਕੇ ਇਸ ਸੰਕਟ ਦਾ ਹੱਲ ਲੱਭਣਾ ਹੋਵੇਗਾ।

# ਕੀ ਮੋਦੀ ਸਰਕਾਰ ਆਪਣੀ ਮੌਜੂਦਾ ਸੋਚ ਤੇ ਨਜਰਸਾਨੀ ਕਰੇਗੀ?

ਜੰਗ ਸਿੰਘ ਮਰਸੱਡ
+1 415 603 7380

ਅਮਰੀਕਾ ਸਰਕਾਰ ਵਲੋਂ ਭਾਰਤ ਵਿੱਚੋਂ ਗੈਰ ਕਾਨੂੰਨੀ ਤੌਰ ਤੇ ਗਏ ਵੱਖ ਵੱਖ ਪ੍ਰਾਂਤਾਂ ਦੇ ਭਾਰਤੀਆਂ ਦੇ ਲਗ ਭਗ 350 ਭਾਰਤੀਆਂ ਨੂੰ ਹੁਣ ਤਕ ਤਿੰਨ ਫੌਜੀ ਜਹਾਜਾਂ ਰਾਹੀਂ ਬੇੜੀਆਂ ਤੇ ਹੱਥਕੜੀਆਂ ਲਗਾ ਕੇ ਭੇਜਿਆ ਗਿਆ ਹੈ। ਇਹਨਾਂ ਵਿੱਚ ਸਿਰਫ ਇਕ ਤਿਹਾਈ ਪੰਜਾਬ ਦੇ ਵਸਨੀਕ ਹਨ।ਮੋਦੀ ਸਰਕਾਰ ਦੀ ਦਿੱਲੀ ਭਾਵਨਾ ਸੀ ਕਿ ਅਮਰੀਕਾ ਵਲੋਂ ਭੇਜੇ ਜਾ ਰਹੇ ਸਾਰੇ ਫੌਜੀ ਜਹਾਜਾਂ ਨੂੰ ਪੰਜਾਬ ਦੇ ਅੰਮ੍ਰਿਤਸਰ ਹਵਾਈ ਅੱਡੇ ਤੇ ਉਤਾਰ ਕੇ ਸੰਸਾਰ ਭਰ ਵਿੱਚ ਪੰਜਾਬ ਤੇ ਵਿਸ਼ੇਸ਼ ਕਰਕੇ ਸਿੱਖਾਂ ਦੀਆਂ ਪੱਗੜੀਆਂ ਨੂੰ ਲੁਹਾ ਕੇ ਲਿਆਉਣ ਨਾਲ ਉਨਾਂ ਨੂੰ ਬਦਨਾਮ ਕੀਤਾ ਜਾਵੇ ਪਰ ਇਹ ਸਾਰੀ ਸਾਜਿਸ਼ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਪੁੱਠੀ ਪੈ ਗਈ।

ਅੱਜ ਦੇਸ਼ ਭਰ ਦਾ ਮੀਡੀਆ ਮੋਦੀ ਸਰਕਾਰ ਨੂੰ ਫਿਟਕਾਰਾਂ ਤੇ ਫਿਟਕਾਰਾਂ ਪਾਂਦਾ ਆ ਰਿਹਾ ਹੈ ਕਿ ਆਪਣੇ ਆਪ ਨੂੰ ਵਿਸ਼ਵ ਗੁਰੂ ਕਹਾਉਣ ਵਾਲੇ ਦੇਸ਼ ਦੇ ਨਾਲ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਡੋਨਾਲਡ ਟਰੰਪ ਦੇ ਵੱਡੇ ਮਿੱਤਰ ਮੋਦੀ ਸਾਹਿਬ ਜਿਹੜੇ ਅਮਰੀਕਾ ਦੀਆਂ ਪਿਛਲੀਆਂ 2020 ਦੀਆਂ ਚੋਣਾਂ ਵਿੱਚ ਇਹ ਟਾਹਰਾਂ ਮਾਰਦੇ ਨਹੀਂ ਸਨ ਥੱਕਦੇ ਕਿ ਉਇਸ ਵਾਰ ਟਰੰਪ ਸਰਕਾਰ"। ਇਸੇ ਮਿੱਤਰ ਸ੍ਰੀ ਟਰੰਪ ਨੇ ਜਦੋਂ ਵੱਖ ਵੱਖ ਪ੍ਰਾਂਤਾਂ ਦੇ ਭਾਰਤੀਆਂ ਨੂੰ ਅਤਿ ਦੀਆਂ ਮਾੜੀਆਂ ਸਹੂਲਤਾਂ ਵਾਲੇ ਫੌਜੀ ਜਹਾਜਾਂ ਜਿਸ ਵਿੱਚ ਇਕੋ ਇਕ ਟਾਇਲਟ ਸੀ ਤੇ ਲਗ ਭਗ 40 ਘੰਟੇ ਦੇ ਸਫਰ ਦੌਰਾਨ ਇਨਾਂ ਭਾਰਤੀਆਂ ਨੂੰ ਯੋਗ ਖਾਣਾ ਨਾ ਦਿੱਤੇ ਜਾਣ ਦੀਆਂ ਸੂਚਨਾਵਾਂ ਹਨ ਭਾਰਤ ਦੀ ਰੱਜ ਕੇ ਬੇਇਜਤੀ ਕੀਤੀ ਹੈ ।ਸ੍ਰੀ ਟਰੰਪ ਦੇ ਮਿੱਤਰ ਇਸੇ ਸ੍ਰੀ ਨਰਿੰਦਰ ਮੋਦੀ ਦੇ ਮੂੰਹੋਂ ਉਸ ਨੂੰ ਇਹ ਕਹਿਣ ਦੀ ਹਿੰਮਤ ਨਹੀਂ ਜੁਟਾ ਸਕਿਆ ਕਿ ਉਹ ਫੌਜੀ ਜਹਾਜਾਂ ਵਿੱਚ ਇਸ ਤਰਾਂ ਦੀਆਂ ਮੰਦੀਆਂ ਹਾਲਤਾਂ ਵਿੱਚ ਭਾਰਤੀਆਂ ਨੂੰ ਨਾ ਭੇਜਣ। ਬੜੀ ਸ਼ਰਮ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੇ ਦੇਸ਼ ਦੇ ਵਿਦੇਸ਼ ਮੰਤਰੀ ਸ੍ਰੀ ਐਸ ਜੈ ਸ਼ੰਕਰ ਤਾਂ ਅਮਰੀਕਾ ਦੀ ਵਕਾਲਤ ਕਰਦੇ ਭਾਰਤੀਆਂ ਅੱਗੇ ਝੂਠ ਬੋਲਦੇ ਇਹ ਹੀ ਕਹਿੰਦੇ ਰਹੇ ਹਨ ਕਿ ਅਮਰੀਕਾ ਦੇ ਤਾਂ ਨਿਯਮ ਹਨ ਉਹ ਇਸੇ ਤਰਾਂ ਹੀ ਗੈਰ ਕਾਨੂੰਨੀ ਢੰਗ ਨਾਲ ਆਏ ਵਿਦੇਸ਼ੀਆਂ ਨੂੰ ਭੇਜਦਾ ਆ ਰਿਹਾ ਹੈ।ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਸਰਾਸਰ ਝੂਠ ਬੋਲਣ ਵਾਲੇ ਇਸ ਵਿਦੇਸ਼ ਮੰਤਰੀ ਨੂੰ ਤੁਰੰਤ ਆਪਣੀ ਵਜਾਰਤ ਤੋਂ ਤੁਰੰਤ ਖਾਰਜ ਕਰ ਦੇਣਾ ਚਾਹੀਦਾ।

ਜਿਸ ਦੀ ਮੰਗ ਭਾਰਤ ਦੀ ਵੱਡੀ ਗਿਣਤੀ ਵਿੱਚ ਪ੍ਰੈੱਸ ਸ੍ਰੀ ਨਰਿੰਦਰ ਮੋਦੀ ਕੋਲੋਂ ਕਰਦੀ ਆ ਰਹੀ ਹੈ। ਭਾਰਤੀ ਪ੍ਰੈਸ ਦਾ ਕਹਿਣਾ ਹੈ ਕਿ ਦੋ ਕਰੋੜ੍ਹ ਤੋਂ ਘੱਟ ਅਬਾਦੀ ਵਾਲੇ ਦੇਸ਼ ਵੈਂਜੂਐਲਾ, ਮੈਕਸੀਕੋ ਤੇ ਕੋਲੰਬੀਆ ਨੇ ਆਪਣੇ ਨਾਗਰਿਕਾਂ ਨੂੰ ਬੜੇ ਸਨਮਾਨਜਨਕ ਢੰਗ ਨਾਲ ਬਿਨਾ ਹੱਥਕੜੀਆਂ ਤੇ ਬੇੜੀਆਂ ਤੋਂ ਅਮਰੀਕਾ ਤੋਂ ਮੰਗਵਾਇਆ ਹੈ ਜਦੋਂ ਕਿ 144 ਕਰੌੜ੍ਹ ਦੀ ਅਬਾਦੀ ਵਾਲੇ ਦੇਸ਼ ਭਾਰਤ ਜਿਸ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਪੱਕੇ ਮਿੱਤਰ ਦਸੇ ਜਾਂਦੇ ਸ੍ਰੀ ਡੋਨਾਲਡ ਟਰੰਪ ਨੇ ਭਾਰਤੀਆਂ ਨੂੰ ਬੜੇ ਸ਼ਰਮਨਾਕ ਢੰਗ ਨਾਲ ਭਾਰਤ ਭੇਜਿਆ ਹੈ।ਅਮਰੀਕਾ ਦੇ ਰਾਸ਼ਟਰਪਤੀ ਨੇ ਅਜਿਹਾ ਕਰਕੇ ਭਾਰਤ ਦੀ ਰੱਜ ਕੇ ਬੇਇਜਤੀ ਤਾਂ ਕੀਤੀ ਹੀ ਹੈ ਨਾਲ ਹੀ ਇਸ ਸਾਰੀ ਘਟਨਾ ਨੇ ਸ੍ਰੀ ਨਰਿੰਦਰ ਮੋਦੀ ਦੇ ਵਕਾਰ ਨੂੰ ਜਿਥੇ ਭਾਰੀ ਸੱਟ ਮਾਰੀ ਹੈ ਉਥੇ ਭਾਰਤ ਦੀ ਸੰਸਾਰ ਭਰ ਵਿੱਚ ਇੱਜਤ ਨੂੰ ਵੀ ਤਾਰ ਤਾਰ ਕਰ ਕੇ ਰੱਖ ਦਿੱਤਾ ਹੈ।

ਪੰਜਾਬ ਦੇਸ਼ ਦਾ ਸਰਹੱਦੀ ਸੂਬਾ ਰਿਹਾ ਹੈ ਇਥੇ ਸਮੇਂ ਸਮੇਂ ਬੜੇ ਧਾੜਵੀ ਆਉਂਦੇ ਰਹੇ ਇਸੇ ਸੂਬੇ ਦੇ ਵਾਸੀਆਂ ਨੇ ਆਪਣੀਆਂ ਭਾਰੀ ਕੁਰਬਾਨੀਆਂ ਦੇ ਕੇ ਦੇਸ਼ ਦੀ ਰਖਿਆ ਕੀਤੀ ਹੈ। ਨਾਦਰ ਸ਼ਾਹ, ਅਬਦਾਲੀ ਅਤੇ ਔਰੰਗੇ ਵਰਗੇ ਬੜੇ ਜਾਬਰਾਂ ਨੇ ਪੰਜਾਬ ਦੇ ਵਾਸੀਆਂ ਤੇ ਜੁਲਮ ਕੀਤੇ ਪਰ ਉਹ ਪੰਜਾਬ ਦੇ ਸਿਦਕ ਤੇ ਬਹਾਦਰੀ ਅੱਗੇ ਟਿਕ ਨਹੀਂ ਸਕੇ। ਕੌਣ ਨਹੀਂ ਜਾਣਦਾ ਕਿ ਮੁਗਲਾਂ ਦੇ ਇਤੰਹਾਅ ਜੁਲਮ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਆਇਆ ਜਿਸ ਨੇ ਸਰਹਿੰਦ ਦੀ ਇੱਟ ਨਾਲ ਇਟ ਹੀ ਨਹੀਂ ਸੀ ਖੜਕਾਈ ਬਲਕਿ ਦਿੱਲੀ ਦੇ ਲਾਲ ਕਿਲ੍ਹੇ ਉਤੇ ਖਾਲਸਾਈ ਝੰਡਾ ਵੀ ਝੁਲਾਇਆ ਸੀ। ਇਹ ਪੰਜਾਬੀ ਹੀ ਹਨ ਜਿਨਾਂ ਨੇ ਅਠਾਰਾਂ ਵਾਰ ਦਿੱਲੀ ਤੇ ਕਬਜਾ ਕੀਤਾ ਸੀ ਜਿਸ ਦਾ ਇਤਿਹਾਸ ਗਵਾਹ ਹੈ।

ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਕ ਵੱਡਾ ਰਾਜ ਸਥਾਪਤ ਕਰਨ ਦੇ ਨਾਲ ਵਿਸ਼ਾਲ ਰਾਜ ਤੇ ਲਗ ਭਗ ਪੰਜਾਹ ਵਰ੍ਹੇ ਸ਼ਾਨਦਾਰ ਰਾਜ ਵੀ ਕੀਤਾ ਸੀ। ਬੀਤੇ ਦਿਨੀ ਸੰਸਾਰ ਭਰ ਦੇ ਰਾਜਿਆਂ ਦੇ ਇਤਿਹਾਸ ਦਾ ਸਰਵੇਖਣ ਕਰਾਇਆ ਗਿਆ ਸੀ ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 150 ਰਾਜਿਆਂ ਦੇ ਸ਼ਾਨਦਾਰ ਰਾਜਾਂ ਵਿੱਚੋਂ ਸਭ ਤੋਂ ਉੱਤਮ ਰਾਜ ਐਲਾਨਿਆ ਗਿਆ ਹੈ। ਦੇਸ਼ ਦੀ ਅਜਾਦੀ ਦੇ ਸੰਘਰਸ਼ ਵਿੱਚ ਸਭ ਤੋਂ ਵੱਧ ਜੇ ਕਿਸੇ ਰਾਜ ਨੇ ਕੁਰਬਾਨੀਆ ਦਿੱਤੀਆਂ ਹਨ ਤਾਂ ਇੱਕਲਾ ਸੂਬਾ ਪੰਜਾਬ ਹੈ ਪਰ ਅਜਾਦ ਭਾਰਤ ਵਿੱਚ ਬਣਨ ਵਾਲੀ ਕਾਂਗਰਸ ਸਰਕਾਰ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਇਥੋਂ ਦੇ ਲੋਕਾਂ ਨੂੰ ਜਰਾਇਮ ਪੇਸ਼ਾ ਆਖ ਕੇ ਰੱਜ ਕੇ ਨਿਰਾਦਰ ਕੀਤਾ ਸੀ। ਕਾਂਗਰਸ ਦੇ ਰਾਜ ਭਾਗ ਵਿੱਚ ਪੰਜਾਬ ਨਾਲ ਪੜਾਅ ਪੜਾਅ ਤੇ ਧੱਕਾ ਤੇ ਬੇਇਨਸਾਫੀ ਹੁੰਦੀ ਰਹੀ ਹੈ।

ਮੌਜੂਦਾ ਭਾਜਪਾ ਸਰਕਾਰ ਵੀ ਇਸੇ ਲੀਹੇ ਚੱਲ ਕੇ ਪੰਜਾਬ ਨਾਲ ਜਿਥੇ ਵੀ ਉਸ ਨੂੰ ਮੌਕਾ ਮਿਲਦਾ ਹੈ ਪੰਜਾਬੀ ਦੇ ਵਕਾਰ ਨੂੰ ਖਰਾਬ ਕਰਦੀ ਆ ਰਹੀ ਹੈ। ਇਸ ਸਰਕਾਰ ਨੂੰ ਆਪਣੀ ਦ੍ਰਿਸ਼ਟੀ ਗੋਚਰ ਰੱਖਣਾ ਚਾਹੀਦਾ ਹੈ ਇਹ ਪੰਜਾਬੀ ਹੀ ਹਨ ਜਿਨਾਂ ਦੀ ਅਗਵਾਈ ਵਿੱਚ ਦੇਸ਼ ਭਰ ਦੇ ਕਿਸਾਨਾਂ ਨੇ ਸਫਲਤਾ ਪੂਰਵਕ ਸੰਘਰਸ਼ ਲੜਿਆ ਸੀ ਤੇ ਉਸ ਵਿੱਚ ਸ਼ਾਨਦਾਰ ਫਤਹਿ ਪ੍ਰਾਪਤ ਕਰਕੇ ਆਪਣੇ 100 ਸਾਲਾਂ ਦੇ ਪਿਛਲੇ ਇਤਿਹਾਸ ਨੂੰ ਮੁੜ੍ਹ ਤਾਜਾ ਕਰਵਾ ਦਿੱਤਾ ਸੀ। ਮੌਜੂਦਾ ਸਰਕਾਰ ਜਿਹੜੀ ਨਿੱਤ ਕੋਈ ਨਾ ਕੋਈ ਬਹਾਨਾ ਘੜ੍ਹ ਕੇ ਪੰਜਾਬ ਦੇ ਬਹਾਦਰ ਲੋਕਾਂ ਨਾਲ ਟਕਰਾਉ ਦੀ ਨੀਤੀ ਤੇ ਚਲਣ ਦੇ ਨਾਲ ਉਸ ਦੇ ਵਕਾਰ ਨੂੰ ਖਰਾਬ ਕਰਨਾ ਚਾਹੁੰਦੀ ਹੈ। ਇਸ ਸਰਕਾਰ ਨੂੰ ਪੰਜਾਬ ਦੇ ਪਿਛਲੇ ਸ਼ਾਨਦਾਰ ਇਤਿਹਾਸ ਨੂੰ ਧਿਆਨ ਵਿੱਚ ਜਰੂਰ ਰੱਖਣਾ ਚਾਹੀਦਾ ਹੈ।

ਪੰਜਾਬ ਗੁਰਾਂ ਤੇ ਨਾਂ ਤੇ ਵਸਦਾ ਦੱਸਿਆ ਜਾਂਦਾ ਹੈ ਇਸ ਵੱਲ ਜਿਸ ਕਿਸੇ ਨੇ ਵੀ ਗੈਰ ਤੇ ਕੌੜ੍ਹ ਭਰੀਆਂ ਨਜਰਾਂ ਨਾਲ ਵੇਖਿਆ ਹੈ ਉਸ ਨੂੰ ਮੂੰਹ ਦੀ ਹੀ ਖਾਣੀ ਪਈ ਹੈ ।ਇਸ ਵੇਲੇ ਪੰਜਾਬ ਦੇ ਲੋਕ ਸੰਸਾਰ ਭਰ ਦੇ ਕਈ ਮੁਲਕਾਂ ਦੀਆਂ ਸਰਕਾਰਾਂ ਵਿੱਚ ਸ਼ਾਮਲ ਹਨ ਜਦੋਂ ਵੀ ਪੰਜਾਬ ਤੇ ਕੋਈ ਭਾਰੀ ਆਫਤ ਆਉਂਦੀ ਹੈ ਇਹ ਇੱਕਠੇ ਹੋ ਕੇ ਉਸ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਦੇ ਹਨ।

ਦੇਸ਼ ਦੇ ਲੋਕ ਜਿਨਾਂ ਵਿੱਚ ਬਹੁ ਗਿਣਤੀ ਧਰਮ ਦੇ ਲੋਕ ਵੀ ਸ਼ਾਮਲ ਹਨ ਉਹ ਵੀ ਭਲੀਭਾਂਤ ਸਮਝ ਗਏ ਹਨ ਕਿ ਭਾਰਤ ਦਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਿਸ ਨੇ ਚੋਣਾਂ ਤੋਂ ਪਹਿਲਾਂ ਦੇਸ਼ ਦੇ ਲੋਕਾਂ ਨਾਲ ਕਈ ਵਾਅਦੇ ਕੀਤੇ ਸਨ ਉਹ ਉਨਾਂ ਸਭਨਾ ਨੂੰ ਭੁੱਲ ਕੇ ਦੇਸ਼ ਦੀ ਬਹੁ ਗਿਣਤੀ ਦੀ ਦੇ ਧਰਮ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਆਪਣੇ ਦੋ ਗੁਜਰਾਤੀ ਮਿਤਰਾਂ ਦੇ ਹੱਥ ਵਿੱਚ ਦੇਸ਼ ਦੀ ਵਾਂਗਡੋਰ ਫੜਾਉਣਾ ਚਾਹੁੰਦਾ ਹੈ। ਇਸ ਦੀ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਚਾਲ ਨੂੰ ਬਹੁ ਗਿਣਤੀ ਦੇ ਲੋਕ ਹਿੰਦੂ ਭਰਾ ਵੀ ਬੜੀ ਚੰਗੀ ਤਰਾਂ ਸਮਝ ਗਏ ਹਨ। ਉਹ ਦੇਸ਼ ਨੂੰ ਇਕ ਫੁੱਲ ਦਾ ਗੁਲਦਸਤਾ ਬਣਿਆ ਦੇਖਣ ਦੀ ਥਾਂ ਤੇ ਵੰਨ ਸੁਵੰਨੇ ਫੁੱਲਾਂ ਦੇ ਸ਼ਾਨਦਾਰ ਗੁਲਦੱਸਤੇ ਵਜੋਂ ਭਾਵ 'ਸਾਰੇ ਜਹਾਂ ਤੇ ਅੱਛਾ ਹਿੰਦੋਸਤਾਂ ਹਮਾਰਾ' ਵਜੋਂ ਹੀ ਦੇਖਣਾ ਪਸੰਦ ਕਰਦੇ ਹਨ।

ਬਹੁਗਿਣਤੀ ਵਰਗ ਸਮਝ ਗਿਆ ਹੈ ਕਿ ਉਸ ਨੂੰ ਰੁਜਗਾਰ ਦੇ ਨਾਲ ਸਸਤੀ ਵਿਦਿਆ ਤੇ ਸਿਹਤ ਸਹੂਲਤਾਂ ਲੌੜੀਦੀਆਂ ਹਨ। ਕੌਣ ਨਹੀਂ ਜਾਣਦਾ ਕਿ ਰੱਬ ਦੀ ਪੂਜਾ ਕਰਨ ਵਾਲੇ ਭਗਤਾਂ ਨੇ ਵੀ ਆਖ ਦਿੱਤਾ ਸੀ ਕਿ "ਭੁੱਖੇ ਭਗਤੀ ਨਹੀਂ ਹੁੰਦੀ" ਬਹੁ ਗਿਣਤੀ ਵਰਗ ਵਾਲੇ ਹਿੰਦੂ ਵੀਰ ਇਹ ਵੀ ਸਮਝ ਗਏ ਹਨ ਕਿ 'ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ' ਇਸ ਲਈ ਭਾਰਤ ਦੀ ਭਾਜਪਾ ਸਰਕਾਰ ਨੂੰ ਭਲੀਭਾਂਤ ਸਮਝ ਜਾਣਾ ਚਾਹੀਦਾ ਹੈ ਕਿ ਉਹ ਹੁਣ ਉਸ ਦੀਆਂ ਬਹੁਤੀਆਂ ਚਿਕਨੀਆਂ ਚੋਪੜੀਆਂ ਗੱਲਾਂ ਨਹੀਂ ਸੁਣਨੀਆਂ ਚਾਹੁੰਦੇ ਬਲਕਿ ਦੇਸ਼ ਨੂੰ ਸੰਸਾਰ ਭਰ ਵਿੱਚ ਹਰ ਪਖੋਂ ਪ੍ਰਫੁਲਤ ਹੋਇਆ ਵੇਖਣਾ ਚਾਹੁੰਦੇ ਹਨ ਜਿਸ ਵਿੱਚ ਬੇਰੁਜਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਅਲਾਮਤਾਂ ਨਾ ਹੋਣ। ਹਰ ਭਾਰਤੀ ਕੋਲ ਰੁਜਗਾਰ ਦੇ ਨਾਲ ਰਹਿਣ ਲਈ ਮਕਾਨ ਹੋਵੇ ਜਿਸ ਵਿੱਚ ਉਹ ਸੁੱਖ ਦੀ ਨੀਂਦਰੇ ਸੌਣ ਦੇ ਨਾਲ ਰੱਜ ਕੇ ਰੋਟੀ ਖਾਣ ਦੇ ਸਮਰੱਥ ਹੋਵੇ!

ਕੀ ਮੋਦੀ ਸਰਕਾਰ ਫਿਰਕਾਪ੍ਰਸਤੀ ਫੈਲਾਉਣ ਦੀ ਥਾਂ ਤੇ ਨਰੋਈ ਸੋਚ ਅਪਣਾਏਗੀ? ਨਹੀਂ ਤਾਂ ਫਿਰ ਭਾਰਤ ਦੇ ਲੋਕਾਂ ਨੂੰ ਇਸ ਦਾ ਆਪਣਾ ਹੱਲ ਆਪ ਕਰਨਾ ਆਉਂਦਾ ਹੈ।

***

## ਕਹਾਣੀ

# "ਫ਼ਾਹੇ ਵਾਲੀ ਵਸੀਅਤ"



ਕੁਲਵੰਤ ਉੱਭੀ ਧਾਲੀਆਂ
(559) 473-9264

ਅੱਜ ਹਰਦਮ ਸਿੰਘ ਆਪਣੇ ਤਿੰਨ ਪੁੱਤਰਾਂ ਨਾਲ ਤਹਿਸੀਲ ਤੋਂ ਮੁੜਦਿਆਂ ਹੀ ਘਬਰਾਇਆ ਹੋਇਆ ਸੀ, ਜੋ ਬਿਨਾਂ ਕਿਸੇ ਨਾਲ ਗੱਲ ਕੀਤਿਆਂ ਮੰਜ਼ੇ 'ਤੇ ਲੰਮਾ ਪੈ ਗਿਆ। ਉਸ ਨੂੰ ਇਉਂ ਲੱਗ ਰਿਹਾ ਸੀ ਕਿ ਉਸਦੀ ਇਹ ਕਰਤੂਤ ਜੋ ਅੱਜ ਕਰਨ ਲੱਗਿਆਂ ਸੀ, ਸ਼ਾਇਦ ਹੁਣ ਉਸ ਦਾ ਕਨੇਡਾ ਦਾ ਦਰਵਾਜ਼ਾ ਬੰਦ ਕਰਵਾਏਗੀ। ਉਸ ਦੇ ਛੇ ਪੁੱਤਰ ਅਤੇ ਦੋ ਧੀਆਂ ਸਨ। ਜਿਨ੍ਹਾਂ ਵਿੱਚੋਂ ਵੱਡੇ ਤਿੰਨ ਪੁੱਤਰ ਅਤੇ ਇੱਕ ਧੀ ਪੰਜਾਬ ਵਿੱਚ ਸੀ। ਇਸੇ ਤਰਾਂ ਛੋਟੇ ਤਿੰਨ ਪੁੱਤਰ ਅਤੇ ਇੱਕ ਧੀ ਕਨੇਡਾ ਵਿੱਚ ਸੀ। ਉਹ ਜ਼ਿਆਦਾਤਰ ਕਨੇਡਾ ਵਿੱਚ ਛੋਟੇ ਪੁੱਤਰਾਂ ਕੋਲ ਹੀ ਰਹਿੰਦਾ ਸੀ। ਪਰ ਇਸ ਸਾਲ ਜਦ ਪੰਜਾਬ ਆਇਆ ਤਾਂ ਵੱਡੇ ਪੁੱਤਰਾਂ ਨੇ ਲਾਲਚ ਵੱਸ ਆਪਣੇ ਹਾਮੀਂ ਰਿਸ਼ਤੇਦਾਰਾਂ ਦੀ ਮਦਦ ਨਾਲ ਇਹ ਕਹਿ ਕੇ ਬਾਪੂ ਨੂੰ ਵਰਗ਼ਲਾ ਲਿਆ ਕਿ ਕਨੇਡਾ ਛੋਟਿਆਂ ਕੋਲ ਤਾਂ ਹੁਣ ਘਰ-ਬਾਰ, ਕਾਰੋਬਾਰ ਅਤੇ ਨੌਕਰੀਆਂ ਹਨ। ਅਸੀਂ ਅਜੇ ਬੱਚੇ ਵਿਆਹੁਣੇ ਹਨ ਅਤੇ ਸਾਡੇ ਖਰਚੇ ਬਹੁਤ ਹਨ। ਬਾਪੂ ਤੂੰ ਹੁਣ ਇਹ ਸਾਰੀ ਜ਼ਮੀਨ ਸਾਡੇ ਤਿੰਨਾਂ ਦੇ ਨਾਂ ਕਰਾ ਦੇ, ਇਸੇ ਆਸਰੇ ਸਾਡੇ ਬੱਚਿਆਂ ਦਾ ਵਿਆਹ ਚੰਗੇ ਘਰ ਹੋ ਜਾਵੇਗਾ ਅਤੇ ਸਾਡਾ ਬੁਢਾਪਾ ਵੀ ਸੁਖਾਲਾ ਲੰਘ ਜਾਵੇਗਾ। ਉਨ੍ਹਾਂ ਦੀਆਂ ਗੱਲਾਂ ਵਿੱਚ ਆ ਬਾਪੂ ਇਸ ਸ਼ਰਤ ਤੇ ਮੰਨ ਗਿਆ ਕਿ ਮੇਰੇ ਮਰਨ ਤੱਕ ਇਸ ਗੱਲ ਦਾ ਪਤਾ ਹੋਰ ਕਿਸੇ ਨੂੰ ਨਾ ਲੱਗੇ। ਤਿੰਨੇ ਵੱਡੇ ਪੁੱਤਰ ਖੁਸ਼ ਸਨ ਕਿ ਅੱਜ ਸਾਡੇ ਹਿੱਸੇ ਦੀ ਜ਼ਮੀਨ ਸਾਨੂੰ ਛੇ ਹਿੱਸਿਆਂ ਦੀ ਬਜਾਏ ਤਿੰਨ ਹਿੱਸਿਆਂ ਵਿੱਚ ਵੰਡਣ ਕਰਕੇ ਦੁੱਗਣੀ ਮਿਲੇਗੀ। ਉਹ ਆਪਣੇ ਪੱਕੇ ਪੈਰੀਂ ਇੱਕ ਲਾਲਚੀ ਲੰਬੜਦਾਰ ਨੂੰ ਅਤੇ ਦੋ ਹੋਰ ਕਰੀਬੀ ਬੰਦੇ ਬਤੌਰ ਗਵਾਹ ਲੈ ਗਏ ਤਾਂ ਕਿ ਕਿਸੇ ਨੂੰ ਭਿਣਕ ਪਿਆ ਬਿਨ੍ਹਾਂ ਇਸ ਕੰਮ ਨੂੰ ਚੁੱਪ-ਚੁਪੀਤੇ ਨਿਪਟਾ ਲਿਆ ਜਾਵੇ।

ਜਦ ਤਹਿਸੀਦਾਰ ਦੇ ਸਾਹਮਣੇ ਪੱਕੀ ਵਸੀਅਤ ਦੀ ਕਾਰਵਾਈ ਹੋ ਰਹੀ ਸੀ ਤਾਂ ਤਹਿਸੀਲਦਾਰ ਨੇ ਇਕ ਹੋਰ ਗਵਾਹ ਦੀ ਮੌਜ਼ੂਦਗੀ ਦੀ ਮੰਗ ਕੀਤੀ ਕਿਉਂ ਕਿ ਤੇਜਾ ਸਿੰਘ ਰਾਤੀ ਬਹੁਤੀ ਸ਼ਰਾਬ ਪੀਣ ਕਰਕੇ ਅਦਾਲਤ ਵਿੱਚ ਪਹੁੰਚ ਨਹੀਂ ਸਕਿਆ ਸੀ। ਇਸੇ ਦੌਰਾਨ ਸ਼ਿੰਗਾਰਾਂ ਸਿੰਘ ਆਪਣੇ ਕੰਮ ਦੇ ਸੰਬੰਧ ਵਿੱਚ ਉੱਥੇ ਆਇਆ ਹੋਇਆ ਸੀ। ਉਹ ਹਰਦਮ ਸਿੰਘ ਦੇ ਕਨੇਡਾ ਵਾਲੇ ਛੋਟੇ ਪੁੱਤਰਾਂ ਦਾ ਜਿਗਰੀ ਯਾਰ ਸੀ। ਉਸ ਨੂੰ ਦੇਖਦਿਆਂ ਵੱਡੇ ਪੁੱਤਰ ਪਾਸ਼ੀ ਨੇ ਆਵਾਜ਼ ਮਾਰੀ ਕਿ ਉਹ ਸਾਡੀ ਇੱਕ ਨਿੱਕੀ ਜਿਹੀ ਗਵਾਹੀ ਪਾ ਜਾਵੇ। ਜਦ ਉਹ ਗਵਾਹੀ ਪਾਉਣ ਲਈ ਗਿਆ ਤਾਂ ਤਹਿਸੀਲਦਾਰ ਦੇ ਰੀਡਰ ਨੇ ਦੱਸਿਆ ਕਿ ਸਰਦਾਰ ਹਰਦਮ ਸਿੰਘ ਸਾਰੀ ਜ਼ਮੀਨ ਤਿੰਨ ਪੁੱਤਰਾਂ ਦੇ ਨਾਂ ਕਰਾ ਰਹੇ ਹਨ। ਉਹ ਇਕਦਮ ਦੰਗ ਰਹਿ ਗਿਆ ਅਤੇ ਕਿਹਾ ਕਿ ਇਹ ਤਾਂ ਨਾ-ਇਨਸਾਫੀ ਹੈ। ਇੰਨ੍ਹਾਂ ਦੇ ਤਿੰਨ ਭਰਾ ਕਨੇਡਾ ਵਿੱਚ ਵੀ ਹਨ, ਉਨ੍ਹਾਂ ਦਾ ਵੀ ਬਰਾਬਰ ਦਾ ਹੱਕ ਹੈ। ਇਹ ਗਵਾਹੀ ਮੈਂ ਨਹੀਂ ਪਾ ਸਕਦਾ ਅਤੇ ਚਲਾ ਗਿਆ। ਇੰਨੇ ਨੂੰ ਖਾਨਾ-ਪੂਰਤੀ ਲਈ ਉਹ 200 ਰੁਪਈਏ ਦੇ ਕਿੰਨੇ ਹੋਰ ਪਿੰਡ ਦੇ ਨੰਬਰਦਾਰ ਨੂੰ ਗਵਾਹ ਬਣਾ ਲੈ ਆਏ। ਇਸ ਤੋਂ ਪਹਿਲਾਂ ਬਾਪੂ ਮੁੱਕਰੇ ਪੱਕੀ ਵਸੀਅਤ ਕਰਾ ਲਈ।

ਪਰ ਹੁਣ ਬਾਪੂ ਅਤੇ ਤਿੰਨੇ ਪੁੱਤਰਾਂ ਨੂੰ ਇਹ ਚਿੰਤਾ ਖਾਈ ਜਾ ਰਹੀ ਸੀ ਕਿ ਕਿਧਰੇ ਸ਼ਿੰਗਾਰਾਂ ਸਿੰਘ ਇਸ ਬਾਰੇ ਤਿੰਨ ਛੋਟੇ ਪੁੱਤਰਾਂ ਨੂੰ ਦੱਸ ਕੰਮ ਨਾ ਖਰਾਬ ਕਰ ਦੇਵੇ। ਘਰ ਪਰਤਦਿਆਂ ਉਨ੍ਹਾਂ ਰਸਤੇ ਵਿੱਚੋਂ ਦੋ ਦੇਸ਼ੀ ਸ਼ਰਾਬ ਦੀਆਂ ਬੋਤਲਾਂ ਲਈਆਂ। ਜਿੰਨ੍ਹਾਂ ਵਿੱਚੋਂ ਇੱਕ ਉੱਥੇ ਹੀ ਅਹਾਤੇ ਵਿੱਚ ਨੰਬਰਦਾਰ ਅਤੇ ਗਵਾਹਾ ਨਾਲ ਬੈਠ ਪੀ ਲਈ। ਇਸ ਬਾਅਦ ਘਰ ਵੜਦਿਆਂ ਹੀ ਜੀਪ ਖੜੀ ਕਰ ਆਪਣੇ 12 ਕੁ ਸਾਲ ਦੇ ਪੁੱਤਰ ਕਰਮੇ ਨੂੰ ਅਵਾਜ਼ ਮਾਰੀ ਕਿ ਜਾਹ ਆਹ ਫੜ ਪੰਜ ਰੁਪਈਏ, ਰਾਮ ਦੀ ਹੱਟੀ ਤੋਂ ਭੁੱਜੀਆਂ ਲੈ ਆ। ਇੰਨੇ ਨੂੰ ਦੋ ਮੰਜਿਆਂ ਵਿਚਾਲੇ ਪਏ ਮੇਜ਼ 'ਤੇ ਵੱਡੀ ਵਹੁਟੀ ਨਿੰਦਰ ਨੇ ਚਾਰ ਗਲਾਸ ਅਤੇ ਚਮਚਿਆਂ ਸਮੇਤ ਦਾਲ ਦੀ ਕੌਲੀ ਵੀ ਰੱਖ ਦਿੱਤੀ।

ਚੁੱਪ-ਚੁਪੀਤੀ ਰਾਤ ਦੇ ਸ਼ਾਂਤ ਮਹੌਲ ਵਾਂਗ ਸਰਾਬ ਦੀ ਲੱਥ ਵਿੱਚ ਰੱਜੇ ਪਿਓ-ਪੁੱਤਰਾਂ ਦੇ ਮੂੰਹੋਂ ਬਹੁਤੀ ਅਵਾਜ਼ ਤਾਂ ਨਹੀਂ ਆ ਰਹੀ ਸੀ, ਪਰ ਆਪਣੇ ਅੰਦਰੋਂ-ਅੰਦਰੀ ਕਨੇਡਾ ਬੈਠੇ ਭਰਾਵਾਂ ਨਾਲ ਜਾਣ-ਬੁੱਝ ਕੀਤੀ ਜਾਲ-ਸਾਜ਼ਿਸ਼ ਕਾਰਨ ਡਰ ਦੇ ਤੂਫ਼ਾਨ ਜ਼ਰੂਰ ਵਗ ਰਹੇ ਸਨ।

ਇੰਨਾਂ ਦੀ ਇਸ ਕਨੇਡਾ ਵਾਲੇ ਭਰਾਵਾਂ ਨਾਲ ਹੋ ਰਹੀ ਹੇਰਾ-ਫੇਰੀ ਤੋਂ ਸ਼ਿੰਗਾਰਾਂ ਸਿੰਘ ਵੀ ਬਹੁਤ-ਪਰੇਸ਼ਾਨ ਰਹਿਣ ਲੱਗਾ। ਪਰ ਉਹ ਕਰ ਕੁਝ ਨਹੀਂ ਸਕਦਾ ਸੀ। ਉਹ ਇਹੀ ਸੋਚਦਾ ਰਹਿੰਦਾ ਕਿ ਜੇ ਮੈਂ ਕਨੇਡਾ ਵਾਲਿਆਂ ਨੂੰ ਇਸ ਕਰਤੂਤ ਬਾਰੇ ਦੱਸਦਾ ਹਾਂ ਤਾਂ ਇੰਨ੍ਹਾਂ ਦਾ ਸਾਂਝਾ ਟੱਬਰ ਟੁੱਟ ਜਾਣਾ ਹੈ। ਇਸ ਦਾ ਹੱਲ ਕੱਢਣ ਲਈ ਉਸਨੇ ਬਜ਼ੁਰਗ ਹਰਦਮ ਸਿੰਘ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਪਰਿਵਾਰ ਨਾਲ ਨਾ-ਇਨਸਾਫ਼ ਵਾਲੀ ਗੱਲ ਨਾ ਕਰੇ। ਇਸ ਬਾਅਦ ਬਜੁਰਗ ਹਰਦਮ ਸਿੰਘ ਨੇ ਸ਼ਿੰਗਾਰੇ ਨੂੰ ਘਰ ਬੁਲਾਇਆ ਅਤੇ ਆਪਣੇ ਪੰਜਾਬ ਵਾਲੇ ਪੁੱਤਰਾਂ ਤੋਂ ਇਹ ਵਾਅਦਾ ਲਿਆ ਕਿ ਉਹ ਹੁਣ ਪੁਰਾਣੀ ਵਸੀਅਤ ਤੁੜਵਾ ਕੇ, ਨਵੀਂ ਵਸੀਅਤ ਰਾਹੀ ਸਾਰੀ ਜਾਇਦਾਦ ਆਪਣੇ ਛੇ ਪੁੱਤਰਾਂ ਦੇ ਨਾਂ ਬਰਾਬਰ ਹਿੱਸਿਆਂ ਵਿੱਚ ਵੰਡੇਗਾ। ਇਸ ਗੱਲ ਤੋਂ ਪੰਜਾਬ ਵਾਲੇ ਤਿੰਨੇ ਪੁੱਤਰ ਸਿੰਗਰਾਂ ਸਿੰਘ 'ਤੇ ਅੰਦਰੋ-ਅੰਦਰੀ ਬਹੁਤ ਨਰਾਜ਼ ਸਨ ਕਿ ਉਸਨੇ ਬਣੀ-ਬਣਾਈ ਖੇਡ ਖ਼ਤਮ ਕਰ ਦਿੱਤੀ। ਇਸ ਸਮੇਂ ਸ਼ਰਾਬ ਦੀ ਬੋਤਲ ਖੋਲੀ ਗਈ ਅਤੇ ਰਾਤ ਦਾ ਖਾਣਾ ਸਭ ਨੇ ਇਕੱਠਿਆਂ ਖਾਧਾ।

ਕਰੀਬ ਅੱਧੀ ਰਾਤ ਸ਼ਿੰਗਾਰਾਂ ਸਿੰਘ ਆਪਣੇ ਘਰ ਆਇਆ। ਹਮੇਸ਼ਾ ਵਾਂਗ ਉਸਦੀ ਮਾਤਾ ਬੀਤੀ ਪ੍ਰੀਤਮ ਕੌਰ ਜੋ ਆਪਣੇ ਪੁੱਤ ਦੀ ਉਡੀਕ ਕਰ ਰਹੀ ਸੀ, ਨੇ ਦਰਵਾਜ਼ਾ ਖੁੱਲਣ ਦੀ ਆਵਾਜ਼ ਸੁਣ ਦਿਆਂ ਕਿਹਾ "ਸ਼ਿੰਗਾਰੇ ਪੁੱਤ ਟਾਈਮ ਸਿਰ ਘਰ ਆ ਜਾਇਆ ਕਰ, ਐਵੇਂ ਲੋਕ ਭਲਾਈ ਵਿੱਚ ਸਾਰਾ-ਸਾਰਾ ਦਿਨ ਬਾਹਰ ਰਹਿੰਦੇ। ਤੇਰੇ ਬਾਪੂ ਜੀ ਵੀ ਬਹੁਤ ਫਿਕਰ ਕਰਦੇ ਸੀ ਕਿ ਪਹਿਲਾਂ ਤੂੰ ਕਿੰਨਾ ਚਿਰ ਦੁਬਈ, ਫਿਰ ਇੰਗ-ਲੈਂਡ ਰਿਹਾ, ਹੁਣ ਵਾਪਸ ਆਇਆ ਤਾਂ ਜਿੰਨਾਂ ਚਿਰ ਇੱਥੇ ਤਾਂ ਸਾਡੇ ਕੋਲ ਵੀ ਬੈਠ ਜਾਇਆ ਕਰ। ਮੈਨੂੰ ਪਤਾ ਹੁਣ ਫਿਰ ਤੂੰ ਕਨੇਡਾ ਜਾਣ ਲਈ ਤਿਆਰੀ ਬੰਨੀ ਬੈਠਾ।" ਇਸ ਦੇ ਜੁਆਬ ਵਿੱਚ ਸ਼ਿੰਗਾਰਾਂ ਸਿੰਘ ਨੇ ਕਿਹਾ ਕਿ "ਬੀਬੀ ਤੂੰ ਚਿੰਤਾ ਨਾ ਕਰਿਆ ਕਰ, ਇੱਥੇ ਮੈਂ ਆਪਣੇ ਭਰਾ ਅਤੇ ਭਤੀਜਿਆਂ ਦਾ ਕਾਰੋਬਾਰ ਸੈਂਟ ਕਰ ਦਿੱਤਾ ਹੈ। ਜਿੰਨਾ ਸਮਾਂ ਇੱਥੇ ਹਾਂ ਤੁਹਾਡੇ ਕੋਲ ਹੀ ਰਹਾਂਗਾ।" ਕੁਝ ਮਹੀਨੇ ਬਾਅਦ ਉਸ ਦੀ ਕਨੇਡਾ ਜਾਣ ਦੀ ਤਿਆਰੀ ਸੀ।

ਇਸ ਬਾਅਦ ਬੀਬੀ ਰੋਟੀ ਬਣਾਉਣ ਲੱਗੀ ਤਾਂ ਸ਼ਿੰਗਾਰੇ ਨੇ ਇਹ ਕਹਿ ਕਿ ਇਨਕਾਰ ਕਰ ਦਿੱਤਾ ਕਿ ਉਹ ਤਾਇਆ ਹਰਦਮ ਸਿੰਘ ਦੇ ਘਰ ਰੋਟੀ ਖਾ ਕੇ ਆਇਆ ਹੈ।

ਇਸ ਤੋਂ ਅਗਲੀ ਸਵੇਰ ਹੀ ਸ਼ਿੰਗਾਰਾਂ ਸਿੰਘ ਨੂੰ ਉਠਣਾ ਕਾਫੀ ਮੁਸ਼ਕਲ ਹੋ ਰਿਹਾ ਸੀ। ਚੜਦੀ ਜਵਾਨੀ ਅਤੇ ਤਕੜਾ ਗੱਭਰੂ ਜਿਸਨੇ ਅਜੇ ਆਪਣੇ ਪਰਿਵਾਰ ਦੇ ਕੰਮਾਂ ਕਾਰਾਂ ਨੂੰ ਸੈਂਟ ਕਰਨ ਕਰਕੇ ਵਿਆਹ ਵੀ ਨਹੀਂ ਕਰਵਾਇਆ ਸੀ। ਅੱਜ ਉਹ ਥੱਕਿਆ-ਥੱਕਿਆ ਮਹਿਸੂਸ ਕਰ ਰਿਹਾ ਸੀ। ਉਸ ਨੂੰ ਇਉਂ ਜਾਪ ਰਿਹਾ ਸੀ ਕਿ ਜਿਵੇਂ ਸਰੀਰ ਨੂੰ ਅੰਦਰੋ-ਅੰਦਰੀ ਕੁਝ ਖਾਹ ਰਿਹਾ ਹੋਵੇ। ਘਰ ਡਾਕਟਰ ਨੂੰ ਬੁਲਾਇਆ ਗਿਆ, ਕਈ ਹਫ਼ਤੇ ਦਵਾਈ ਚੱਲੀ ਪਰ ਕੋਈ ਫਰਕ ਨਾ ਪਿਆ। ਉਸ ਦਾ ਸਰੀਰ ਦਿਨੋ-ਦਿਨ ਘੱਟ ਰਿਹਾ ਸੀ। ਅੰਤ ਬਿਮਾਰੀ ਦੀ ਸਮਝ ਨਾ ਆਉਣ ਕਰਕੇ ਲੁਧਿਆਣਾ ਦੇ ਵੱਡੇ ਹਸਪਤਾਲ "ਦਿਆ ਨੰਦ" ਵਿੱਚ ਭਰਤੀ ਕਰਵਾਇਆ ਗਿਆ। ਜਿੱਥੇ ਡਾਕਟਰਾਂ ਨੇ ਬਿਮਾਰੀ ਦੇ ਇਲਾਜ ਲਈ ਦਵਾਈਆਂ ਅਤੇ ਬਹੁਤ ਟੈਸਟ ਕੀਤੇ, ਮਹੀਨਾ ਭਰ ਹਸਪਤਾਲ ਰਿਹਾ, ਪਰ ਉਹ ਬਚ ਨਾ ਸਕਿਆ। ਜਿਸ ਦਿਨ ਉਸ ਨੂੰ ਹਸਪਤਾਲ ਲਿਜਾ ਰਹੇ ਸਨ ਤਾਂ ਉਸ ਨੇ ਕਿਹਾ ਸੀ ਕਿ "ਹੁਣ ਮੈਂ ਜਿਉਂਦਾ ਵਾਪਸ ਘਰ ਨਹੀਂ ਪਰਤਾਂਗਾ।" ਸ਼ਾਇਦ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਸ ਨਾਲ ਕਿਸੇ ਨੇ ਧੋਖਾ ਕੀਤਾ ਹੈ ਅਤੇ ਸ਼ਰਾਬ ਵਿੱਚ 'ਪਾਰਾ' ਮਿਲਾ ਕੇ ਪਿਆ ਦਿੱਤਾ ਹੈ। ਜਿਸ ਦਾ ਹੁਣ ਕੋਈ ਇਲਾਜ ਨਹੀਂ। ਪਰ ਉਹ ਆਪਣੇ ਪਰਿਵਾਰ ਨੂੰ ਇਹ ਦੱਸ ਕੇ ਦੁਸ਼ਮਣੀ ਨੂੰ ਅੱਗੇ ਹੋਰ ਵਧਾਉਣਾ ਨਹੀਂ ਚਾਹੁੰਦਾ ਸੀ। ਹਸਪਤਾਲ ਵਿੱਚ ਉਸ ਨੇ ਬੋਲਣਾ ਵੀ ਛੱਡ ਦਿੱਤਾ ਸੀ। ਆਪਣੇ ਕਾਰੋਬਾਰ ਅਤੇ ਪੈਸ਼ੇ ਦੇ ਲੈਣ-ਦੇਣ ਬਾਰੇ ਆਪਣੇ ਕੋਲ ਬੈਠੇ ਭਤੀਜੇ ਬਿੱਟੂ ਨੂੰ ਕਈ ਵਾਰ ਦੱਸਣ ਦੀ ਕੋਸ਼ਿਸ਼ ਕਰਦਾ ਤਾਂ ਉਹ ਉਦਾਸ ਹੋ ਰੋਂਦੇ ਹੋਏ ਟਾਲ ਦਿੰਦਾ ਕਿ ਚਾਚਾ ਤੁਸੀਂ ਠੀਕ ਹੋ ਕੇ ਘਰ ਆ ਜਾਣਾ, ਇਹ ਗੱਲਾਂ ਘਰ ਕਰਾਂਗੇ। ਇਸ ਬਾਅਦ ਸ਼ਿੰਗਾਰਾਂ ਸਿੰਘ ਕਈ ਦਿਨਾਂ ਤੱਕ ਹਸਪਤਾਲ ਦੇ ਮੰਜੇ ਤੇ ਪਿਆ ਪਾਠ ਕਰਦਾ ਰਹਿੰਦਾ। ਉਸ ਨੂੰ ਪੰਜੇ ਬਾਣੀਆਂ ਜੁਬਾਨੀ ਯਾਦ ਸਨ। ਹਰ ਸਮੇਂ ਹੱਥ ਹਸਪਤਾਲ ਦੇ ਵਾਰਡ ਵਿੱਚ ਸਾਹਮਣੇ ਲੱਗੀ ਕੰਧ ਵੱਲ ਲੱਗੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵੱਲ਼ ਦੇਖਦਿਆਂ ਜੁੜੇ ਰਹਿੰਦੇ। ਆਪਣੇ ਅੰਤਮ ਸਾਹ ਛੱਡਣ ਸਮੇਂ ਵੀ ਉਸ ਨੇ ਤਸਵੀਰ ਨੂੰ ਨਿਮਨ ਕੀਤਾ।

ਚੰਗਾ, ਮਿਲਾਪੜੇ ਸੁਭਾਅ ਅਤੇ ਹਰ ਇੱਕ ਦੇ ਕੰਮ ਆਉਣ ਵਾਲਾ ਇਨਸਾਨ ਹੋਣ ਕਰਕੇ ਉਸ ਦੀ ਮੌਤ ਦਾ ਰਿਸ਼ਤੇਦਾਰ, ਮਿੱਤਰ ਜਾਂ ਪਿੰਡ ਹੀ ਨਹੀਂ, ਸਗੋਂ ਇਲਾਕੇ ਦੇ ਲੋਕਾਂ ਨੇ ਬਹੁਤ ਸੋਗ ਮਨਾਇਆ।

ਹਰ ਸਮੇਂ ਖੁਸ਼ ਰਹਿਣ ਵਾਲੇ ਪਰਿਵਾਰ 'ਤੇ ਦੁੱਖਾਂ ਦੇ ਪਹਾੜ ਟੁੱਟ ਚੁੱਕੇ ਸਨ। ਹੁਣ ਆਪਣੇ ਨੌਜਵਾਨ ਪੁੱਤਰ ਦੇ ਵਿਛੋੜੇ ਵਿੱਚ ਰੋ-ਰੋ ਮਾਂ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ। ਸਾਰਾ ਪਰਿਵਾਰ ਇਸ ਦੁੱਖ ਦੇ ਸੰਤਾਪ ਨੂੰ ਹੰਢਾ ਰਿਹਾ ਸੀ। ਪਰਿਵਾਰ ਅਤੇ ਪਿੰਡ ਦੇ ਲੋਕਾਂ ਨੂੰ ਇਹ ਅਹਿਸਾਸ ਜ਼ਰੂਰ ਹੋ ਗਿਆ ਸੀ ਕਿ ਸ਼ਿੰਗਾਰਾਂ ਸਿੰਘ ਮਰਿਆ ਨਹੀਂ ਕਿਸੇ ਨੇ ਜ਼ਹਿਰ ਦੇ ਕੇ ਮਾਰਿਆ ਹੈ।

ਸਿਆਣੇ ਜਿਵੇਂ ਕਹਿੰਦੇ ਆ ਕਿ ਪਾਪ ਛੁਪਿਆ ਨਹੀਂ ਰਹਿੰਦਾ। ਇਸੇ ਕਹਾਵਤ ਵਾਂਗ ਹਰਦਮ ਸਿੰਘ ਦੇ ਘਰ ਕੁਝ ਮਹੀਨਿਆਂ ਬਾਅਦ ਰੌਲਾ ਪੈਣ ਸੁਰੂ ਹੋ ਗਿਆ। ਪਿੰਡ ਵਾਲਿਆਂ ਦਾ ਸ਼ੱਕ ਉਸ ਦਿਨ ਸੱਚ ਵਿੱਚ ਬਦਲ ਗਿਆ ਜਦੋਂ ਉਨ੍ਹਾਂ ਦੀ ਨੂੰਹ ਆਪਣੇ ਕੱਪੜੇ ਲਾਹ-ਲਾਹ ਪਾੜਦੀ ਹੋਈ ਚੀਕ-ਚਿਹਾੜਾ ਪਾਉਂਦੀ ਘਰੋਂ ਬਾਹਰ ਭੱਜਣ ਲੱਗੀ। ਹੁਣ ਉਨ੍ਹਾਂ ਦੇ ਪਾਪ ਆਪ ਬੋਲ ਰਹੇ ਸਨ। ਘਰ ਦੇ ਹਰ ਹਨੇਰੇ ਖੂੰਜੇ ਸ਼ਿੰਗਾਰਾਂ ਹੀ ਖੜਾ ਦਿਸਦਾ ਅਤੇ ਬਾਹਰ ਨੂੰ ਭੱਜਦੇ ਸਮੇਂ ਚੀਕਾਂ ਵਿੱਚੋਂ ਇਹੀ ਅਵਾਜ਼ ਆਉਂਦੀ "ਉਹ ਆ ਗਿਆ - ਉਹ ਆ ਗਿਆ।" ਇਸੇ ਤਰ੍ਹਾਂ ਹੋਰ ਪਰਿਵਾਰਕ ਮੈਂਬਰਾਂ ਦੀ ਹਾਲਤ ਵੀ ਬਣੀ ਜਾਪਦੀ ਸੀ। ਇਸ ਬਾਅਦ ਫਿਰ ਹਰਦਮ ਸਿੰਘ ਦੇ ਪਰਿਵਾਰ ਵਾਲੇ ਪਿੰਡ ਤੋਂ ਚੋਰੀ-ਚੋਰੀ ਪਾਖੰਡੀ ਸਾਧਾਂ ਦੇ ਮਗਰ ਗੇੜੇ ਮਾਰਨ ਲੱਗੇ। ਹਨੇਰੇ-ਸਵੇਰੇ ਘਰੇ ਪੰਡਤਾਂ-ਸਾਧਾ ਨੂੰ ਲਿਆ ਟੂਣੇ-ਟਾਮਣ ਅਤੇ ਮੰਤਰ ਵੀ ਪੜਾਉਣ ਲੱਗੇ। ਪਰ ਕੋਈ ਫਰਕ ਨਾ ਪਿਆ ਤਾਂ ਕਿਸੇ ਨੇ ਚੰਗੀ ਸਲਾਹ ਦਿੱਤੀ ਕਿ ਤੁਸੀਂ ਪਾਪ ਤਾਂ ਕੀਤਾ ਹੈ, ਪਰ ਹੁਣ ਐਵੇਂ ਆਪਣੀ ਬਹੂ ਨਾ ਸਾਧਾਂ ਦੇ ਚਿਮਟੇ ਮਰਵਾ-ਮਰਵਾ, ਮਰਵਾ ਹੀ ਲਿਉ, ਕਿਸੇ ਚੰਗੇ ਹਸਪਤਾਲ ਮਾਨਸਿਕਤਾ ਵਾਲੇ ਡਾਕਟਰ ਨੂੰ ਦਿਖਾ ।

ਹੋਰ ਕੋਈ ਚਾਰਾ ਨਾ ਚਲਦਾ ਦੇਖ ਕੇ ਫਿਰ ਡਾਕਟਰੀ ਇਲਾਜ ਸੁਰੂ ਕੀਤਾ ਗਿਆ। ਕਈ ਟੈਸਟ ਕੀਤੇ ਗਏ ਅਤੇ ਡਾਕਟਰ ਨੂੰ ਇਹ ਸਮਝ ਆ ਗਈ ਕਿ ਇਹ ਕੋਈ ਭੂਤ-ਭਾਂਤ ਦਾ ਛਾਇਆ ਨਹੀਂ, ਸਗੋਂ ਕਿਸੇ ਵੱਡੀ ਘਟਨਾ ਕਰਕੇ ਇਸ ਨੂੰ ਗਹਿਰਾ ਸਦਮਾ ਲੱਗਿਆ। ਜੋ ਵਾਰ-ਵਾਰ ਇਸ ਦੇ ਦੁਆਲੇ ਘੁੰਮ ਰਿਹਾ ਹੈ। ਡਾਕਟਰ ਦੀ ਦਿਵਾਈ ਤੋ ਬਾਅਦ ਉਹ ਘਰ ਦਾ ਕੰਮ-ਕਾਜ ਘੱਟ ਹੀ ਕਰਦੀ, ਜ਼ਿਆਦਾ ਸਮਾਂ ਸੁੱਤਿਆਂ ਹੀ ਬਿਤਾਉਂਦੀ।

ਜਿਸ ਨਾਲ ਇਸ ਦੀ ਹਾਲਤ ਵਿੱਚ ਤਾਂ ਕਾਫੀ ਸੁਧਾਰ ਆ ਗਿਆ। ਪਰ ਇਸ ਗੱਲ ਦਾ ਅਸਰ ਬਾਕੀ ਪਰਿਵਾਰ 'ਤੇ ਵੀ ਪਿਆ। ਪਿੰਡ ਦੇ ਹਰ ਬੰਦੇ ਦੀ ਜੁਬਾਨ ਤੇ ਇਹੀ ਗੱਲ ਸੀ ਕਿ ਜਿਵੇਂ ਇਨ੍ਹਾਂ ਕੰਜਰਾਂ ਨੇ ਬੇਗਾਨਾ ਦਰਵੇਸ਼ ਪੁੱਤ ਲਾਲਚ ਵੱਸ ਮਾਰਿਆ। ਉਨ੍ਹਾਂ ਦੇ ਪਰਿਵਾਰ ਨਾਲ ਪਿੰਡ ਨੇ ਵਰਤਾਵਾ ਵੀ ਘੱਟ ਕਰ ਦਿੱਤਾ। ਹਰ ਕੋਈ ਬਦ-ਦੁਆਵਾਂ ਦਿੰਦਾ ਕਿ ਜਿਵੇ ਇੰਨਾਂ ਨੇ ਕੀਤਾ ਹੈ, ਉਵੇ ਹੀ ਰੱਬ ਇੰਨਾਂ ਨਾਲ ਵੀ ਕਰੂ। ਸਮਾਂ ਲਗਦਾ ਹੈ, ਪਰਮਾਤਮਾ ਇਨਸਾਫ਼ ਜਰੂਰ ਕਰੂ। ਸਾਰੇ ਪਿੰਡ ਨੂੰ ਪਤਾ ਸੀ ਇਹ ਸਮੇਂ-ਸਮੇਂ ਸ਼ਿੰਗਾਰੇ ਤੋਂ ਪੈਸੇ ਵੀ ਉਧਾਰ ਲੈ ਚੁੱਕੇ ਸਨ। ਜੋ ਕਦੇ ਵਾਪਸ ਨਹੀਂ ਸਨ ਕੀਤੇ। ਸਗੋਂ ਸਮੇਂ-ਸਮੇਂ ਬੱਚਿਆਂ ਦੇ ਸਕੂਲ ਦਾਖ਼ਲੇ ਕਰਵਾਉਣ ਤੱਕ ਵੀ ਉਸ ਹੀ ਕਹਿੰਦੇ ਕਿ ਇਨ੍ਹਾਂ ਦੀ ਮਦਦ ਕਰੇ।

ਆਪਣੇ ਮਾਂ-ਬਾਪ ਅਤੇ ਚਾਚਿਆਂ ਦੀ ਇਸ ਸਾਜ਼ਿਸ਼ ਦਾ ਕਰਮੇ ਨੂੰ ਭਲੀ-ਭਾਂਤ ਪਤਾ ਸੀ। ਪਰ ਉਹ ਬੱਚਾ ਹੁੰਦਿਆਂ ਕਰ ਕੁਝ ਨਹੀਂ ਸਕਦਾ ਸੀ। ਸ਼ਿੰਗਾਰੇ ਨੇ ਉਸ ਦੀ ਅਤੇ ਉਸ ਦੀ ਭੈਣ ਦੇ ਸਕੂਲ ਦੇ ਦਾਖਲੇ ਕਰਾਉਣ ਤੋਂ ਲੈ ਹਰ ਕੰਮ ਵਿੱਚ ਆਪਣੇ ਬੱਚਿਆਂ ਦੀ ਤਰ੍ਹਾਂ ਮਦਦ ਕੀਤੀ ਸੀ। ਉਹ ਵੀ ਹਮੇਸ਼ਾ ਸ਼ਿੰਗਾਰੇ ਨੂੰ ਚਾਚਾ ਜੀ ਕਹਿ ਸਤਿਕਾਰ ਦਿੰਦਾ। ਹੁਣ ਉਸ ਦੇ ਦਿਲ ਅਤੇ ਦਿਮਾਗ ਉੱਪਰ ਇਸ ਗੱਲ ਦਾ ਇੰਨਾਂ ਗਹਿਰਾ ਅਸਰ ਹੋਇਆ ਕਿ ਉਸ ਦੀ ਰੂਹ ਅੰਦਰੋਂ-ਅੰਦਰੀ ਤੜਫਦੀ ਰਹਿੰਦੀ। ਸਮਾਂ ਲੰਘਦਾ ਗਿਆ, ਇੰਨ੍ਹਾਂ ਹੀ ਸੋਚਾਂ ਅੰਦਰ ਉਹ ਵੱਡਾ ਹੋਇਆ। ਪੜਾਈ ਵੱਲੋਂ ਬਹੁਤੀ ਦਿਲਚਸਪੀ ਨਹੀਂ ਰਹੀ ਸੀ। ਵੱਡਾ ਹੋ ਆਪਣੇ ਕਿੱਤਾ ਪੁਰਖੀ ਧੰਦੇ ਖੇਤੀ ਵਿੱਚ ਰੁੱਝਿਆ ਰਹਿੰਦਾ। ਘਰ ਘੱਟ ਹੀ ਆਉਂਦਾ, ਮੋਟਰ ਤੇ ਹੀ ਜਿਆਦਾ ਸਮਾਂ ਬਿਤਾਉਂਦਾ। ਮੋਟਰ ਪਿੰਡੋ ਬਾਹਰ ਨਹਿਰ ਵਾਲੇ ਰਸਤੇ ਨਾਲ ਲੱਗਦੀ ਕਰਕੇ ਅਕਸਰ ਇੱਥੇ ਜਾਂਦੇ-ਆਉਂਦੇ ਰਾਹੀ ਵੀ ਪਾਣੀ ਪੀਣ ਜਾਂ ਨਹਿਰ ਕੰਢੇ ਦਰੱਖਤਾਂ ਦੀ ਛਾਵੇ ਅਰਾਮ ਕਰਨ ਲਈ ਰੁਕ ਜਾਂਦੇ। ਇਸੇ ਤਰਾਂ ਬਹੁਤ ਸਾਰੇ ਪੋਸਤ-ਡੋਡਿਆਂ ਆਦਿਕ ਦੇ ਨਸ਼ੇ ਵੇਚਣ ਵਾਲੇ ਬਲੈਕੀਏ ਵੀ ਰੁਕਦੇ। ਹੌਲੀ-ਹੌਲੀ ਜਿੰਨਾਂ ਨਾਲ ਇਸ ਦੀ ਸਾਂਝ ਵੱਧ ਗਈ। ਆਪਣੇ ਗ਼ਮਾਂ ਨੂੰ ਘੱਟ ਕਰਨ ਲਈ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ। ਹੁਣ ਉਹ ਆਪਣੇ ਪਰਿਵਾਰ ਦੀਆਂ ਲਾਲਚ ਵੱਸ ਕਰਤੂਤਾਂ ਕਰਕੇ ਨਸ਼ੇ ਵਿੱਚ ਇੰਨਾਂ ਡੁੱਬ ਚੁੱਕਾ ਸੀ ਕਿ ਕਈ ਹੋਰ ਤਰ੍ਹਾਂ ਦੇ ਨਸ਼ੇ ਵੀ ਕਰਨ ਲੱਗਾ। ਪਰਿਵਾਰ ਨੇ ਉਸ ਨੂੰ ਨਸੇੜੀ ਲੋਕਾਂ ਤੋਂ ਦੂਰ ਕਰਨ ਲਈ ਵਿਆਹ ਕਰ ਕਨੇਡਾ ਭੇਜ ਦਿੱਤਾ। ਜਿੱਥੇ ਉਹ ਸਾਰਾ ਹਫ਼ਤਾ ਵਧੀਆ ਮਿਹਨਤ ਨਾਲ ਕੰਮ ਕਰਦਾ ਪਰ ਵੀਕਐਂਡ ਨੂੰ ਜਦ ਘਰ ਹੁੰਦਾ ਤਾਂ ਉਹੀ ਘਟਦਿਆਂ ਦੀ ਮਾੜੀ ਸੋਚ ਅਤੇ ਸਿੰਗਾਰੇ ਨੂੰ ਜ਼ਹਿਰ ਦੇ ਕੇ ਮਾਰਨ ਵਾਲੀ ਗੱਲ ਉਸ ਨੂੰ ਤੜਫਾਉਂਦੀ ਤਾਂ ਉਹ ਸ਼ਰਾਬ ਜਾਂ ਹੋਰ ਨਸ਼ੇ ਦਾ ਸੇਵਨ ਇੰਨਾਂ ਕਰਦਾ ਕਿ ਜਦ ਤੱਕ ਉਹ ਬੇਹੋਸ਼ ਨਾ ਹੋ ਜਾਵੇ। ਕਈ ਵਾਰ ਨਸ਼ੇ ਦੀ ਹਾਲਤ ਵਿੱਚ ਘਰੋਂ ਬਾਹਰ ਤੁਰ ਪੈਂਦਾ, ਫਿਰ ਉਸ ਨੂੰ ਲੱਭ ਕੇ ਵਾਪਸ ਘਰ ਲਿਆਉਣਾ ਪੈਂਦਾ। ਇੱਥੋਂ ਤੱਕ ਕਿ ਕਈ ਵਾਰ ਤਾਂ ਲੱਭਣ ਲਈ ਪੁਲਿਸ ਦੀ ਮਦਦ ਵੀ ਲੈਣੀ ਪਈ।

ਉਸਦੇ ਦੋ ਬੱਚੇ ਹੋਏ, ਜਿੰਨ੍ਹਾਂ ਨੂੰ ਉਹ ਬਹੁਤ ਪਿਆਰ ਕਰਦਾ ਸੀ। ਪਰ ਜਦ ਵੀ ਆਪਣੇ ਮਾਂ-ਬਾਪ ਦਾ ਚਿਹਰਾ ਦੇਖਦਾ ਤਾਂ ਉਹ ਅੰਦਰੋ-ਅੰਦਰੀ ਆਪੇ ਤੋਂ ਬਾਹਰ ਹੋ ਜਾਂਦਾ ਅਤੇ ਘਰੋਂ ਬਾਹਰ ਭੱਜਦਾ। ਹੁਣ ਉਸਦੀ ਨਸ਼ਿਆਂ ਦੇ ਕਰਕੇ ਅਤੇ ਆਪਣੇ ਪਰਿਵਾਰ ਦੀਆਂ ਲਾਲਚੀ ਸੋਚਾਂ ਬਾਰੇ ਸੋਚ-ਸੋਚ ਇਹ ਹਾਲਤ ਹੋ ਗਈ ਸੀ ਕਿ ਉਸ ਨੇ ਘਰ ਦੇ ਮੈਂਬਰਾਂ ਅਤੇ ਹੋਰ ਲੋਕਾਂ ਨਾਲ ਦੂਰੀ ਬਣਾਉਣੀ ਸੁਰੂ ਕਰ ਦਿੱਤੀ। ਇੱਥੋਂ ਤੱਕ ਕਿ ਕਿਸੇ ਨੂੰ ਫੋਨ ਕਰਨਾ ਜਾਂ ਸੁਣਨਾ ਵੀ ਛੱਡ ਦਿੱਤਾ। ਉਹ ਜ਼ਿੰਦਗੀ ਤੋਂ ਇੰਨਾਂ ਅੱਕ ਚੁੱਕਿਆ ਸੀ ਕਿ ਇਸ ਮਤਲਬੀ ਅਤੇ ਲਾਲਚੀ ਦੁਨੀਆਂ ਅੰਦਰ ਕਿਸੇ ਨਾਲ ਕੋਈ ਨਾਤਾ ਨਹੀਂ ਰੱਖਣਾ ਚਾਹੁੰਦਾ ਸੀ। ਆਪਣਾ ਕੰਮ-ਕਾਰ ਵੀ ਘੱਟ ਕਰ ਦਿੱਤਾ ਸੀ। ਘਰ ਹੁੰਦਿਆਂ ਚੁੱਪ-ਚਾਪ ਕਿਸੇ ਕਿਨਾਰੇ ਬੈਠੇ ਰਹਿਣਾ ਉਸ ਦਾ ਸੁਭਾਅ ਬਣ ਚੁੱਕਿਆ ਸੀ। ਉਸ ਨੂੰ ਸਭ ਪਤਾ ਸੀ ਕਿ ਪਰਿਵਾਰ ਵਾਲੇ ਕਹਿ ਰਹੇ ਹਨ ਕਿ ਨਸ਼ਿਆਂ ਨੇ ਉਸ ਦੀ ਮੱਤ ਮਾਰ ਦਿੱਤੀ ਹੈ। ਕਿਸੇ ਨੇ ਅਸਲ ਵਿੱਚ ਉਸ ਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ।

ਇੱਥੋਂ ਤੱਕ ਕਿ ਜੀਵਨ ਸਾਥਣ ਵੀ ਘਰ ਵਾਲਿਆਂ ਵਾਂਗ ਹੀ ਸੋਚਦੀ, ਉਸ ਨਾਲ ਅਕਸਰ ਗੁੱਸੇ-ਗਿਲੇ ਰਹਿੰਦੀ। ਉਸ ਨੂੰ ਇਸ ਮਾਨਸਿਕਤਾ ਵਿੱਚੋਂ ਕੱਢਣ ਦੀ ਬਜਾਏ ਹੋਰ ਦੁੱਖੀ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡਦੀ।

ਜਦ ਉਸ ਦੀ ਮਾਨਸਿਕਤਾ ਨੂੰ ਕੋਈ ਵੀ ਨਹੀਂ ਸਮਝ ਰਿਹਾ ਸੀ। ਉਸ ਦੇ ਮਨ ਅੰਦਰ ਬਹੁਤ ਸਾਰੇ ਸਵਾਲ ਖੜ੍ਹੇ ਸਨ। ਜਿੰਨਾਂ ਦੇ ਜੁਆਬ ਵਿੱਚ ਇਹੀ ਸਾਹਮਣੇ ਆਉਂਦਾ ਸੀ ਕਿ ਲਾਲਚ ਵਿੱਚ ਬੰਦਾ ਇੰਨ੍ਹਾਂ ਗਿਰ ਜਾਂਦਾ ਹੈ ਕਿ ਕਿਸੇ ਬੈਗਾਨੇ ਪੁੱਤ ਨੂੰ ਮਾਰਨ ਤੋਂ ਵੀ ਨਹੀਂ ਡਰਦਾ। ਪਰਮਾਤਮਾ ਦੇਖਦਾ ਹੈ। ਉਸ ਨੂੰ ਪਤਾ ਸੀ ਕਿ ਜਦ ਉਸ ਦੇ ਪਰਿਵਾਰ ਨੇ ਲਾਲਚ ਵੱਸ ਸ਼ਿੰਗਾਰੇ ਨੂੰ ਮਾਰਿਆ ਤਾਂ ਉਸ ਮਾਂ-ਬਾਪ ਤਾਂ ਜਿਉਂਦੇ ਜੀ ਮਰ ਗਏ ਸਨ। ਜਿੰਨਾਂ ਦੇ ਬੁਢਾਪੇ ਦਾ ਸਹਾਰਾ ਖ਼ਾਤਮਾ ਕਰ ਦਿੱਤਾ ਸੀ। ਉਹ ਆਪਣੇ ਮਾਪਿਆਂ ਨੂੰ ਇਸ ਬੇਗਾਨੀ, ਪਰ ਅਪਣੱਤ ਦੇ ਰਿਸ਼ਤਿਆਂ ਵਿੱਚੋਂ ਉਪਜੀ ਪੀੜ ਦਾ ਅਹਿਸਾਸ ਕਰਵਾਉਣਾ ਚਾਹੁੰਦਾ ਸੀ। ਇਹ ਕਿਵੇਂ ਕਰੇਗਾ ਤਾਂ ਕਿ ਉਸ ਦੇ ਪਰਿਵਾਰ ਨੂੰ ਇਸ ਵਸੀਅਤ ਖਾਤਰ ਉਜਾੜੇ ਬੈਗਾਨੇ ਘਰ ਦਾ ਪਤਾ ਲੱਗ ਸਕੇ। ਇਸ ਗੱਲ ਦਾ ਉਸ ਨੂੰ ਵੀ ਕੋਈ ਪਤਾ ਨਹੀਂ ਸੀ। ਪਰ ਉਸ ਦੇ ਅੰਦਰ ਲੱਗੀ ਅੱਗ ਨਾ ਤਾਂ ਉਸ ਜਿਉਣ ਦਿੰਦੀ ਸੀ ਨਾ ਮਰਨ।

ਹਮੇਸ਼ਾ ਵਾਂਗ ਬਾਹਰ ਸਵੇਰ ਦੀ ਸੈਰ ਕਰਨ ਜਾਣ ਲਈ ਜਦ ਘਰ ਦਾ ਦਰਵਾਜ਼ਾ ਨਿੰਦਰ ਨੇ ਖੋਲਿਆ ਤਾਂ ਉਸ ਦੀਆਂ ਧਾਹਾਂ ਨਿਕਲ ਗਈਆਂ। ਉਸ ਨੇ ਉੱਚੀ-ਉੱਚੀ ਚੀਕਣਾ-ਕੁਰਲਾਉਣਾ ਸ਼ੁਰੂ ਕਰ ਦਿੱਤਾ, ਸਾਨੂੰ ਕਿਸੇ ਪਾਸੇ ਦਾ ਨੀ ਛੱਡਿਆ ਵੇ ਕਰਮਿਆ ਪੁੱਤਰਾਂ। ਇਹ ਅਵਾਜ਼ ਸੁਣ ਕੇ ਅੰਦਰੋ ਦਰਸੀ ਬਾਹਰ ਆਇਆ ਅਤੇ ਸਾਹਮਣੇ ਦੇਖਣ ਸਾਰ ਥੱਲੇ ਡਿੱਗ ਪਿਆ। ਇੰਨੇ ਉੱਚੀ-ਉੱਚੀ ਚੀਕਾਂ ਸੁਣ ਗੁਵਾਢੀ ਵੀ ਬਾਹਰ ਆ ਚੁੱਕੇ ਸਨ। ਕਿਸੇ ਨੂੰ ਕੁਝ ਨਹੀਂ ਸੁਝ ਰਿਹਾ ਸੀ ਕਿ ਕੀ ਕਰੇ। ਘਰ ਦੇ ਬਾਹਰ ਦਰਵਾਜ਼ੇ ਦੇ ਸਾਹਮਣੇ ਦਰੱਖਤ ਨਾਲ ਕਰਮੇ ਦੀ ਲਾਸ਼ ਲਟਕ ਰਹੀ ਸੀ। ਵਸੀਅਤ ਖ਼ਾਤਰ ਬੈਗਾਨੇ ਪੁੱਤ ਮਾਰਨ ਵਾਲਿਆਂ ਦਾ ਵਾਰਸ, ਵਸੀਅਤਾਂ ਵਾਲੀ ਸੋਚ ਤੋਂ ਦੂਰ ਜਾ ਚੁੱਕਿਆ ਸੀ। ਉਹ ਆਪਣੇ ਸਾਹਾ ਤੋਂ ਹੱਥ ਧੋ ਬੈਠਾ ਸੀ। ਇਉਂ ਜਾਪ ਰਿਹਾ ਸੀ ਜਿਵੇਂ ਉਹ ਆਪਣੇ ਘਟਦਿਆਂ ਨੂੰ ਰਹਿ ਰਿਹਾ ਹੋਵੇ ਕਿ ਜਿਹੋ ਜਿਹਾ ਤੁਸੀਂ ਵਸੀਅਤ ਲਈ ਕੀਤਾ ਸੀ। ਉਸ ਦਾ ਹਾਲ ਹੁਣ ਤੁਸੀਂ ਵੀ ਭੁਗਤੋ। ਤਾਰ ਦੇ ਕੁੰਡੇ ਟੰਗੀ ਵਸੀਅਤ ਵਾਂਗ ਅੱਜ ਉਹ ਗਲ ਵਿੱਚ ਰੱਸਾ ਪਾਈ ਆਪਣੇ ਹੀ ਘਰ ਦੇ ਦਰਵਾਜ਼ੇ ਲਟਕ ਰਿਹਾ ਸੀ। ਕਿਸੇ ਨੇ ਗੁਆਂਢ ਵਿੱਚੋਂ ਪੁਲਿਸ ਨੂੰ ਕਾਲ ਕਰ ਦਿੱਤੀ ਸੀ। ਐਬੂਲੈਂਸ ਅਤੇ ਪੁਲਿਸ ਅਧਿਕਾਰੀ ਵੀ ਪਹੁੰਚ ਚੁੱਕੇ ਸਨ। ਜਿਨ੍ਹਾਂ ਨੇ ਉਸ ਸਰੀਰ ਨੂੰ ਥੱਲੇ ਉਤਾਰਿਆ ਅਤੇ ਮ੍ਰਿਤਕ ਐਲਾਨ ਕਰਨ ਬਾਅਦ ਬਾਕੀ ਕਾਰਵਾਈ ਲਈ ਨਾਲ ਲੈ ਗਏ।

ਹੁਣ ਘਰ ਦੇ ਅੰਦਰ ਚੀਕਾਂ ਮਾਰਦੀ ਹੋਈ ਨਿੰਦਰ ਦਰਸੀ ਨੂੰ ਮੇਹਣੇ ਮਾਰ ਰਹੀ ਸੀ, "ਕੰਜ਼ਰੋ ਥੋਡੀ ਇਸ ਵਸੀਅਤ ਨੇ ਪਹਿਲਾ ਰੱਬ ਵਰਗੇ ਸ਼ਿੰਗਾਰੇ ਨੂੰ ਮਾਰਿਆ ਅਤੇ ਉਹੀ ਅੱਜ ਮੇਰੇ ਪੁੱਤ ਨੂੰ ਲੈ ਬੈਠੀ, ਥੋਡਾ ਕੱਖ ਨਾ ਰਹੇ।" ਜਦ ਕਿ ਇਕਲੌਤੇ ਪੁੱਤਰ ਦੀ ਮੌਤ ਨਾਲ ਸਭ ਕੁਝ ਖਤਮ ਹੀ ਹੋ ਚੁੱਕਿਆ ਸੀ।

ਹੁਣ ਇਕ ਪਾਸੇ ਬੈਠੇ ਦਰਸੀ ਨੂੰ ਪਛਤਾਵਾ ਹੋ ਰਿਹਾ ਸੀ ਕਿ ਉਸ ਨੇ ਆਪਣੇ ਭਰਾਵਾਂ ਨਾਲ ਰਲ ਆਪਣੇ ਭਰਾਵਾਂ ਵਰਗੇ ਭਰਾਵਾਂ ਦੇ ਦੋਸ਼ਤ ਸ਼ਿੰਗਾਰੇ ਸਰਾਬ ਵਿੱਚ ਜ਼ਹਿਰੀਲ ਪਾਰਾ ਦੇ ਕੇ ਮਾਰਿਆ। ਹੁਣ ਇਸ ਦਾ ਖਮਿਆਜ਼ਾ ਉਹ ਖ਼ੁਦ ਭੁਗਤ ਰਿਹਾ ਹੈ। ਨਜ਼ਦੀਕ ਬੈਠੀ ਬੇਬੇ ਕਹਿ ਰਹੀ ਸੀ ਕਿ ਇਹ ਥੋਡੇ ਲਾਲਚਾਂ ਦਾ ਨਤੀਜਾ ਹੈ। ਤੁਸੀਂ ਪਾਪੀਆਂ ਨੇ ਮੇਰੇ ਪੁੱਤ ਨੂੰ ਮਾਰ ਦਿੱਤਾ। ਕਰਮਾ ਆਪਣੀ ਜ਼ਿੰਦਗੀ ਦੀ ਤੜਫ ਅਤੇ ਪਰਿਵਾਰ ਦੇ ਪਾਪਾਂ ਦੀ ਬਲੀ ਚੜ ਚੁੱਕਿਆ ਸੀ।

# ਸਾਲ 3025 'ਚ ਕਿਹੋ ਜਿਹੀ ਹੋਵੇਗੀ ਦੁਨੀਆ; ਕਾਲੀ ਚਮੜੀ, ਛੋਟੇ ਕੱਦ ਤੇ ਛੋਟੇ ਦਿਮਾਗ ਨਾਲ ਕਿਹੋ ਜਿਹਾ ਦਿਖਾਈ ਦੇਵੇਗਾ ਇਨਸਾਨ?

**ਨਵੀਂ ਦਿੱਲੀ-** ਜਿਵੇਂ-ਜਿਵੇਂ ਤਕਨਾਲੋਜੀ ਤਰੱਕੀ ਕਰ ਰਹੀ ਹੈ, ਮਨੁੱਖਾਂ ਵਿੱਚ ਵੀ ਬਹੁਤ ਸਾਰੀਆਂ ਤਬਦੀਲੀਆਂ ਆ ਰਹੀਆਂ ਹਨ। ਤਕਨਾਲੋਜੀ, ਪੁਲਾੜ ਯਾਤਰਾ ਅਤੇ ਜਲਵਾਯੂ ਪਰਿਵਰਤਨ ਤਿੰਨ ਮੁੱਖ ਕਾਰਨ ਹਨ ਜਿਨ੍ਹਾਂ ਕਾਰਨ ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਚੀਜ਼ਾਂ ਕਾਰਨ ਮਨੁੱਖ ਵੀ ਬਹੁਤ ਬਦਲ ਜਾਣਗੇ। ਇੱਕ ਖੋਜ ਤੋਂ ਬਾਅਦ, ਅਮਰੀਕਾ, ਬ੍ਰਿਟੇਨ ਅਤੇ ਆਸਟ੍ਰੇਲੀਆ ਦੇ ਖੋਜਕਰਤਾਵਾਂ ਨੇ ਕਲਪਨਾ ਕੀਤੀ ਹੈ ਕਿ ਮਨੁੱਖੀ ਜਾਤੀ ਕਿਵੇਂ ਵਿਕਸਤ ਹੋ ਸਕਦੀ ਹੈ। ਯੂਨੀਵਰਸਿਟੀ ਕਾਲਜ ਆਫ਼ ਲੰਡਨ ਦੇ ਪ੍ਰੋਫੈਸਰ ਥਾਮਸ ਦਾ ਮੰਨਣਾ ਹੈ ਕਿ ਆਉਣ ਵਾਲੇ ਹਜ਼ਾਰ ਸਾਲਾਂ ਵਿੱਚ ਔਰਤਾਂ ਨੂੰ ਆਪਣੇ ਸਾਥੀ ਚੁਣਨ ਦੀ ਵਧੇਰੇ ਆਜ਼ਾਦੀ ਹੋਵੇਗੀ। ਫਿਰ ਔਰਤਾਂ ਉਨ੍ਹਾਂ ਮਰਦਾਂ ਨੂੰ ਚੁਣਨ ਦੀ ਜ਼ਿਆਦਾ ਸੰਭਾਵਨਾ ਰੱਖਣਗੀਆਂ ਜੋ ਸਫਲ, ਬੁੱਧੀਮਾਨ, ਸੋਹਣੇ-ਸੁਨੱਖੇ, ਜਾਂ ਹੋਰ ਆਕਰਸ਼ਕ ਗੁਣਾਂ ਵਾਲੇ ਹੋਣ। ਇਹ ਔਸਤ ਵਿਅਕਤੀ ਨੂੰ ਵਧੇਰੇ ਆਕਰਸ਼ਕ, ਸਫਲ, ਜਾਂ ਬੁੱਧੀਮਾਨ ਬਣਾ ਸਕਦਾ ਹੈ।

ਐਂਗਲੀਆ ਰਸਕਿਨ ਯੂਨੀਵਰਸਿਟੀ ਦੇ ਬਾਇ ਇਨਫਾਰਮੈਟਿਕਸ ਦੇ ਪ੍ਰੋਫੈਸਰ ਡਾ. ਜੇਸਨ ਹਾਜਸਨ ਦਾ ਮੰਨਣਾ ਹੈ ਕਿ ਭਵਿੱਖ ਵਿੱਚ ਮਨੁੱਖ ਹੋਰ ਵੀ ਸਮਾਨ ਦਿਖਾਈ ਦੇਣਗੇ। ਜਿਵੇਂ-ਜਿਵੇਂ ਮਨੁੱਖਤਾ ਵਧੇਰੇ ਮਿਸ਼ਰਤ ਹੁੰਦੀ ਜਾਵੇਗੀ ਅਤੇ ਸੱਭਿਆਚਾਰਕ ਜਾਂ ਨਸਲੀ ਰੁਕਾਵਟਾਂ ਟੁੱਟਣਗੀਆਂ, ਮਨੁੱਖੀ ਚਮੜੀ ਦਾ ਰੰਗ ਗੂੜ੍ਹਾ ਹੁੰਦਾ ਜਾਵੇਗਾ ਅਤੇ ਸਮਾਨਤਾਵਾਂ ਵਧਦੀਆਂ ਜਾਣਗੀਆਂ। ਆਉਣ ਵਾਲੇ ਸਮੇਂ ਵਿੱਚ ਅੰਤਰ-ਜਾਤੀ ਵਿਆਹ ਅਤੇ ਲੰਬੀ ਦੂਰੀ ਦਾ ਪ੍ਰਵਾਸ ਆਮ ਹੋਣ ਦੀ ਸੰਭਾਵਨਾ ਹੈ। ਪ੍ਰੋਫੈਸਰ ਥਾਮਸ ਦੇ ਅਨੁਸਾਰ, ਜਲਦੀ ਪਰਿਪੱਕਤਾ ਤੱਕ ਪਹੁੰਚਣ ਨਾਲ ਜੀਵਾਂ ਨੂੰ ਆਪਣੇ ਜੀਵਨ ਕਾਲ ਦੌਰਾਨ ਵਧੇਰੇ ਔਲਾਦ ਪੈਦਾ ਕਰਨ ਦੀ ਆਗਿਆ ਮਿਲਦੀ ਹੈ। ਪਰ ਜਲਦੀ ਪਰਿਪੱਕਤਾ ਨੂੰ ਛੋਟੇ ਕੱਦ ਨਾਲ ਜੋੜਿਆ ਗਿਆ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਜਲਦੀ ਪੱਕਣ ਵਾਲੇ ਲੋਕ ਜ਼ਿਆਦਾ ਬੱਚਿਆਂ ਨੂੰ ਜਨਮ ਦਿੰਦੇ ਹਨ, ਤਾਂ ਭਵਿੱਖ ਦੀ ਆਬਾਦੀ ਵਿੱਚ ਛੋਟੇ ਕੱਦ ਵਾਲੇ ਜੀਨ ਵੱਧ ਸਕਦੇ ਹਨ।

ਫ਼ੋਨ ਅਤੇ ਕੰਪਿਊਟਰ ਦੀ ਬਹੁਤ ਜ਼ਿਆਦਾ ਵਰਤੋਂ ਅਤੇ ਮਾੜੀ ਜੀਵਨ ਸ਼ੈਲੀ ਮਨੁੱਖਾਂ ਦੀ ਪਿੱਠ ਨੂੰ ਮੁੜਿਆ ਜਾਂ ਪੰਜੇ ਵਰਗੇ ਹੱਥ ਵਿਕਸਤ ਕਰ ਸਕਦੀ ਹੈ। ਨੀਂਦ ਦੀ ਘਾਟ ਸਰੀਰ ਵਿੱਚ ਵੱਡੀਆਂ ਤਬਦੀਲੀਆਂ ਲਿਆ ਸਕਦੀ ਹੈ।

ਨਿਊ ਸਾਊਥ ਵੇਲਜ਼ ਯੂਨੀਵਰਸਿਟੀ ਦੇ ਪ੍ਰੋਫੈਸਰ ਰੌਬਰਟ ਬਰੂਕਸ ਦੇ ਅਨੁਸਾਰ, ਸਮੇਂ ਦੇ ਨਾਲ ਮਨੁੱਖੀ ਦਿਮਾਗ ਛੋਟਾ ਹੋ ਸਕਦਾ ਹੈ। ਜਿਵੇਂ-ਜਿਵੇਂ ਕੰਪਿਊਟਰ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ 'ਤੇ ਕਬਜ਼ਾ ਕਰਦੇ ਹਨ ਅਤੇ ਤਕਨਾਲੋਜੀ 'ਤੇ ਨਿਰਭਰਤਾ ਵਧਦੀ ਜਾਂਦੀ ਹੈ, ਵੱਡੇ ਦਿਮਾਗ ਦਾ ਫਾਇਦਾ ਘੱਟਦਾ ਜਾਂਦਾ ਹੈ।


# ਤੇਜਿੰਦਰ ਚੰਡਿਹੋਕ ਦਾ 'ਤਾਂਘ ਮੁਹੱਬਤ ਦੀ' ਗ਼ਜ਼ਲ ਸੰਗ੍ਰਹਿ ਸਮਾਜਿਕਤਾ ਤੇ ਮੁਹੱਬਤ ਦਾ ਸੁਮੇਲ



ਉਜਾਗਰ ਸਿੰਘ
91-94178 13072

ਤੇਜਿੰਦਰ ਚੰਡਿਹੋਕ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਦੀਆਂ ਅੱਠ ਮੌਲਿਕ ਅਤੇ ਦੋ ਸੰਪਾਦਿਤ ਕੀਤੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚ ਤਿੰਨ ਕਾਵਿ ਸੰਗ੍ਰਹਿ, ਤਿੰਨ ਕਹਾਣੀ ਸੰਗ੍ਰਹਿ, ਇੱਕ ਸਮੀਖਿਆ ਸੰਗ੍ਰਹਿ, ਇੱਕ ਸਫਰਨਾਮਾ, ਇੱਕ ਵਾਰਤਕ ਤੇ ਇੱਕ ਸਿਮਰਤੀ ਸੰਗ੍ਰਹਿ ਸ਼ਾਮਲ ਹਨ। ਚਰਚਾ ਅਧੀਨ ਗ਼ਜ਼ਲ ਸੰਗ੍ਰਹਿ 'ਤਾਂਘ ਮੁਹੱਬਤ ਦੀ' ਉਸਦੀ ਗਿਆਰਵੀਂ ਪੁਸਤਕ ਹੈ। ਇਸ ਗ਼ਜ਼ਲ ਸੰਗ੍ਰਹਿ ਵਿੱਚ 69 ਗ਼ਜ਼ਲਾਂ ਸ਼ਾਮਲ ਹਨ। ਇਹ ਗ਼ਜ਼ਲਾਂ ਸਮਾਜਿਕ ਸਰੋਕਾਰਾਂ ਅਤੇ ਪਿਆਰ ਮੁਹੱਬਤ ਵਾਲੀਆਂ ਹਨ। ਗ਼ਜ਼ਲਗੋ ਨੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ ਪ੍ਰਭਾਵਤ ਹੋ ਕੇ ਆਪਣੀਆਂ ਭਾਵਨਾਵਾਂ ਨੂੰ ਗ਼ਜ਼ਲਾਂ ਵਿੱਚ ਪ੍ਰੋਸਿਆ ਹੈ। ਮੁੱਖ ਤੌਰ 'ਤੇ ਭਾਵੇਂ ਉਹ ਰੁਮਾਂਸਵਾਦੀ ਗ਼ਜ਼ਲਾਂ ਲਿਖਦਾ ਹੈ ਪ੍ਰੰਤੂ ਉਸਦੀ ਕਮਾਲ ਇਹ ਹੈ ਕਿ ਰੁਮਾਂਸਵਾਦੀ ਗ਼ਜ਼ਲਾਂ ਵਿੱਚ ਵੀ ਸਮਾਜਿਕਤਾ ਦੀ ਪਿਉਂਦ ਦੇ ਦਿੰਦਾ ਹੈ। ਇਸ ਕਰਕੇ ਹੀ ਇਸ ਗ਼ਜ਼ਲ ਸੰਗ੍ਰਹਿ ਨੂੰ ਸਮਾਜਿਕਤਾ ਅਤੇ ਮੁਹੱਬਤ ਦਾ ਸੁਮੇਲ ਕਿਹਾ ਜਾ ਸਕਦਾ ਹੈ। ਸਮਾਜਕ ਤਾਣੇ-ਬਾਣੇ ਵਿੱਚ ਜਿਹੜੀ ਵੀ ਘਟਨਾ ਜਾਂ ਪ੍ਰਕ੍ਰਿਆ ਸਮਾਜ ਵਿਰੋਧੀ ਹੈ, ਉਸ ਬਾਰੇ ਤੇਜਿੰਦਰ ਚੰਡਿਹੋਕ ਦੀ ਕਲਮ ਆਪ ਮੁਹਾਰੇ ਪ੍ਰਤੀਕ੍ਰਿਆ ਦਿੰਦੀ ਹੈ। ਸਮਾਜਿਕ ਸਰੋਕਾਰ ਉਸ ਦੀਆਂ ਬਹੁਤੀਆਂ ਗ਼ਜ਼ਲਾਂ ਦਾ ਵਿਸ਼ਾ ਬਣੇ ਹਨ, ਜਿਵੇਂ ਆਰਥਿਕ, ਸਮਾਜਿਕ, ਸਭਿਆਚਾਰਿਕ, ਵਾਤਾਵਰਨ, ਕਿਸਾਨੀ ਅਤੇ ਮਾਂ ਬੋਲੀ ਵਰਗੇ ਮਹੱਤਵਪੂਰਨ ਮੁੱਦੇ ਹਨ। ਧੋਖੇ, ਫ਼ਰੇਬ, ਲਾਲਚ, ਆਰਥਿਕ ਨਾ ਬਰਾਬਰੀ, ਖ਼ੁਦਗਰਜ਼ੀ, ਬੇਵਿਸ਼ਵਾਸੀ ਅਤੇ ਮਾਨਸਿਕ ਖੋਟਾਂ ਬਾਰੇ ਵੀ ਬਹੁਤ ਸਾਰੀਆਂ ਗ਼ਜ਼ਲਾਂ ਵਿੱਚ ਟਕੋਰਾਂ ਮਾਰਦਾ ਹੈ। ਕਿਸਾਨਾ, ਮਿਹਨਤਕਸ਼ਾਂ ਅਤੇ ਕਰੋਨਾ ਸੰਬੰਧੀ ਵੀ ਉਸਨੇ ਗ਼ਜ਼ਲਾਂ ਲਿਖੀਆਂ ਹਨ। ਸ਼ਾਇਰ ਨੂੰ ਮਾਨਵਤਾ ਦਾ ਦਰਦ ਮਹਿਸੂਸ ਹੁੰਦਾ ਹੈ, ਇਸ ਕਰਕੇ ਉਨ੍ਹਾਂ ਦੇ ਹਿੰਤਾਂ 'ਤੇ ਪਹਿਰਾ ਦੇਣ ਵਾਲੀਆਂ ਗ਼ਜ਼ਲਾਂ ਲਿਖਦਾ ਹੈ। ਰਾਜਨੀਤਕ ਲੋਕਾਂ ਦੀਆਂ ਗ਼ਲਤ ਬਿਆਨੀਆਂ ਅਤੇ ਵਾਅਦਿਆਂ ਤੋਂ ਮੁਕਰਨ ਵਰਗੀਆਂ ਗ਼ਲਤ ਹਰਕਤਾਂ ਸ਼ਾਇਰ ਦੀ ਕਲਮ ਲੋਕਾਈ ਨੂੰ ਵਿਦਰੋਹ ਕਰਨ ਲਈ ਪ੍ਰੇਰਤ ਕਰਦੀਆਂ ਹਨ। ਉਸ ਦੀਆਂ ਗ਼ਜ਼ਲਾਂ ਵਿੱਚ ਸੁਰ, ਤਾਲ ਅਤੇ ਲੈ ਬਾਕਾਇਦਾ ਹੈ। ਸ਼ਾਇਰ ਦੀਆਂ ਗ਼ਜ਼ਲਾਂ ਵਿੱਚ ਕਾਫ਼ੀਆ, ਰਦੀਫ਼ ਅਤੇ ਸੰਗੀਤ ਦੀ ਖ਼ੁਸ਼ਬੋ ਵੀ ਆਉਂਦੀ ਹੈ। ਭਾਵ ਗ਼ਜ਼ਲ ਉਸਨੂੰ ਲਿਖਣੀ ਆਉਂਦੀ ਹੈ। ਇਸ ਤੋਂ ਇਲਾਵਾ ਲੋਕਾਈ ਦੀ ਮਨ-ਮਸਤਿਕ ਵਿੱਚ ਜਿਹੜੀਆਂ ਲਹਿਰਾਂ ਚਲਦੀਆਂ ਹਨ, ਉਨ੍ਹਾਂ ਲਹਿਰਾਂ ਕਰਕੇ ਲੋਕਾਈ ਭਰਮ-ਭੁਲੇਖਿਆਂ ਦੇ ਚਕਰ ਵਿੱਚ ਉਲਝੀ ਰਹਿੰਦੀ ਹੈ, ਗ਼ਜ਼ਲਗੋ ਨੇ ਆਪਣੀਆਂ ਗ਼ਜ਼ਲਾਂ ਉਨ੍ਹਾਂ ਲਹਿਰਾਂ ਦੇ ਕੁਪ੍ਰਭਾਵ ਦਰਸਾਏ ਹਨ। ਇਸ ਗ਼ਜ਼ਲ ਸੰਗ੍ਰਹਿ ਦੀ ਪਹਿਲੀ ਗ਼ਜ਼ਲ 'ਤਮਾ ਆਦਮੀ ਦੀ..' ਵਿੱਚ ਸ਼ਾਇਰ ਨੇ ਦਰਸਾਇਆ ਹੈ ਕਿ ਮਨੁੱਖ ਦੀ ਲਾਲਸਾ ਕਦੇ ਵੀ ਪੂਰੀ ਨਹੀਂ ਹੁੰਦੀ, ਹਰ ਸਮੇਂ ਵਧਦੀ ਹੀ ਜਾਂਦੀ ਹੈ। ਉਹ ਤਮਾ ਨਾ ਪੂਰੀ ਹੁੰਦੀ ਹੈ ਅਤੇ ਨਾ ਹੀ ਮਰਦੀ ਹੈ, ਸਗੋਂ ਆਸ ਬਣੀ ਰਹਿੰਦੀ ਹੈ। ਇਸ ਲਈ ਉਸਨੂੰ ਆਸ਼ਾਵਾਦੀ ਸ਼ਾਇਰ ਕਿਹਾ ਜਾ ਸਕਦਾ ਹੈ। ਤੇਜਿੰਦਰ ਚੰਡਿਹੋਕ ਦੇ ਆਸ਼ਾਵਾਦੀ ਹੋਣ ਲਈ ਕੁਝ ਸ਼ਿਅਰਾਂ ਤੋਂ ਪਤਾ ਲੱਗਦਾ ਹੈ:

ਹਸਰਤਾਂ ਨੂੰ ਦਿਲ 'ਚ ਰੱਖਣਾ, ਤੇ ਤੁਰੀ ਜਾਣਾ,<br>
ਤੇਰਾ ਕਾਫ਼ਲੇ ਵਿੱਚ, ਮਿਲ ਜਾਣਾ ਮੁਬਾਰਕ।<br>
ਰੋਜ਼ ਮੰਜ਼ਲ ਵੱਲ ਟੁਰਨਾ ਜ਼ਿੰਦਗੀ,<br>
ਇੱਕ ਜਗ੍ਹਾ ਖੜ੍ਹ ਕੇ ਨ ਹੱਥ ਮਲਦਾ ਰਹੇ।









ਤੇਜਿੰਦਰ ਚੰਡਿਹੋਕ ਨਸੀਅਤ ਦਿੰਦਾ ਹੈ ਕਿ ਹਮੇਸ਼ਾ ਆਪਣੀ ਮੰਜ਼ਲ ਨੂੰ ਸਰ ਕਰਨ ਲਈ ਜਦੋਜਹਿਦ ਕਰਨੀ ਚਾਹੀਦੀ ਹੈ। ਇਕ-ਨਾ-ਇਕ ਦਿਨ ਸਫਲਤਾ ਜ਼ਰੂਰ ਮਿਲੇਗੀ। ਸ਼ਾਇਰ ਆਪਣੀ ਗ਼ਜ਼ਲ ਵਿੱਚ ਗੱਲ ਭਾਵੇਂ ਸੋਹਣੀ ਦੀ ਕਰਦਾ ਹੈ ਪ੍ਰੰਤੂ ਇਨਸਾਨ ਦੀ ਮਾਨਸਿਕਤਾ ਦਾ ਪ੍ਰਗਟਾਵਾ ਵੀ ਕਰਦਾ ਹੈ। ਸਿਆਸਤਦਾਨਾ ਦੀਆਂ ਕੋਝੀਆਂ ਕਾਰਵਾਈਆਂ ਬਾਰੇ ਗ਼ਜ਼ਲਗੋ ਨੇ ਆਪਣੀਆਂ 10 ਗ਼ਜ਼ਲਾਂ ਵਿੱਚ ਦਰਸਾਇਆ ਹੈ ਕਿ ਉਹ ਸਿਰਫ ਵੋਟਾਂ ਵਟੋਰਨ ਲਈ ਹੀ ਵਾਅਦੇ ਕਰਦੇ ਹਨ ਪ੍ਰੰਤੂ ਉਨ੍ਹਾਂ ਦੇ ਵਾਅਦੇ ਕਦੇ ਵੀ ਵਫ਼ਾ ਨਹੀਂ ਹੁੰਦੇ। ਲੋਕਾਂ ਨਾਲ ਉਨ੍ਹਾਂ ਨੂੰ ਕੋਈ ਹਮਦਰਦੀ ਨਹੀਂ ਹੁੰਦੀ। ਸ਼ਾਇਰ 'ਸਾਲ, ਮਹੀਨੇ, ਦਿਨ ਤਾਂ...' ਸਿਰਲੇਖ ਵਾਲੀ ਗ਼ਜ਼ਲ ਵਿੱਚ ਲਿਖਦਾ ਹੈ:

ਬੇਗ਼ੈਰਤ ਲੋਕਾਂ ਦਾ ਮੈਂ ਕੀ ਆਖਾਂ,<br>
ਲੋਕਾਂ ਦੇ ਮਸਲੇ ਕਦ ਸੁਲਝਾਵਣਗੇ।<br>
ਨੇਤਾ ਜਿੱਤ ਕੇ ਕੁਰਸੀ ਤੇ ਜਾ ਬੈਠਣ,<br>
ਜਨਤਾ ਦੇ ਉਹ ਕੰਮ ਕਦੋਂ ਆਵਣਗੇ।

'ਰੁੱਤ ਵੋਟਾਂ ਦੀ..' ਸਿਰਲੇਖ ਵਾਲੀ ਗ਼ਜ਼ਲ ਦੇ ਸ਼ਿਅਰ ਹਨ:

ਰੁੱਤ ਵੋਟਾਂ ਦੀ ਆਈ ਹੈ, ਖ਼ਲਕਤ ਮਗਰੇ ਲਾਈ ਹੈ।<br>
ਵਾਦੇ ਨਿਤ ਦਿਨ ਕਰਨ ਨਵੇਂ, ਟੁਕ ਜਨਤਾ ਨੂੰ ਪਾਈ ਹੈ।<br>
ਲੋਕਾਂ ਦਾ ਚੇਤਾ ਆਇਆ, ਨੇਤਾ ਜੋ ਹਰਜਾਈ ਹੈ।<br>
ਵੋਟਾਂ ਲੈ ਕੇ ਦਿਸਦੇ ਨਾ, ਕਿਹੜੀ ਜੁਗਤ ਬਣਾਈ ਹੈ।<br>
ਸਰਕਾਰ ਬਣਾ ਭਰਦੇ ਘਰ, ਜਨਤਾ ਬੁੱਧੂ ਬਣਾਈ ਹੈ।

ਸਮਾਜ ਵਿੱਚ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹੋ ਰਹੀਆਂ ਹਨ, ਜਿਹੜੀਆਂ ਇਨਸਾਨ ਦੇ ਇਨਸਾਨੀਅਤ ਤੋਂ ਦੂਰ ਹੋਣ ਨਾਲ ਸੰਬੰਧਤ ਹਨ। ਲੋਕ ਗਿਰਗਟ ਦੀ ਤਰ੍ਹਾਂ ਰੰਗ ਬਦਲਦੇ ਰਹਿੰਦੇ ਹਨ। ਗ਼ਜ਼ਲਗੋ ਨੂੰ ਇਸ ਜ਼ਮਾਨੇ ਦੀਆਂ ਹਰਕਤਾਂ ਅਸੰਜਮ ਵਿੱਚ ਪਹੁੰਚਾ ਰਹੀਆਂ ਹਨ। ਉਸਦਾ ਮਨ ਬੇਚੈਨ ਹੋ ਜਾਂਦਾ ਹੈ ਕਿਉਂਕਿ ਦੁਨੀਆਂ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੈ ਤੇ ਅਜਿਹੀ ਸਥਿਤੀ ਬਾਰੇ ਫਿਰ ਉਹ ਲਿਖਦਾ ਹੈ:

ਇਹ ਕੇਹਾ ਜ਼ਮਾਨਾ ਆਇਆ ਹੈ,<br>
ਕੁੱਲ ਦੁਨੀਆਂ ਰੂਪ ਵਟਾਇਆ ਹੈ।<br>
ਕੂੜ, ਕਪਟ ਹਰ ਥਾਂ ਹੈ ਫ਼ੈਲ ਰਿਹਾ,<br>
ਹੱਕ, ਸੱਚ ਤੇ ਨਿਆਂ ਦਾ ਸਫ਼ਾਇਆ ਹੈ।<br>
ਵਾੜ ਖੇਤ ਨੂੰ ਹੀ ਖਾਈ ਜਾਂਦੀ ਅਤੇ ਹਰ ਬੂਟਾ ਤ੍ਰਿਹਾਇਆ ਹੈ।

ਵਾਤਵਰਨ ਦੇ ਪ੍ਰਦੂਸ਼ਤ ਹੋਣ ਸੰਬੰਧੀ ਤੇਜਿੰਦਰ ਚੰਡਿਹੋਕ ਲਿਖਦਾ ਹੈ:

ਨਾ ਕਰ ਗੰਗਾ ਮੈਲੀ, ਕੁਝ ਹੋਸ਼ ਕਰ,<br>
ਪਵਿੱਤਰ ਨਦੀ ਹੈ, ਪਵਿੱਤਰ ਵਹਿਣ ਦੇ।<br>
ਫ਼ਿਜ਼ਾ ਵਿੱਚ ਜ਼ਹਿਰ ਜੋ ਘੋਲ ਰਿਹਾ ਹੈ,<br>
ਮੌਤ ਲਈ ਉਹ ਦਰ ਖੋਲ੍ਹ ਰਿਹਾ ਹੈ।

ਸੰਸਾਰ ਵਿੱਚ ਆਪੋ-ਧਾਪੀ ਪਈ ਹੈ। ਇਨਸਾਨ ਆਪਣੇ ਨੈਤਿਕਤਾ ਦੇ ਰਸਤੇ ਤੋਂ ਭਟਕਦਾ ਜਾਂਦਾ ਹੈ। ਕਿਸੇ ਤੇ ਇਤਬਾਰ ਕਰਨ ਤੋਂ ਡਰ ਲਗਦਾ ਹੈ। ਰਈਸ ਲੋਕਾਂ 'ਤੇ ਦੁਨੀਆਂਦਾਰੀ ਦਾ ਕੋਈ ਅਸਰ ਨਹੀਂ ਪੈਂਦਾ। ਉਹ ਆਪਣੀ ਹੈਸੀਅਤ ਨੂੰ ਵੱਡਾ ਸਮਝਦੇ ਹਨ। ਸੰਸਾਰ ਨਾਸ਼ਵਾਨ ਹੈ ਪ੍ਰੰਤੂ ਲੋਕ ਫਿਰ ਵੀ ਸਮਝਦੇ ਨਹੀਂ। ਉਹ ਲੋਕ ਹਓਮੈ ਦਾ ਸ਼ਿਕਾਰ ਹਨ। ਸ਼ਾਇਰ ਲਿਖਦਾ ਹੈ:

ਵਫ਼ਾ ਤਾਂ ਉਡ ਗਈ ਕਫ਼ੂਰ ਵਾਂਗ, ਬੇ ਵਫ਼ਾਈ ਤਾਂ ਬਹਾਨਾ ਹੋ ਗਿਆ।<br>
ਨਹੀਂ ਸਮਝੇ ਜਿਹੜੇ ਅਜੇ ਤੀਕਰ, ਵਕਤ ਦੀਆਂ ਚਾਲਾਂ ਨੂੰ,<br>
ਧੋਖਾ ਖਾਣਗੇ ਓਹ ਕਦੇ ਵੀ, ਸਾਡੇ ਤੁਰ ਜਾਣ ਤੋਂ ਮਗਰੋਂ।<br>
ਸਾਡੀ ਦੋਸਤੀ ਨੂੰ ਐਵੇਂ ਸਮਝਦੇ ਰਹੇ, ਖ਼ਾਤਰ ਜਿਨ੍ਹਾਂ ਦੀ ਦਾਅ 'ਤੇ ਲਾਣੀ ਚਾਹੀ।

ਲੋਕਾਂ ਦੇ ਦਿਲ ਪੱਥਰ ਹੁੰਦੇ ਜਾ ਰਹੇ ਹਨ। ਨੈਤਿਕਤਾ ਖੰਭ ਲਾ ਕੇ ਉਡ ਗਈ ਹੈ। ਇਨਸਾਨ ਨੂੰ ਸੱਚੇ ਸੁੱਚੇ ਦੋਸਤ ਬਣਾਉਣੇ ਚਾਹੀਦੇ ਹਨ। ਦੋਸਤ ਹੀ ਦੁੱਖ-ਸੁੱਖ ਵਿੱਚ ਖੜ੍ਹਦੇ ਹਨ। ਸਮਾਜਿਕ ਹਵਾ ਦਾ ਰੁੱਖ ਬਦਲ ਰਿਹਾ ਹੈ। ਲੋਕ ਇੱਕ ਦੂਜੇ ਨੂੰ ਮੋਹ ਕਰਨ ਦੀ ਥਾਂ ਦੁਰਕਾਰ ਰਹੇ ਹਨ। ਲੋਕਾਂ ਦੇ ਮਨਾ ਵਿੱਚ ਖੋਟਾਂ ਹਨ। ਨਫ਼ਰਤਾਂ ਤੇ ਜ਼ਾਤ ਪਾਤ ਦੇ ਬੀਜ ਬੋਏ ਜਾ ਰਹੇ ਹਨ। ਇਸ ਲਈ ਗ਼ਜ਼ਲਗੋ 'ਚੇਤਨਾ ਦੀਪ ਜਗਾਓ...' ਸਿਰਲੇਖ ਵਾਲੀ ਗ਼ਜ਼ਲ ਵਿੱਚ ਜ਼ਾਤ ਪਾਤ ਤੇ ਲਫ਼ਰਤਾਂ ਤੋਂ ਖਹਿੜਾ ਛੁਡਾਉਣ ਦੀ ਗੱਲ ਕਰਦਾ ਹੈ:

ਸਭ ਨੇ ਕੁਦਰਤ ਦੇ ਹੀ ਬੰਦੇ, ਜਾਤਾਂ ਸਭ ਮਿਟਾਓ ਮਿੱਤਰੋ।<br>
ਨਫ਼ਰਤ ਤੇ ਸਾੜੇ ਨੂੰ ਛੱਡੋ, ਜੀਵਨ ਸਹਿਜ ਬਣਾਓ ਮਿੱਤਰੋ।

ਸਮਾਜ ਵਿੱਚ ਚਾਰੇ ਪਾਸੇ ਲਾਲਚ ਪ੍ਰਧਾਨ ਹੋਇਆ ਪਿਆ ਹੈ। ਬੰਦੇ ਨੂੰ ਬੰਦਾ ਨਹੀਂ ਸਮਝਿਆ ਜਾਂਦਾ। ਨਿੱਜਤਾ ਮੋਹਰੀ ਬਣ ਗਈ ਹੈ। ਜਦੋਂ ਕਿ ਸਮਾਜਕ ਪ੍ਰਾਣੀ ਨੂੰ ਇੱਕ ਦੂਜੇ ਦੇ ਸਹਾਈ ਹੋਣਾ ਚਾਹੀਦਾ ਹੈ। ਲੋਕਾਂ ਵਿੱਚ ਪਿਆਰ ਦੀ ਥਾਂ ਕਿਰਦਾਰ ਬਦਲ ਗਏ ਹਨ। ਸ਼ਾਇਰ ਲਿਖਦਾ ਹੈ:

ਕੀਮਤ ਬੰਦੇ ਦੀ ਹੈ ਜ਼ੀਰੋ ਅੱਜ,<br>
ਪਰ ਕਿਸੇ 'ਤੇ ਇਤਬਾਰ ਨਹੀਂ ਹੈ।<br>
ਪੈਸੇ ਦੀ ਹੀ ਸਭ ਦਿਲਦਾਰੀ ਏ,<br>
ਉਂਜ ਕੋਈ ਵੀ ਦਿਲਦਾਰ ਨਹੀਂ।<br>
ਹੁਣ ਤਾਂ ਸਭ ਆਵਾ ਊਤ ਗਿਆ ਬਸ,<br>
ਚੰਡਿਹੋਕ ਖਿੜਦਾ ਗੁਲਜ਼ਾਰ ਨਹੀਂ ਹੈ।<br>
ਸਾਇੰਸ ਤਰੱਕੀ ਕਰਕੇ ਹੁਣ ਤਾਂ,<br>
ਬੰਦੇ ਦੇ ਅੰਗ ਬਦਲਦੇ ਵੇਖੇ।<br>
ਭੀੜ ਪਈ ਤੋਂ ਜਗ ਅੰਦਰ ਮੈਂ ਤਾਂ,<br>
ਲੋਕਾਂ ਦੇ ਢੰਗ ਬਦਲਦੇ ਵੇਖੇ।

ਤੇਜਿੰਦਰ ਚੰਡਿਹੋਕ ਨੇ ਪਿਆਰ, ਮੁਹੱਬਤ ਅਤੇ ਇਸ਼ਕ ਨਾਲ ਸੰਬੰਧਤ ਰੁਮਾਂਟਿਕ ਗ਼ਜ਼ਲਾਂ ਲਿਖੀਆਂ ਪ੍ਰੰਤੂ ਉਸ ਦੀਆਂ ਗ਼ਜ਼ਲਾਂ ਵਿੱਚ ਇਸ਼ਕ ਦਾ ਰੰਗ ਵੀ ਵੱਖਰਾ ਤੇ ਨਿਵੇਕਲਾ ਹੈ ਜਿਵੇਂ:

ਆਸ਼ਕ ਗਾਉਣ ਗੀਤ ਇਸ਼ਕ ਦੇ ਮਹਿਬੂਬਾ ਖ਼ਾਤਿਰ,<br>
ਗ਼ਪਰ ਨਾ ਪਤਾ ਉਹਨਾਂ ਨੂੰ ਮਾਅਨੇ ਏਸ ਤਰਾਨੇ ਦੇ।<br>
ਦਿਲ ਤਾਂ ਦਿਲ ਦੇ ਕੈਨਵਸ ਉਪਰ, ਉਸਨੂੰ ਰੱਖਿਆ ਹੈ,<br>
ਉਸਨੇ ਪਰ ਪਿਆਰ ਮੇਰੇ ਨੂੰ, ਹਰ ਪਲ ਪਰਖਿਆ ਹੈ।<br>
ਛੇੜੀ ਜਦ ਵੀ ਗੱਲ ਕਿਸੇ ਨੇ ਇਸ਼ਕ ਮੁਹੱਬਤ ਦੀ,<br>
ਮਹਿਫ਼ਲ ਵਿੱਚ ਯਾਰਾਂ ਦੀ ਤਦੋਂ ਹੀ ਮਸਲਾ ਭਖਿਆ ਹੈ।


88 ਪੰਨਿਆਂ, 250 ਰੁਪਏ ਕੀਮਤ ਵਾਲਾ ਇਹ ਗ਼ਜ਼ਲ ਸੰਗ੍ਰਹਿ ਤਾਲਿਫ਼ ਪ੍ਰਕਾਸ਼ਨਾ, ਅਗਰਸੈਨ ਚੌਕ ਬਰਨਾਲਾ ਨੇ ਪ੍ਰਕਾਸ਼ਤ ਕੀਤਾ ਹੈ। ***ਸੰਪਰਕ ਤੇਜਿੰਦਰ ਚੰਡਿਹੋਕ: 950100224***

# ਜਸਵਿੰਦਰ ਪੰਜਾਬੀ ਦਾ ਨਾਵਲ 'ਮੁਰਗਾਬੀਆਂ' ਸਮਾਜਿਕ ਤੇ ਸਾਹਿਤਕ ਗੰਧਲਾਪਣ ਦਾ ਪ੍ਰਗਟਾਵਾ



ਉਜਾਗਰ ਸਿੰਘ
91-94178 13072

ਜਸਵਿੰਦਰ ਪੰਜਾਬੀ ਨਿਵੇਕਲੀ ਕਿਸਮ ਦੇ ਵਿਸ਼ਿਆਂ 'ਤੇ ਲਿਖਣ ਵਾਲਾ ਸਾਹਿਤਕਾਰ ਹੈ। ਉਸ ਦੀਆਂ 8 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਤਿੰਨ ਵਾਰਤਕ, ਦੋ ਕਾਵਿ ਸੰਗ੍ਰਹਿ, ਇੱਕ ਕਹਾਣੀ ਸੰਗ੍ਰਹਿ ਸਾਰੀਆਂ ਸੰਪਾਦਿਤ ਕੀਤੀਆਂ ਪੁਸਤਕਾਂ ਅਤੇ ਇੱਕ ਮੌਲਿਕ 'ਕਾਵਿ ਸਾਂਝਾਂ' ਕਾਵਿ ਸੰਗ੍ਰਹਿ ਪ੍ਰਕਾਸ਼ਤ ਸ਼ਾਮਲ ਹਨ। ਇੱਕ ਸੱਚੀਆਂ ਘਟਨਾਵਾਂ 'ਤੇ ਅਧਾਰਤ ਵਾਰਤਕ ਦੀ ਪੁਸਤਕ ਪ੍ਰਕਾਸ਼ਤ ਹੋਈ ਹੈ। ਭਾਵੇਂ ਜਸਵਿੰਦਰ ਪੰਜਾਬੀ ਦਾ 'ਮੁਰਗਾਬੀਆਂ' ਪਲੇਠਾ ਨਾਵਲ ਹੈ, ਪ੍ਰੰਤੂ ਇਹ ਪੰਜਾਬੀ ਦੇ ਸਾਹਿਤਕ ਭਾਈਚਾਰੇ ਵਿੱਚ ਤਹਿਲਕਾ ਮਚਾਉਣ ਦੇ ਸਮਰੱਥ ਹੈ। ਇਹ ਨਾਵਲ ਪੜ੍ਹਕੇ ਲੜਕੀਆਂ/ਇਸਤਰੀਆਂ ਦਾ ਸ਼ੋਸ਼ਣ ਕਰਨ ਵਾਲੇ ਭਵਿਖ ਵਿੱਚ ਅਜਿਹੀਆਂ ਕਰਤੂਤਾਂ ਕਰਨ ਤੋਂ ਪਹਿਲਾਂ ਸੌ ਵਾਰ ਜ਼ਰੂਰ ਸੋਚਣਗੇ। ਲੜਕੀਆਂ/ਇਸਤਰੀਆਂ ਵੀ ਅਜਿਹੀ ਦਲਦਲ ਵਿੱਚ ਜਾਣ ਤੋਂ ਝਿਜਕਣਗੀਆਂ। ਇਸ ਦਾ ਭਾਵ ਤਾਂ ਇਹ ਹੋਇਆ ਕਿ ਇਹ ਨਾਵਲ ਸਮਾਜ ਦੀ ਸੋਚ ਵਿੱਚ ਮਹੱਤਵਪੂਰਨ ਤਬਦੀਲੀ ਲਿਆ ਸਕਦਾ ਹੈ। ਜਸਵਿੰਦਰ ਪੰਜਾਬੀ ਨੇ ਇਹ ਨਾਵਲ ਬਹੁਤ ਹੀ ਗੰਭੀਰ, ਸੰਜੀਦਾ ਅਤੇ ਨਿਵੇਕਲੇ ਵਿਸ਼ਿਆਂ ਨੂੰ ਮੁੱਖ ਰੱਖਕੇ ਲਿਖਿਆ ਹੈ। ਇਨ੍ਹਾਂ ਵਿਸ਼ਿਆਂ 'ਤੇ ਉਸਨੇ ਇਤਨੀ ਬੇਬਾਕੀ ਨਾਲ ਲਿਖਿਆ ਹੈ ਕਿ ਹੋ ਸਕਦਾ ਬਹੁਤ ਸਾਰੇ ਲੇਖਕਾਂ/ਲੋਕਾਂ ਨੂੰ ਇਸ ਵਿਚਲੀਆਂ ਗੱਲਾਂ ਚੁਭਵੀਆਂ ਵੀ ਲੱਗਣ ਕਿਉਂਕਿ ਸੱਚ ਨੂੰ ਬਰਦਾਸ਼ਤ ਕਰਨਾ ਔਖਾ ਲੱਗਦਾ ਹੁੰਦਾ ਹੈ, ਪ੍ਰੰਤੂ ਮੇਰੇ ਖਿਆਲ ਮੁਤਾਬਕ ਇੱਕ ਕਿਸਮ ਨਾਲ ਸਮਾਜਿਕ ਤੇ ਸਾਹਿਤਕ ਗੰਧਲੇਪਣ ਨੂੰ ਦੂਰ ਕਰਨ ਲਈ ਇਹ ਨਾਵਲ ਇੱਕ ਚੇਤਾਵਨੀ ਦੇ ਤੌਰ 'ਤੇ ਲਿਆ ਜਾਣਾ ਚਾਹੀਦਾ ਹੈ। ਹੋ ਸਕਦਾ ਸੰਬੰਧਤ ਲੋਕ ਆਪਣੇ ਆਪ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਲੈਣ। ਆਮ ਤੌਰ 'ਤੇ ਜੇਕਰ ਕਿਸੇ ਗੱਲ ਵਿੱਚ ਥੋੜ੍ਹੀ ਬਹੁਤੀ ਸਚਾਈ ਹੋਵੇ ਜਾਂ ਸਚਾਈ ਦੇ ਨੇੜੇ-ਤੇੜੇ ਹੋਵੇ ਤਾਂ ਉਸਦਾ ਸੇਕ ਕੁਝ ਪ੍ਰਭਾਵਤ ਲੋਕਾਂ ਨੂੰ ਜ਼ਰੂਰ ਲੱਗਦਾ ਹੈ, ਪ੍ਰੰਤੂ ਇਸ ਸੇਕ ਨੂੰ ਉਸਾਰੂ ਤੌਰ 'ਤੇ ਲੈਣਾ ਚਾਹੀਦਾ ਹੈ। ਵਰਤਮਾਨ ਸਮੇਂ ਅਜਿਹੇ ਨਾਵਲ ਦੀ ਲੋੜ ਸੀ ਕਿਉਂਕਿ ਸਮਾਜ ਦੀ ਮਾਨਸਿਕ ਅਵਸਥਾ ਬਹੁਤ ਹੀ ਨੀਵੇਂ ਪੱਧਰ 'ਤੇ ਪਹੁੰਚ ਚੁੱਕੀ ਹੈ। ਨਾਵਲ ਦਾ ਨਾਮ 'ਮੁਰਗਾਬੀਆਂ' ਇਸਤਰੀਆਂ ਲਈ ਵਰਤਿਆ ਗਿਆ, ਜਿਨ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੈ। ਸਾਰਾ ਨਾਵਲ ਸ਼ੋਸ਼ਣ ਖਾਸ ਤੌਰ 'ਤੇ ਸਾਹਿਤਕ, ਸਮਾਜਿਕ ਅਤੇ ਲੜਕੀਆਂ/ਇਸਤਰੀਆਂ ਦੇ ਸ਼ੋਸ਼ਣ ਦੇ ਆਲੇ ਦੁਆਲੇ ਘੁੰਮਦਾ ਹੈ। ਇਹ ਸ਼ੋਸ਼ਣ ਦਿਹਾਤੀ ਅਤੇ ਸ਼ਹਿਰੀ ਦੋਹਾਂ ਖੇਤਰਾਂ ਵਿੱਚ ਹੋ ਰਿਹਾ ਹੈ, ਭਾਵੇਂ ਉਨ੍ਹਾਂ ਦੇ ਢੰਗ ਵੱਖਰੇ ਹਨ। ਜਸਵਿੰਦਰ ਪੰਜਾਬੀ ਖੁਦ ਇੱਕ ਸਾਹਿਤਕਾਰ ਤੇ ਪ੍ਰਕਾਸ਼ਕ ਹੈ, ਹੋ ਸਕਦਾ ਉਸਨੂੰ ਸਾਹਿਤਕਾਰਾਂ ਅਤੇ ਪ੍ਰਕਾਸ਼ਕਾਂ ਵੱਲੋਂ ਪੁਸਤਕਾਂ ਪ੍ਰਕਾਸ਼ਤ ਕਰਵਾਉਣ ਲਈ ਵਰਤੇ ਜਾਂਦੇ ਹੱਥ ਕੰਡਿਆਂ ਬਾਰੇ ਵਧੇਰੇ ਸਾਰਥਿਕ ਜਾਣਕਾਰੀ ਹੋਵੇ, ਇਸ ਕਰਕੇ ਹੀ ਉਸ ਨੇ ਬੜੀ ਬਾਰੀਕੀ ਨਾਲ ਸਾਹਿਤਕ ਖੇਤਰ ਵਿੱਚ ਉਭਰਦੀਆਂ ਨੌਜਵਾਨ ਲੜਕੀਆਂ ਨੂੰ ਅਖ਼ਬਾਰਾਂ/ ਰਸਾਲਿਆਂ/ ਪੁਸਤਕਾਂ ਵਿੱਚ ਛਪਣ/ਪ੍ਰਕਾਸ਼ਤ ਕਰਵਾਉਣ ਅਤੇ ਇਨਾਮ ਦਿਵਾਉਣ ਦੇ ਲਈ ਪੁਸਤਕਾਂ 'ਤੇ ਚਰਚਾਵਾਂ ਕਰਵਾਕੇ, ਖ਼ਬਰਾਂ ਲਗਵਾ ਕੇ ਲੋਕ ਆਪਣੇ ਜਾਲ ਵਿੱਚ ਫਸਾ ਲੈਂਦੇ ਹੋਣ। ਲੜਕੀਆਂ/ਇਸਤਰੀਆਂ ਦੀਆਂ ਮਜ਼ਬੂਰੀਆਂ ਅਤੇ ਜਲਦੀ ਸਥਾਪਤ ਹੋਣ ਦੀ ਲਾਲਸਾ ਉਨ੍ਹਾਂ ਦੇ ਭੰਬਲਭੂਸੇ ਵਿੱਚ ਪੈਣ ਦਾ ਕਾਰਨ ਬਣਦੀਆਂ ਹਨ। ਅਜਿਹੇ ਮੌਕੇ 'ਤੇ ਉਹ ਇੱਕ ਦੂਜੀ ਨੂੰ ਅਖੌਤੀ ਸਾਹਿਤਕਾਰਾਂ ਵੱਲੋਂ ਆਪਣੀ ਦੋਸਤ ਬਣਾਉਣ 'ਤੇ ਉਨ੍ਹਾਂ ਨਾਲ ਖ਼ਾਰ ਵੀ ਖਾਂਦੀਆਂ ਹਨ। ਸਮਾਜ ਦੇ ਹਰ ਵਰਗ ਵਿੱਚ ਚੰਗੇ ਤੇ ਮਾੜੇ ਦੋਵੇਂ ਤਰ੍ਹਾਂ ਦੇ ਬੰਦੇ ਹੁੰਦੇ ਹਨ। ਜਿਵੇਂ ਗੁਰਿੰਦਰ ਪਾਲ ਜ਼ਖ਼ਮੀ, ਦਵਿੰਦਰ ਪ੍ਰਵਾਨਾ, ਪ੍ਰੀਤਮ ਦਰਦੀ, ਪ੍ਰੋ.ਤਰਵਿੰਦਰ ਅਲੌਕਿਕ, ਪਰਿੰਦਾ, ਰੂਪ, ਪ੍ਰੋਫ਼ੈਸਰ ਗੁਰਮੇਲ, ਬਹਾਦਰ ਸਿੰਘ ਸਿੱਧੂ, ਰਾਮਿੰਦਰ ਰਮਨ, ਕਿਰਨ ਜੋਤੀ, ਪ੍ਰੀਤਜੀਤ ਵਰਗੇ ਬੁਰੇ ਕਿਰਦਾਰ ਵਾਲੇ ਤੇ ਰਿਖੀਦੇਵ ਤੇ ਪ੍ਰੀਤਜੀਤ ਭਰਾ ਭੈਣ ਦੇ ਰਿਸ਼ਤੇ ਅਧੀਨ ਅਜਿਹੇ ਪਵਿਤਰ ਰਿਸ਼ਤੇ ਨੂੰ ਦਾਗ਼ਦਾਰ ਕਰਨ ਵਾਲੇ। ਇਸ ਦੇ ਮੁਕਾਬਲੇ ਜੀਵਨ ਵਾਰਸੀ, ਮਨਦੀਪ, ਗੁਰਕੀਰਤ ਤੇ ਗੁਰਨੈਬ ਵਰਗੇ ਚੰਗੇ ਕਿਰਦਾਰ ਵਾਲੇ ਲੋਕ ਵੀ ਹੁੰਦੇ ਹਨ। ਇਹ ਪਹਿਲਾਂ ਸੁਣੀਂਦਾ ਸੀ ਕਿ ਸਾਹਿਤਕਾਰ ਦੋਹਰੇ ਕਿਰਦਾਰ ਵਾਲੇ ਠਰਕੀ ਹੁੰਦੇ ਹਨ। ਉਹ ਵਿਖਾਵਾ ਕੁਝ ਹੋਰ ਕਰਦੇ ਹਨ ਪ੍ਰੰਤੂ ਅਮਲੀ ਤੌਰ 'ਤੇ ਬਿਲਕੁਲ ਉਲਟ ਹੁੰਦੇ ਹਨ। ਇਹ ਨਾਵਲ ਪੜ੍ਹਕੇ ਕਾਫੀ ਨਵੀਂ ਜਾਣਕਾਰੀ ਮਿਲੀ ਹੈ। ਗ਼ਲਤ ਸੋਚ ਵਾਲੇ ਮਾੜੇ ਬੰਦੇ ਕੰਮ ਵੀ ਮਾੜੇ ਕਰਦੇ ਹਨ ਪ੍ਰੰਤੂ ਸਿਆਸੀ ਪਹੁੰਚ ਕਰਕੇ ਉਹ ਫਸਦੇ ਵੀ ਨਹੀ, ਸਗੋਂ ਆਪਣਾ ਬਚਾਆ ਵੀ ਕਰ ਲੈਂਦੇ ਹਨ। ਨਾਵਲ ਪੜ੍ਹਕੇ ਸੱਚ ਲੱਗਣ ਲੱਗਿਆ ਕਿ ਇਹ ਸਮਾਜ ਲਈ ਕਲੰਕ ਹੁੰਦੇ ਹਨ। ਜਸਵਿੰਦਰ ਪੰਜਾਬੀ ਨੇ ਦੋਹਾਂ ਦਾ ਪਰਦਾ ਫਾਸ਼ ਕੀਤਾ ਹੈ। ਕੁਝ ਕੁ ਸਾਹਿਤਕਾਰਾਂ ਦੀ ਧੜੇਬੰਦੀ, ਸ਼ਰਾਬ ਦੀ ਆਦਤ ਅਤੇ ਲੜਕੀਆਂ/ਇਸਤਰੀਆਂ ਦੇ ਸ਼ੋਸ਼ਣ ਕਰਨ ਨੂੰ ਵੀ ਉਛਾਲਿਆ ਗਿਆ ਹੈ, ਜੋ ਸਮੁਚੇ ਵਰਗ ਦੀ ਬਦਨਾਮੀ ਦਾ ਕਾਰਨ ਬਣਦੇ ਹਨ। ਸਾਰੇ ਭਾਵੇਂ ਮਾੜੇ ਨਹੀਂ ਹੁੰਦੇ ਪ੍ਰੰਤੂ ਜਿਵੇਂ ਇੱਕ ਮੱਛੀ ਸਾਰੇ ਤਲਾਅ ਨੂੰ ਗੰਦਾ ਕਰਨ ਦੀ ਸਮਰੱਥਾ ਰੱਖਦੀ ਹੁੰਦੀ ਹੈ, ਏਸੇ ਤਰ੍ਹਾਂ ਇਹ ਲੋਕ ਸਮੁੱਚੇ ਭਾਈਚਾਰੇ ਨੂੰ ਬਦਨਾਮ ਕਰਦੇ ਹਨ। ਨਾਵਲ ਵਿੱਚ ਦਰਸਾਇਆ ਗਿਆ ਹੈ ਕਿ ਪ੍ਰਵਾਸੀ ਸਾਹਿਤਕ ਲੋਕਾਂ ਦਾ ਇਹ ਲੋਕ ਨਜ਼ਾਇਜ਼ ਲਾਭ ਵੀ ਉਠਾਕੇ ਆਪਣੀ ਹਵਸ ਦੀ ਪੂਰਤੀ ਕਰਦੇ ਹਨ। ਸਾਹਿਤਕ ਲੜਕੀਆਂ/ਇਸਤਰੀਆਂ ਦੀਆਂ ਰੁਚੀਆਂ ਦੀ ਸਮਾਨਤਾ ਵੀ ਦਰਸਾਈ ਗਈ ਹੈ। ਜਸਵਿੰਦਰ ਪੰਜਾਬੀ ਨੇ ਸਾਹਿਤਕ ਤੇ ਸਮਾਜਿਕ ਗੰਧਲੇਪਣ ਦਾ ਕੱਚਾ ਚਿੱਠਾ ਸਾਹਮਣੇ ਲਿਆ ਦਿੱਤਾ ਹੈ। ਫੇਸ ਬੁੱਕੀ ਸਾਹਿਤਕਾਰਾਂ ਦੀ ਅਨੋਖੀ ਦੁਨੀਆਂ ਹੁੰਦੀ ਹੈ, ਜਿਹੜੀ ਅਸਲੀਅਤ ਤੋਂ ਬਹੁਤ ਦੂਰ ਹੁੰਦੀ ਹੈ, ਉਸਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ। ਡੇਰਿਆਂ ਵਾਲੇ ਪਰਿਵਾਰ ਵੀ ਆਪਸੀ ਸਾਂਝ, ਇੱਕੋ ਡੇਰੇ ਦੇ ਸਮਰਥਕ ਹੋਣ ਕਰਕੇ ਵਧਾ ਲੈਂਦੇ ਹਨ ਤੇ ਫਿਰ ਲੜਕੀਆਂ/ਇਸਤਰੀਆਂ ਦਾ ਸ਼ੋਸ਼ਣ ਕਰਦੇ ਹਨ। ਨਾਵਲਕਾਰ ਨੇ ਉਨ੍ਹਾਂ ਦੇ ਪਰਦੇ ਫਾਸ਼ ਕਰਨ ਦੀ ਵੀ ਹਿੰਮਤ ਕੀਤੀ ਹੈ। ਨਾਵਲਕਾਰ ਨੇ ਲੜਕੀਆਂ/ਇਸਤਰੀਆਂ ਦੇ ਦੋਵੇਂ ਰੂਪ ਦਰਸਾਏ ਹਨ, ਗ਼ਲਤ ਰਸਤੇ ਪਈਆਂ ਇਸਤਰੀਆਂ ਦੀ ਬਗ਼ਾਬਤ ਵੀ ਖ਼ੂੰਖ਼ਾਰ ਵਿਖਾਈ ਹੈ। ਫਿਰ ਉਹ ਹਰ ਹੱਦ ਬੰਨਾ ਪਾਰ ਕਰਨ ਲਈ ਝਿਜਕਦੀਆਂ ਨਹੀਂ, ਜਿਵੇਂ ਰਮਿੰਦਰ ਰਮਨ ਅਤੇ ਕਿਰਨ ਜੋਤੀ ਕਰਦੀਆਂ ਹਨ। ਪੜ੍ਹੇ ਲਿਖੇ ਲੋਕਾਂ ਦਾ ਜਾਤ ਪਾਤ ਦੇ ਜੰਜ਼ਾਲ ਵਿੱਚ ਫਸੇ ਹੋਣ ਬਾਰੇ ਵੀ ਲਿਖਿਆ ਹੈ। ਸਮਾਜ ਸੁਧਾਰਨ ਦਾ ਹੋਕਾ ਦੇਣ ਵਾਲੇ ਮਖੌਟੇ ਪਾਈ ਫਿਰਦੇ ਹਨ। ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿੱਚ ਕਵਿਤਰੀਆਂ









(ਬਾਕੀ ਅਗਲੇ ਸਫੇ 'ਤੇ)

# ਜੈਤੋ ਦਾ ਮੋਰਚਾ (21 ਫਰਵਰੀ)

## ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ



ਸਿੱਖ ਧਰਮ ਅਤੇ ਰਾਜਨੀਤੀ ਦੁਨੀਆਂ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ ਕੌਮ ਦੀ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜ਼ਾਲਮ ਹੁਕਮਰਾਨਾਂ ਦੇ ਅਣ-ਮਨੁੱਖੀ ਤਸੀਹੇ ਆਪਣੇ ਤਨ 'ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ। ਪਰ ਸਿੱਖਾਂ ਨੇ ਹਰ ਜੁਲਮ ਅਤੇ ਤਸ਼ੱਦਦ ਦੇ ਕੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਇਹਨਾਂ ਵਿਚ ਕਿਹੜੀ ਸ਼ਕਤੀ ਹੈ ਜੋ ਹੱਸ ਹੱਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸ਼ਰਧਾ ਨਾਲ ਗੁਰਧਾਮਾਂ ਦੇ ਨਾਉਂ ਬੜੀ ਸੰਪਤੀ ਲਗਵਾਈ ਅਤੇ ਉਹਨਾਂ ਦੀ ਖੂਬਸੂਰਤ ਦਿਖ ਵੀ ਬਣਾਈ। ਪਰ ਅੰਦਰੂਨੀ ਤੌਰ ਤੇ ਠਾਕੁਰਦੁਆਰਾ ਮਰਿਆਦਾ ਹੀ ਪ੍ਰਚੱਲਿਤ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਤੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖੀ ਤਾਕਤ ਨੂੰ ਠੋਸ ਪਹੁੰਚਾਉਣ ਦੀ ਸਾਜਿਸ਼ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ ਹਕੂਮਤ ਦੀ ਸ਼ਹਿ 'ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਜਿਸ ਨਾਲ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। 'ਜੈਤੋ ਦਾ ਮੋਰਚਾ' ਵੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਕਿ 28 ਸਾਲਾਂ ਦੇ ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ ਖੁੱਲ੍ਹੇ ਵਿਚਾਰਾਂ ਦਾ ਕੌਮਪ੍ਰਸਤ ਨੌਜਵਾਨ ਸੀ। ਉਹ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦਾ ਸੀ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦਾ ਸੀ। ਅੰਗਰੇਜ਼ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਵਿਰੋਧਤਾ ਕਰਦਾ ਸੀ। ਅਕਾਲੀ ਲਹਿਰਾਂ ਦਾ ਵੀ ਸਮਰਥਕ ਸੀ। ਜਦੋਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸਦਾ ਸਵਾਗਤ ਕੀਤਾ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦਿੰਦੇ ਹੋਏ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਰਕਾਰ ਮਹਾਰਾਜ ਦਾ ਸਿੱਖਾਂ ਨਾਲ ਚੰਗਾ ਸਬੰਧ ਹੋਣ ਤੇ ਔਖੀ ਸੀ ਤੇ ਬਹਾਨੇ ਦੀ ਤਲਾਸ਼ ਵਿਚ ਸੀ। ਸੰਗਤ ਨੇ ਅਨੁਭਵ ਕੀਤਾ ਕਿ ਇਹ ਅੰਗਰੇਜ਼ੀ ਹਕੂਮਤ ਦਾ ਸਿੱਖ ਧਰਮ ਵਿਚ ਸਿੱਧਾ ਦਖਲ ਹੈ। ਸ਼੍ਰੋਮਣੀ ਕਮੇਟ ਨੇ ਅਗਸਤ 5, 1923 ਨੂੰ ਮਹਾਰਾਜਾ ਦੀ ਬਹਾਲੀ ਦਾ ਮਤਾ ਪਾਸ ਕੀਤਾ। ਇਹ ਫੈਸਲਾ ਵੀ ਹੋਇਆ ਕਿ 25, 26 ਅਤੇ 27 ਅਗਸਤ 1923 ਨੂੰ ਗੁਰਦੁਆਰਾ ਗੰਗ ਸਾਹਿਬ ਵਿਖੇ ਦੀਵਾਨ ਸਜਾ ਕੇ ਪਾਠ ਕੀਤਾ ਜਾਵੇ। ਉਸੇ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ 1, 1923 ਨੂੰ ਸ਼੍ਰੋਮਣੀ ਕਮੇਟੀ ਨੇ ਫਿਰ ਸਿੰਘਾਂ ਨੂੰ ਪਾਠ ਕਰਨ ਭੇਜਿਆ। ਸਰਕਾਰੀ ਅਫਸਰਾਂ ਨੇ ਫਿਰ ਪਾਠੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

14 ਸਤੰਬਰ, 1923 ਨੂੰ ਇਸ ਪਾਠ ਖੰਡਿਤ ਦੀ ਘਟਨਾ ਨੇ ਰਾਜਨੀਤਿਕ ਅਤੇ ਧਾਰਮਿਕ ਰੰਗਤ ਫੜ ਲਈ। ਇਸ ਦੇ ਨਾਲ ਹੀ 'ਜੈਤੋ ਦਾ ਮੋਰਚਾ' ਆਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਮਾ ਚੱਲਿਆ। ਜੋ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ।

15 ਸਤੰਬਰ 1923 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25-25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਹੋ ਗਏ। ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰ ਕੁੱਟ ਕਰਕੇ ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਸਿੰਘ ਫਿਰ ਤੋਂ ਜਥੇ ਵਿਚ ਸ਼ਾਮਲ ਹੋਣ ਲਈ ਚਲੇ ਜਾਂਦੇ। ਲੱਗਭੱਗ 5 ਮਹੀਨੇ ਜਥਿਆਂ ਦੀਆਂ ਗ੍ਰਿਫਤਾਰੀਆਂ ਹੁੰਦੀਆਂ ਰਹੀਆਂ। ਇਸ ਮੋਰਚੇ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਈ ਜਾ ਰਹੀ ਸੀ। ਅੰਗਰੇਜ਼ ਸਰਕਾਰ ਨੇ ਇਹਨਾਂ ਦੋਹਾਂ ਜਥੇਬੰਦੀਆਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਸਿਰਕੱਢ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੂੰ ਬਾਗੀ ਕਰਾਰ ਦੇ ਕੇ ਸਜ਼ਾਵਾਂ ਅਤੇ ਜੁਰਮਾਨਾ ਕੀਤਾ।

ਦੂਜੇ ਪੜਾਅ ਵਿਚ 500-500 ਸਿੰਘਾਂ ਦਾ ਜਥਾ ਭੇਜੇ ਜਾਣ ਦਾ ਫੈਸਲਾ ਹੋਇਆ। ਤਦ 3000 ਸਿੰਘ ਗ੍ਰਿਫਤਾਰੀ ਦੇਣ ਲਈ ਪਹੁੰਚ ਗਏ। ਫਰਵਰੀ 9, 1924 ਨੂੰ 500 ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਭੇਜਿਆ ਗਿਆ। ਜਦੋਂ ਬਰਗਾੜੀ (ਫਰੀਦਕੋਟ) ਪੁੱਜਾ ਜੋ ਜੈਤੋ ਤੋਂ 6 ਕੁ ਮੀਲ 'ਤੇ ਹੈ। ਇੱਥੇ ਕੁਝ ਦਿਨ ਠਹਿਰ ਕੇ ਜਥੇ ਨੇ 21 ਫਰਵਰੀ, 1924 ਨੂੰ ਜੈਤੋ ਵੱਲ ਵਧਣਾ ਸ਼ੁਰੂ ਕੀਤਾ। ਜਥੇ ਦੇ ਨਾਲ 10,000 ਦੀ ਸੰਗਤ ਵੀ ਆ ਜੁੜੀ ਸੀ। ਜਥੇਵਿਚ ਡਾ. ਕਿਚਲੂ, ਪ੍ਰਿੰ: ਗਿਡਵਾਨੀ ਅਤੇ ਜਿਮੰਡ, ਨਿਊਯਾਰਕ ਟਾਈਮਜ਼ ਦੇ ਐਡੀਟਰ ਵੀ ਸ਼ਾਮਲ ਸਨ। ਬਰਗਾੜੀ ਤੋਂ ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਅੰਗਰੇਜ਼ ਫੌਜ ਜਥੇ ਨੂੰ ਖਿਦਰਾਣੇ ਲਈ ਤਿਆਰ ਖੜ੍ਹੀ ਸੀ। ਅੰਗਰੇਜ਼ ਅਫਸਰ ਵਿਲਸਨ ਜੌਹਨਸਨ ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸਿੰਘ ਫੱਟੜ ਅਤੇ ਸ਼ਹੀਦ ਹੁੰਦੇ ਗਏ ਪਰ ਜਥਾ ਸ਼ਾਂਤਮਈ ਅੱਗੇ ਵਧਦਾ ਗਿਆ। ਚਲਦੀ ਗੋਲੀ ਵਿਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਗਿਆ। ਜਿਹੜੀ ਸੰਗਤ ਬਚ ਨਿਕਲੀ ਸੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਿਹਨਾਂ ਤੇ ਕੈਦ ਵਿਚ ਬਹੁਤ ਸਖਤੀ ਕੀਤੀ ਗਈ। ਇਸ ਤੋਂ ਬਾਅਦ ਵੀ 16 ਸ਼ਹੀਦੀ ਜਥੇ ਭੇਜੇ ਗਏ। ਆਖਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫਤਾਰ ਕੀਤਾ ਜਾਂਦਾ ਰਿਹਾ। ਕੈਦ ਵਿਚ ਮਾਰ-ਕੁੱਟ ਕੀਤੀ ਜਾਂਦੀ। ਕੈਦ ਵਿਚ ਕਈ ਰੋਗੀ ਅਤੇ ਨਿਕਾਰਾ ਹੋ ਗਏ ਜਾਂ ਸ਼ਹੀਦੀ ਪਾ ਗਏ। ਪਰ ਕਿਸੇ ਨੇ ਵੀ ਹਾਰ ਨਹੀਂ ਮੰਨੀ। ਇਹਨਾਂ ਸੂਰਬੀਰਾਂ ਨੇ ਅਡੋਲ ਰਹਿ ਕੇ ਸਾਰੇ ਕਸ਼ਟ ਝੱਲੇ। ਗ੍ਰਿਫਤਾਰੀਆਂ ਦਾ ਸਿਲਸਿਲਾ ਨਾ ਮੁੱਕਦਾ ਵੇਖ ਕੇ ਕਿ ਸਿੱਖਾਂ ਦੀ ਧਰਮ ਅਤੇ ਰਾਜਨੀਤੀ ਵਿਚ ਦਖਲ ਦੇਣ ਨੇ ਅੰਗਰੇਜ਼ੀ ਸਰਕਾਰ ਨੂੰ ਬੜੀ ਮੁਸ਼ਕਿਲ ਵਿਚ ਪਾ ਦਿੱਤਾ। ਇਸ ਲੰਮੇ ਹੁੰਦੇ ਮੋਰਚੇ ਅੱਗੇ ਹਕੂਮਤ ਨੂੰ ਝੁਕਣਾ ਪਿਆ। ਇਸੇ ਵੇਲੇ ਗੁਰਦੁਆਰਾ ਕਾਨੂੰਨ ਨੰਬਰ 8, 1925 ਪਾਸ ਹੋ ਗਿਆ। ਜੁਲਾਈ, 27 1925 ਨੂੰ 'ਜੈਤੋ ਦੇ ਮੋਰਚਾ' ਦੇ ਸਾਰੇ ਕੈਦੀ ਰਿਹਾ ਹੋ ਗਏ। ਖੰਡਿਤ ਪਾਠ ਜਾਰੀ ਹੋਏ। ਸਿੰਘਾਂ ਦੇ ਸ਼ਾਂਤਮਈ ਹੌਸਲੇ ਅਤੇ ਨਿਸਚੈ ਦੀ ਸ਼ਲਾਘਾ ਹੋਈ। ਅੰਗਰੇਜ਼ੀ ਹਕੂਮਤ ਦੇ ਇਸ ਜ਼ੁਲਮ ਦੀ ਨਿਖੇਧੀ ਹੋਈ। ਸਰਕਾਰ ਰਿਪੋਰਟ ਵਿਚ ਲੱਗਭੱਗ 10,000 ਸਿੰਘਾਂ ਦੀ ਗ੍ਰਿਫਤਾਰੀ ਹੋਈ ਅਤੇ ਇਕ ਲੱਖ ਜੁਰਮਾਨਾ ਸਿੰਘਾਂ ਵੱਲੋਂ ਭਰਿਆ ਗਿਆ। ਦੇਸ਼ ਵਿਦੇਸ਼ ਤੋਂ ਗ੍ਰਿਫਤਾਰੀ ਲਈ ਜਥੇ ਪਹੁੰਚਦੇ ਰਹੇ।

# ਜਸਵਿੰਦਰ ਪੰਜਾਬੀ ਦਾ ਨਾਵਲ 'ਮੁਰਗਾਬੀਆਂ' ਸਮਾਜਿਕ ਤੇ ਸਾਹਿਤਕ ਗੰਧਲਾਪਣ ਦਾ ਪ੍ਰਗਟਾਵਾ

**(ਸਫਾ 28 ਦੀ ਬਾਕੀ)**

ਦੀਆਂ ਪੁਸਤਕਾਂ ਦੀ ਘੁੰਡ ਚੁਕਾਈ ਅਤੇ ਉਥੇ ਕਵਿਤਰੀਆਂ ਅਤੇ ਸਾਹਿਤਕਾਰਾਂ ਦੀ ਇੱਕ ਦੂਜੇ ਬਾਰੇ ਚੁੰਝ ਚਰਚਾ ਤੇ ਚੋਚਲੇ ਵੀ ਅਸਲੀਅਤ ਦੇ ਕਾਫੀ ਨੇੜੇ-ਤੇੜੇ ਹਨ। ਕਿਸ ਤਰ੍ਹਾਂ ਕਵਿਤਰੀਆਂ ਨੂੰ ਸਥਾਪਤ ਕਰਨ ਲਈ ਪੇਪਰ ਪੜ੍ਹੇ ਜਾਂਦੇ ਹਨ ਅਤੇ ਕਿਵੇਂ ਉਨ੍ਹਾਂ ਨੂੰ ਫੁਸਲਾਉਣ ਦੇ ਢੰਗ ਵਰਤੇ ਜਾਂਦੇ ਹਨ। ਨਾਵਲ ਵਿੱਚ ਸ਼ਬਦਾਵਲੀ ਠੇਠ ਦਿਹਾਤੀ ਹੈ, ਜਿਹੜੇ ਸ਼ਬਦ ਆਮ ਤੌਰ 'ਤੇ ਵਰਤੇ ਨਹੀਂ ਜਾਂਦੇ ਤੇ ਵਰਜਿਤ ਵੀ ਹੁੰਦੇ ਹਨ ਪ੍ਰੰਤੂ ਵਰਤੇ ਜਾਂਦੇ ਹਨ। ਉਹ ਸ਼ਬਦਾਵਲੀ ਥੋੜ੍ਹੀ ਅਸੱਭਿਆ ਵੀ ਲੱਗਦੀ ਹੈ। ਇਹ ਨਾਵਲ ਦਿਹਾਤੀ ਤੇ ਸ਼ਹਿਰੀ ਸਭਿਆਚਾਰ ਦਾ ਸੁਮੇਲ ਹੈ। ਕਾਲਜਾਂ ਵਿੱਚ ਮੁੰਡੇ ਕੁੜੀਆਂ ਦੀਆਂ ਟੋਲੀਆਂ ਕਿਵੇਂ ਹਾਸੇ ਠੱਠੇ ਕਰਦਿਆਂ ਬੇਬਾਕੀ ਨਾਲ ਕਮੈਂਟ ਕਰਦੀਆਂ ਤੇ ਫਿਰ ਫਸ ਫਸਾ ਜਾਂਦੀਆਂ ਹਨ। ਪਿਆਰ ਮੁਹੱਬਤ ਵਿੱਚ ਰੰਗ ਰੂਪ ਤੇ ਅਮੀਰ ਗ਼ਰੀਬ ਨਹੀਂ ਵੇਖਿਆ ਜਾਂਦਾ, ਜਿਵੇਂ ਗੁਰਕੀਰਤ ਸੋਹਣੀ ਸੁਨੱਖੀ ਅਮੀਰਜ਼ਾਦੀ ਨੇ ਜੀਵਨ ਵਾਰਸੀ ਨਾਲ ਉਸਦਾ ਕਾਲਾ ਰੰਗ ਤੇ ਗ਼ਰੀਬੀ ਦੇ ਬਾਵਜੂਦ ਪਿਆਰ ਦੀ ਪੀਂਘ ਪਾ ਲਈ। ਇਥੇ ਇਹ ਵੀ ਦਰਸਾਇਆ ਗਿਆ ਹੈ ਕਿ ਪਿੰਡਾਂ ਦੇ ਲੋਕ ਸ਼ਰੀਕੇ ਦੇ ਮੁਕਾਬਲੇ ਆਰਥਿਕ ਸਮਰੱਥ ਨਾ ਹੋਣ ਦੇ ਬਾਵਜੂਦ ਬਰਾਬਰੀ ਕਰਦੇ ਹਨ, ਜਿਵੇਂ ਜੀਵਨ ਵਾਰਸੀ ਦੇ ਦਾਦੇ ਨੇ ਜ਼ਮੀਨ ਵੇਚਕੇ ਵਿਆਹ ਵਿੱਚ ਦਾਜ ਦਿੱਤਾ। ਨਾਵਲਕਾਰ ਨੇ ਪੰਜਾਬੀ ਇੰਟਰਨੈਸ਼ਨਲ ਕਾਨਫ਼ਰੰਸਾਂ ਵਿੱਚ ਸਿਫਾਰਸ਼ੀ ਗ਼ੈਰ ਸਾਹਿਤਕਾਰਾਂ ਦੇ ਜਾਣ ਅਤੇ ਵਿਦੇਸ਼ਾਂ ਵਿੱਚ ਅਨੈਤਿਕ ਕੰਮ ਕਰਨ ਬਾਰੇ ਵੀ ਲਿਖਿਆ ਹੈ। ਪੰਜਾਬੀ ਕਾਨਫ਼ਰੰਸਾਂ ਦੀ ਆੜ ਵਿੱਚ ਸਿਰਫ ਸੈਰ ਸਪਾਟਾ ਹੀ ਹੁੰਦਾ ਹੈ। ਇਸ ਨਾਵਲ ਨੂੰ ਸਮਾਜਿਕ ਸਰੋਕਾਰਾਂ ਨਾਲ ਵੀ ਜੋੜਿਆ ਜਾ ਸਕਦਾ ਹੈ ਕਿਉਂਕਿ ਨਾਵਲਕਾਰ ਨੇ ਨਾਵਲ ਵਿੱਚ ਨਸ਼ਿਆਂ ਦੇ ਪ੍ਰਕੋਪ, ਪ੍ਰਵਾਸ ਵਿੱਚ ਜਾਣ ਦੀ ਦੌੜ, ਏਡਜ਼, ਬੇਰੋਜ਼ਗਾਰੀ, ਪੜ੍ਹੇ ਲਿਖੇ ਲੋਕਾਂ ਦੀ ਪਿਛਾਂਹ ਖਿਚੂ ਸੋਚ, ਭਰਿਸ਼ਟਾਚਾਰ ਅਤੇ ਲੜਕੀਆਂ ਨੂੰ ਪਿਆਰ ਵਿਆਹ ਕਰਾਉਣ ਤੋਂ ਰੋਕਣ ਦੀ ਪ੍ਰਵਿਰਤੀ ਆਦਿ ਵਿਸ਼ਿਆਂ ਨੂੰ ਬਾਖ਼ੂਬੀ ਨਾਲ ਛੋਹਿਆ ਗਿਆ ਹੈ। ਨਾਵਲਕਾਰ ਨੇ ਪੀ.ਐਚ.ਡੀ.ਕਰਨ ਵਾਲੀਆਂ ਲੜਕੀਆਂ ਨਾਲ ਗਾਈਡਾਂ ਵੱਲੋਂ ਕੀਤੇ ਜਾਂਦੇ ਵਿਵਹਾਰ ਬਾਰੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਸਾਹਿਤਕਾਰ ਆਪਣੀ ਹਵਸ ਪੂਰੀ ਕਰਨ ਲਈ ਐਚ.ਆਈ.ਵੀ. ਵਰਗੀ ਭਿਆਨਕ ਬਿਮਾਰੀ ਬਾਰੇ ਸੋਚਦੇ ਨਹੀਂ ਪ੍ਰੰਤੂ ਜਦੋਂ ਰਾਮਿੰਦਰ ਰਮਨ ਦੇ ਪਤੀ ਵਿਕਰਮ ਦੀ ਐਚ.ਆਈ.ਵੀ. ਦੀ ਬਿਮਾਰੀ ਨਾਲ ਮੌਤ ਹੋ ਜਾਂਦੀ ਹੈ ਤੇ ਰਾਮਿੰਦਰ ਰਮਨ ਦੇ ਵੀ ਐਚ.ਆਈ.ਵੀ. ਦੀ ਬਿਮਾਰੀ ਬਾਰੇ ਪਤਾ ਚਲਦਾ ਹੈ ਤਾਂ ਫਿਰ ਮੌਤ ਸਾਹਮਣੇ ਵਿਖਾਈ ਦਿੰਦੀ ਹੈ ਤੇ ਉਦੋਂ ਸਮਾਜਿਕ ਬਦਨਾਮੀ ਯਾਦ ਆਉਂਦੀ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਭਵਿਖ ਵਿੱਚ ਜਸਵਿੰਦਰ ਪੰਜਾਬੀ ਹੋਰ ਵਧੀਆ ਪੁਸਤਕ ਵੀ ਦੇਵੇਗਾ।

216 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਜੇ.ਪੀ.ਪਬ-ਲੀਕੇਸ਼ਨ ਪਟਿਆਲਾ ਨੇ ਪਡਕਾਸ਼ਤ ਕੀਤੀ ਹੈ।

**ਸੰਪਰਕ ਜਸਵਿੰਦਰ ਪੰਜਾਬੀ: 97814-14118**

# ਜਦੋਂ ਮੁਸ਼ਕਲ 'ਚ ਹੁੰਦੀ ਹਾਂ, ਕਿਤਾਬਾਂ ਖੋਹਲ ਲੈਂਦੀ ਹਾਂ...

**ਸ਼ਾਹਕੋਟ (ਗਿਆਨ ਸੈਦਪੁਰੀ)** ਲੇਖਕ ਤੇ ਚਿੰਤਕ ਲਾਲ ਸਿੰਘ ਸੁਲਹਾਣੀ ਦੀ ਲਿਖੀ ਕਿਤਾਬ 'ਸਾਹਿਬ ਸ਼੍ਰੀ ਕਾਸ਼ੀ ਰਾਮ ਤੇ ਪੰਥਕ ਆਗੂ' ਦਾ ਲੋਕ ਅਰਪਣ ਸਮਾਗਮ ਚਿਰਾਂ ਤੱਕ ਚੇ-ਤਿਆਂ ਵਿੱਚ ਵਸਦਾ ਰਹੇਗਾ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਉੱਘੇ ਸਮਾਜਕ ਚਿੰਤਕ ਅਤੇ ਬਸਪਾ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ 'ਅੱਜ ਦੀ ਆਵਾਜ਼' ਦੇ ਸਾਬਕਾ ਪ੍ਰਬੰਧਕੀ ਸੰਪਾਦਕ ਗੁਰਦੀਪ ਸਿੰਘ ਬਠਿੰਡਾ ਨੇ ਕੀਤੀ। ਕਿਤਾਬ ਤੇ ਚਰਚਾ ਕਰਨ ਲਈ ਸਾਬਕਾ ਜੋਆਇੰਟ ਡਾਇਰੈਕਟਰ ਖੇਤੀਬਾੜੀ ਵਿਭਾਗ ਫਤਿਹ ਜੰਗ ਸਿੰਘ ਚੰਡੀਗੜ੍ਹ, ਉੱਘੇ ਕਹਾਣੀਕਾਰ ਗੁਰਮੀਤ ਕੜਿਆਲਵੀ ਅਤੇ ਸਾਬਕਾ ਸਿੱਖਿਆ ਅਧਿਕਾਰੀ ਮ ਪ੍ਰਕਾਸ਼ ਸਰੋਏ ਸਮਾਗਮ ਵਿੱਚ ਸ਼ਾਮਲ ਹੋਏ। ਜ਼ਿਲ੍ਹਾ ਲਾਇਬਰੇਰੀ, ਮਿਊਂਸਪਲ ਪਾਰਕ ਫ਼ਿਰੋਜ਼ਪੁਰ ਵਿਖੇ ਹੋਏ ਸਮਾਗਮ ਵਿੱਚ ਜਿੱਥੇ ਸਾਹਿਤਕ ਗੱਲਾਂ ਹੋਈਆਂ ਉੱਥੇ ਸਮਾਜਿਕ ਤੇ ਸਿਆਸੀ ਸਰੋਕਾਰਾਂ 'ਤੇ ਵੀ ਚਿੰਤਨ ਹੋਇਆ। ਲੋਕ ਚੇਤਨਾ ਵਿਕਾਸ ਮੰਚ (ਰਜਿ) ਵੱਲੋਂ ਸ਼ਬਦ ਸੱਭਿਆਚਾਰ ਨੂੰ ਸਮਰਪਿਤ ਇਸ ਸਮਾਗਮ ਵਿੱਚ ਸ਼ਾਮਲ ਅਦੀਬਾਂ, ਸਿਆਸੀ ਤੇ ਸਮਾਜਿਕ ਕਾਰਕੁਨਾਂ ਲਈ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਗਦੀਪ ਸਿੰਘ ਸੰਧੂ ਨੇ ਸਵਾਗਤੀ ਸ਼ਬਦ ਬੋਲਦਿਆਂ ਮੁੱਖ ਮਹਿਮਾਨ ਅਤੇ ਦੂਸਰੇ ਬੁਲਾਰਿਆਂ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ। ਉਪਰੰਤ ਸਬੰਧਤ ਕਿਤਾਬ ਦੇ ਕਰਤਾ ਦੀ ਅਧਿਆਪਕਾ ਬੇਟੀ ਗੁਰਲਗਨ ਕੌਰ ਨੇ ਸਰੋਦੀ ਆਵਾਜ਼ ਵਿੱਚ ਵੰਦਨਾ ਵਾਣੀ ਦਾ ਲਿਖਿਆ ਗੀਤ 'ਜਦੋਂ ਮੁਸ਼ਕਲ 'ਚ ਹੁੰਦੀ ਹਾਂ, ਕਿਤਾਬਾਂ ਖੋਹਲ ਲੈਂਦੀ ਹਾਂ...।' ਪੇਸ਼ ਕੀਤਾ ਤਾਂ ਮਹਿਸੂਸ ਹੋਇਆ ਕਿ ਲਾਇਬਰੇਰੀ ਦਾ ਚੱਪਾ ਚੱਪਾ ਸੰਗੀਤਕ ਹੋ ਗਿਆ ਹੋਵੇ।

ਇਸੇ ਦੌਰਾਨ ਕਿਤਾਬ ਲੋਕ ਅਰਪਣ ਕੀਤੀ ਗਈ। ਸਟੇਜ ਚਲਾ ਰਹੇ ਡਾ. ਰਾਮੇਸ਼ਵਰ ਸਿੰਘ ਕਟਾਰਾ ਨੇ ਕਿਤਾਬ 'ਤੇ ਚਰਚਾ ਕਰਨ ਲਈ ਬੁਲਾਏ ਗਏ ਵਿਦਵਾਨਾਂ ਨੂੰ ਬੁਲਾਵਾ ਦੇਣ ਤੋਂ ਪਹਿਲਾਂ ਚਰਚਾ ਦੀ ਭੂਮਿਕਾ ਬੰਨ੍ਹਦਿਆਂ ਕਿਹਾ ਕਿ ਗੁਰੂ ਰਵੀਦਾਸ, ਬਾਬਾ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਨੇ ਇਨਕਲਾਬੀ ਕਦਮ ਚੁੱਕਦਿਆਂ ਮਨੁੱਖੀ ਬਰਾਬਰਤਾ ਦੀ ਲੋਚਾ ਕੀਤੀ ਸੀ। ਇਹ ਅਜੇ ਤੱਕ ਪੂਰੀ ਨਹੀਂ ਹੋ ਸਕੀ। ਸੁਲਹਾਣੀ ਦੀ ਕਿਤਾਬ ਇਸੇ ਦਰਦ ਚੋਂ ਉੱਠੀ ਚੀਸ ਹੈ। ਚਰਚਾ ਨੂੰ ਅੱਗੇ ਤੋਰਦਿਆਂ ਫਤਿਹ ਜੰਗ ਸਿੰਘ ਨੇ ਲੇਖਕ ਲਾਲ ਸਿੰਘ ਸੁਲਹਾਣੀ ਦੀ ਸੁਲੱਖਣੀ ਸ਼ਖ਼ਸੀਅਤ ਦੀ ਗੱਲ ਕੀਤੀ ਅਤੇ ਕਾਂਸ਼ੀ ਰਾਮ ਦੇ ਸੰਘਰਸ਼ ਦੀ ਵੀ। ਉਨ੍ਹਾਂ ਬਾਦਲਾਂ ਦੀ ਬੇਈਮਾਨੀ ਦੀ ਵੀ ਬਾਤ ਪਾਈ ਅਤੇ ਕੁਝ ਪੰਥਕ ਆਗੂਆਂ ਦੇ ਦੋਗਲੇ ਕਿਰਦਾਰ ਦਾ ਵੀ ਜ਼ਿਕਰ ਕੀਤਾ ਸਮੇਤ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ। ਉਨ੍ਹਾਂ ਕਿਹਾ ਕਿ ਲੇਖਕ ਨੇ ਆਪਣੀ ਕਿਤਾਬ ਵਿੱਚ ਇਤਿਹਾਸ ਨੂੰ ਸੰਭਾਲ ਲਿਆ ਹੈ। ਸੁਲਹਾਣੀ ਨੂੰ ਜੁਗਤ ਨਾਲ ਗੱਲ ਕਰਨੀ ਆਉਂਦੀ ਹੈ, ਕਿਤਾਬ ਦਾ ਪੰਨਾ ਪੰਨਾ ਇਸ ਦਾ ਗਵਾਹ ਹੈ। ਫਤਿਹ ਜੰਗ ਸਿੰਘ ਨੇ ਮਜ਼੍ਹਬੀ ਸਿੱਖ ਅਤੇ ਰਵੀਦਾਸੀਆਂ ਭਾਈਚਾਰੇ ਨੂੰ ਹਮਜੋਲੀ ਬਣ ਕੇ ਵਿਚਰਨ ਦਾ ਵਾਸਤਾ ਵੀ ਪਾਇਆ।

ਸੱਦੇ ਗਏ ਹੋਰ ਵਿਦਵਾਨਾਂ ਤੋਂ ਪਹਿਲਾਂ ਲਾਲ ਸਿੰਘ ਸੁਲਹਾਣੀ ਨੇ ਕਿਤਾਬ ਦੀਆਂ ਜੰਮਣ ਪੀੜਾਂ ਨੂੰ ਸੰਖੇਪ ਵਿੱਚ ਬਿਆਨ ਕੀਤਾ। ਉਨ੍ਹਾਂ ਨੇ ਕਿਹਾ ਕਿ ਕਾਂਸ਼ੀ ਰਾਮ ਦੇ ਸੰਘਰਸ਼ ਮੌਕੇ ਜੋ ਕੌੜੇ ਮਿੱਠੇ ਤਜ਼ਰਬੇ ਹਾਸਲ ਹੋਏ, ਉਨ੍ਹਾਂ ਨੂੰ ਕਾਗਜ਼ਾ 'ਤੇ ਉਤਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮੇਰੇ ਮਿੱਤਰ ਗੁਰਮੀਤ ਕੜਿਆਲਵੀ ਤੇ ਹਰਮੀਤ ਵਿਦਿਆਰਥੀ ਕਿਤਾਬ ਛਪਵਾਉਣ ਲਈ ਹੁੱਝਾਂ ਮਾਰਦੇ ਰਹੇ ਜੋ ਕੰਮ ਆਈਆਂ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਕਿਤਾਬ ਦੇ ਛਾਪਣ ਪਿੱਛੇ ਓਮ ਪ੍ਰਕਾਸ਼ ਸਰੋਏ ਦੀ ਮਿਹਨਤ ਹੈ। ਸੁਲਹਾਣੀ ਨੇ ਕਿਹਾ ਕਿ ਇਸ ਕਿਤਾਬ ਦੇ ਰੂਪ ਵਿੱਚ ਜੋ ਤਿਲਫੁੱਲ ਪਾਠਕਾਂ ਦੀ ਝੋਲੀ ਪਾਇਆ ਹੈ, ਉਸ ਨੂੰ ਕਿਵੇਂ ਸਵੀਕਾਰਿਆਂ ਜਾਂਦਾ ਹੈ, ਇਸ ਦਾ ਇੰਤਜ਼ਾਰ ਰਹੇਗਾ। ਉਨ੍ਹਾਂ ਨੇ ਬੇਹੱਦ ਰੁਝੇਵਿਆਂ ਦੇ ਬਾਵਜੂਦ ਸਮਾਗਮ ਵਿੱਚ ਸ਼ਾਮਲ ਹੋਣ ਲਈ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਦਾ ਉਚੇਚ ਨਾਲ ਧੰਨਵਾਦ ਕੀਤਾ। ਸਾਹਿਤਕ ਖੇਤਰ ਵਿੱਚ ਵੱਡਾ ਮੁਰਾਤਬਾ ਹਾਸਲ ਕਰਨ ਵਾਲੇ ਗੁਰਮੀਤ ਕੜਿਆਲਵੀ ਨੇ ਕਿਤਾਬ ਦੇ ਸਾਹਿਤਕ ਮੁੱਲ ਅਤੇ ਮਹੱਤਤਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਬਾਬੂ ਕਾਂਸ਼ੀ ਰਾਮ ਵੱਲੋਂ ਚਲਾਈ ਲਹਿਰ ਜਿਹੜੀਆਂ ਸਥਿਤੀਆਂ ਵਿੱਚੋ ਗੁਜ਼ਰੀ, ਕਿਤਾਬ ਉਨ੍ਹਾਂ ਦਾ ਜਿਵੰਤ ਇਤਿਹਾਸ ਹੈ। ਕਿਤਾਬ ਦੀ ਭਾਸ਼ਾ ਰਵਾਨੀ ਵਾਲੀ ਹੈ। ਕੜਿਆਲਵੀ ਨੇ ਕਿਹਾ ਕਿ ਕਿਤਾਬ ਪੜ੍ਹਦਿਆਂ ਕਈ ਪੰਥਕ ਆਗੂਆਂ ਦੀ ਅੱਖ ਦਾ ਟੀਰ ਵੀ ਨਜ਼ਰ ਆਉਦਾ ਹੈ। ਕਿਤਾਬ ਦੇ ਲੇਖਕ ਲਾਲ ਸਿੰਘ ਸੁਲਹਾਣੀ ਦੀ ਸਿਆਸੀ ਫ਼ਕੀਰੀ ਦਾ ਜ਼ਿਕਰ ਕਰਦਿਆਂ ਕੜਿਆਲਵੀ ਨੇ ਕਿਹਾ ਕਿ ਉਹ ਸਾਡੇ ਲਈ ਰਾਜਨੀਤਕ ਰਾਂਝਾ ਹੈ।

ਸੇਵਾ ਮੁਕਤ ਸਿੱਖਿਆ ਅਧਿਕਾਰੀ ਮ ਪ੍ਰਕਾਸ਼ ਸਰੋਏ ਨੇ ਕਿਹਾ ਕਿ ਸੁਲਹਾਣੀ ਨੇ ਜੋ ਕੁਝ ਤਨ ਮਨ 'ਤੇ ਹੰਢਾਇਆ ਹੈ, ਉਸੇ ਨੂੰ ਸ਼ਬਦਾਂ ਦਾ ਰੂਪ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਤਾਬ ਦੇ ਟਾਇਟਲ ਤੋਂ ਹੀ ਕਾਂਸ਼ੀ ਰਾਮ ਦੀ ਪੂਰੀ ਫਿਲਾਸਫੀ ਨਜ਼ਰ ਆਉਂਦੀ ਹੈ। ਸਿੱਖਿਆ ਸ਼ਾਸਤਰੀ ਓਕਾਂਰ ਨਾਥ ਨੇ ਸੁਨੇਹਾ ਦਿੱਤਾ ਕਿ ਸਾਨੂੰ ਸਭ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜਾਉਣੇ ਚਾਹੀਦੇ ਹਨ। ਗੁਰਦੀਪ ਸਿੰਘ ਬਠਿੰਡਾ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਬੜੀਆਂ ਹੀ ਮੁੱਲਵਾਨ ਗੱਲਾਂ ਕੀਤੀਆਂ। ਗੁਰਬਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਈ ਤਰਾਂ ਦੀ ਹੁੰਦੀ ਹੈ। ਇਨ੍ਹਾਂ ਵਿੱਚੋਂ ਸਾਹਿਤਕ ਗੁਰਬਤ ਨੂੰ ਅਸੀਂ ਖੁਦ ਦੂਰ ਕਰ ਸਕਦੇ ਹਾਂ।

ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਤਾਬ ਬਾਰੇ ਚਰਚਾ ਕਰਦਿਆਂ ਕਿਹਾ ਕਿ ਇਸ ਦੇ ਲੇਖਕ ਸੁਲਹਾਣੀ ਨੇ ਵਿਚਾਰਧਾਰਕ ਵਚਨ ਬੱਧਤਾ ਨਿਭਾਉਣਾ ਲਈ ਸਰਕਾਰੀ ਨੌਕਰੀ ਨੂੰ ਲੱਤ ਮਾਰ ਦਿੱਤੀ ਸੀ। ਮੈਂ ਉਸੇ ਤਿਆਗ ਦਾ ਸਤਿਕਾਰ ਕਰਨ ਲਈ ਆਇਆ ਹਾਂ। ਉਨ੍ਹਾਂ ਕਿਹਾ ਕਿ ਬੁੱਧੀਜੀਵੀ ਹੋਣਾ ਵੱਡੀ ਗੱਲ ਨਹੀ, ਸਗੋਂ ਬੁੱਧੀ ਦੀ ਦਿਸ਼ਾ ਕੀ ਹੈ, ਇਹ ਮਹੱਤਵਪੂਰਨ ਹੈ।

ਆਖ਼ਰ ਵਿੱਚ ਉੱਘੇ ਕਵੀ ਹਰਮੀਤ ਵਿਦਿਆਰਥੀ ਦੇ ਧੰਨਵਾਦੀ ਸ਼ਬਦ ਸਮਾਗਮ ਦੀ ਸਮੇਟਵੀ ਟਿੱਪਣੀ ਹੋ ਨਿੱਬੜੇ। ਉਨ੍ਹਾਂ ਕਿਹਾ ਕਿ ਸਮਾਜਕ, ਸਾਹਿਤਕ ਤੇ ਸਿਆਸੀ ਨੌਂਈਅਤ ਵਾਲਾ ਫ਼ਿਰੋਜ਼ਪੁਰ ਵਿੱਚ ਇਹ ਪਹਿਲਾ ਸਮਾਗਮ ਹੈ।

## .ਗ਼ਜ਼ਲ

ਕਦੀ ਧੁੱਪਾਂ ਕਦੀ ਛਾਵਾਂ 'ਚ ਏਨੇਂ ਮੋੜ ਮੁੜਿਆ ਹਾਂ।
ਹਜ਼ਾਰਾਂ ਵਾਰ ਟੁੱਟਿਆ ਹਾਂ ਹਜ਼ਾਰਾਂ ਵਾਰ ਜੁੜਿਆ ਹਾਂ।

ਤੇਰੀ ਮਰਜ਼ੀ ਤੂੰ ਰਖ ਭਾਵੇਂ, ਤੇਰੀ ਮਰਜ਼ੀ ਤੂੰ ਛੱਡ ਭਾਵੇਂ,
ਤੇਰੀ ਇਸ ਮਾਂਗ ਦੇ ਸਿੰਧੂਰ ਚੋਂ ਥੋੜ੍ਹਾ ਕੁ ਥੁੜਿਆ ਹਾਂ।


ਕਿਨਾਰੇ ਨੂੰ ਮੇਰੇ ਇਤਿਹਾਸ ਬਾਰੇ ਜਾਣਕਾਰੀ ਹੈ,
ਕਦੀ ਮੈਂ ਆਰ ਰੁੜਿਆ ਹਾਂ ਕਦੀ ਮੈਂ ਪਾਰ ਰੁੜਿਆ ਹਾਂ।

ਮੇਰੀ ਹਰ ਗ਼ਜ਼ਲ ਦਾ ਇਕ ਸ਼ਿਅਰ ਪੜ੍ਹ ਕੇ ਵੇਖ ਸਕਦੇ ਹੋ,
ਕੜਾਹੀ ਵਿਚ ਕਿਸੇ ਗੁੜ ਵਾਂਗਰਾ ਰਿਝ-ਰਿਝ ਕੇ ਗੁੜਿਆ ਹਾਂ।

ਤਪਸਿਆ ਸਾਧਨਾ ਨੂੰ ਪਾਵਣਾ ਆਸਾਨ ਨਈਂ ਹੁੰਦਾ,
ਸਵਾਹ ਬਣ ਕੇ ਹੀ ਬੁੱਝੀ ਅੱਗ ਦੇ ਉਪਰ ਮੈਂ ਧੁੜਿਆ ਹਾਂ।

ਮੁਹੱਬਤ ਦੀ ਪ੍ਰਤਿਸ਼ਠਾ ਨੂੰ ਕਦੀ ਵੀ ਠੇਸ ਨਈਂ ਲਾਈ,
ਜਦੋਂ ਕੁੜਿਆ ਹਾਂ ਬਾਲਮ ਨਫ਼ਰਤਾ ਵਿਚਕਾਰ ਕੁੜਿਆ ਹਾਂ।

**ਬਲਵਿੰਦਰ ਬਾਲਮ**
**ਗੁਰਦਾਸਪੁਰ**
**91-98156-25409**



# ਕਈ ਦੇਸ਼ ਸਕੂਲਾਂ ਵਿੱਚ ਸਮਾਰਟਫੋਨ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਬਾਰੇ ਸੋਚ ਰਹੇ ਹਨ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸਕੂਲ ਵਿੱਚ ਸਮਾਰਟਫੋਨ ਦੀ ਕੋਈ ਲੋੜ ਨਹੀਂ! ਚੀਨ, ਬੈਲਜੀਅਮ ਅਤੇ ਸਪੇਨ ਸਮੇਤ ਕਈ ਦੇਸ਼ਾਂ ਵਿੱਚ ਪਾਬੰਦੀਸ਼ੁਦਾ; ਜਾਣੋ ਭਾਰਤ ਵਿੱਚ ਕੀ ਸਥਿਤੀ ਹੈ ਚੀਨ ਦੇ ਜ਼ੇਂਗਜ਼ੂ ਸ਼ਹਿਰ ਨੇ ਵੀ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਫ਼ੋਨ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਡੈਨਮਾਰਕ ਅਤੇ ਫਰਾਂਸ ਦੋਵਾਂ ਨੇ ਗੂਗਲ ਵਰਕ-ਪਲੇਸ 'ਤੇ ਪਾਬੰਦੀ ਲਗਾਈ ਹੈ ਜਦੋਂ ਕਿ ਜਰਮਨੀ ਦੇ ਕੁਝ ਰਾਜਾਂ ਨੇ ਮਾਈਕ੍ਰੋਸਾਫਟ ਉਤਪਾਦਾਂ 'ਤੇ ਪਾਬੰਦੀ ਲਗਾਈ ਹੈ। ਪਰ ਭਾਰਤ ਵਿੱਚ ਅਜੇ ਤੱਕ ਕੋਈ ਨੀਤੀ ਨਹੀਂ ਬਣਾਈ ਗਈ ਹੈ। ਸਕੂਲਾਂ ਵਿੱਚ ਸਮਾਰਟਫੋਨ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਨੂੰ ਲੈ ਕੇ ਦੁਨੀਆ ਭਰ ਵਿੱਚ ਬਹਿਸ ਚੱਲ ਰਹੀ ਹੈ।



ਫਰਾਂਸ ਵਿੱਚ ਡਿਜੀਟਲ ਬ੍ਰੇਕ ਦਾ ਸੁਝਾਅ ਦਿੱਤਾ ਗਿਆ ਤੁਰਕਮੇਨਿਸਤਾਨ ਨੇ ਵੀ ਪਾਬੰਦੀ ਲਗਾਈ ਹੈ ਬੈਲਜੀਅਮ, ਸਪੇਨ ਅਤੇ ਬ੍ਰਿਟੇਨ ਵਿੱਚ ਨਤੀਜੇ ਦੇਖੇ ਗਏ ਕਈ ਦੇਸ਼ਾਂ ਵਿੱਚ ਵਿਦਿਅਕ ਸੰਸਥਾਵਾਂ ਵਿੱਚ ਸਮਾਰਟਫੋਨ ਦੀ ਵਰਤੋਂ 'ਤੇ ਪਾਬੰਦੀ ਲਗਾਉਣੀ ਹੈ ਜਾਂ ਨਹੀਂ, ਇਹ ਇੱਕ ਵਿਸ਼ਾ ਹੈ ਜਿਸ 'ਤੇ ਬਹਿਸ ਹੋ ਰਹੀ ਹੈ। ਬੱਚਿਆਂ ਦੀ ਸਿੱਖਿਆ ਅਤੇ ਉਨ੍ਹਾਂ ਦੀ ਨਿੱਜਤਾ 'ਤੇ ਸਮਾਰਟਫੋਨ ਦੇ ਪ੍ਰਭਾਵ ਦੇ ਕਾਰਨ, ਦੁਨੀਆ ਭਰ ਦੇ ਘੱਟੋ-ਘੱਟ 79 ਸਿੱਖਿਆ ਪ੍ਰਣਾਲੀਆਂ ਨੇ ਸਕੂਲਾਂ ਵਿੱਚ ਸਮਾਰਟਫੋਨ 'ਤੇ ਪਾਬੰਦੀ ਲਗਾ ਦਿੱਤੀ ਹੈ।

ਯੂਨੈਸਕੋ ਦੀ ਗਲੋਬਲ ਐਜੂਕੇਸ਼ਨ ਮਾਨੀਟਰਿੰਗ ਟੀਮ ਦੇ ਅਨੁਸਾਰ, 2023 ਦੇ ਅੰਤ ਤੱਕ 60 ਸਿੱਖਿਆ ਪ੍ਰਣਾਲੀਆਂ (ਵਿਸ਼ਵ ਪੱਧਰ 'ਤੇ ਰਜਿਸਟਰਡ ਕੁੱਲ ਸਿੱਖਿਆ ਪ੍ਰਣਾਲੀਆਂ ਦਾ 30 ਪ੍ਰਤੀਸ਼ਤ) ਨੇ ਖਾਸ ਕਾਨੂੰਨਾਂ ਜਾਂ ਨੀਤੀਆਂ ਰਾਹੀਂ ਸਕੂਲਾਂ ਵਿੱਚ ਸਮਾਰਟਫੋਨ 'ਤੇ ਪਾਬੰਦੀ ਲਗਾ ਦਿੱਤੀ ਸੀ। ਭਾਰਤ ਵਿੱਚ ਅਜੇ ਕੋਈ ਨੀਤੀ ਨਹੀਂ ਹੈ। 2024 ਦੇ ਅੰਤ ਤੱਕ, ਇਸ ਸੂਚੀ ਵਿੱਚ 19 ਹੋਰ ਸ਼ਾਮਲ ਕੀਤੇ ਗਏ। ਇਸ ਨਾਲ ਅਜਿਹੇ ਸਿੱਖਿਆ ਪ੍ਰਣਾਲੀਆਂ ਦੀ ਕੁੱਲ ਗਿਣਤੀ 79 (ਜਾਂ 40 ਪ੍ਰਤੀਸ਼ਤ) ਹੋ ਜਾਂਦੀ ਹੈ। ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇਸਨੇ ਅਜੇ ਤੱਕ ਵਿਦਿਅਕ ਸੰਸਥਾਵਾਂ ਵਿੱਚ ਸਮਾਰਟਫੋਨ ਦੀ ਵਰਤੋਂ ਬਾਰੇ ਕੋਈ ਖਾਸ ਕਾਨੂੰਨ ਜਾਂ ਨੀਤੀ ਨਹੀਂ ਬਣਾਈ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਸਾਲ ਕੁਝ ਪਾਬੰਦੀਆਂ ਹੋਰ ਵੀ ਸਖ਼ਤ ਹੋ ਗਈਆਂ ਸਨ। ਉਦਾਹਰਣ ਵਜੋਂ, ਚੀਨੀ ਸ਼ਹਿਰ ਜ਼ੇਂਗਜ਼ੂ ਨੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਵੀ ਫ਼ੋਨ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਨ੍ਹਾਂ ਵਿੱਚ, ਮਾਪਿਆਂ ਤੋਂ ਲਿਖਤੀ ਸਹਿਮਤੀ ਮੰਗੀ ਗਈ ਹੈ ਕਿ ਫ਼ੋਨ ਅਸਲ ਵਿੱਚ ਵਿਦਿਅਕ ਕਾਰਨਾਂ ਕਰਕੇ ਜ਼ਰੂਰੀ ਹੈ। ਸਾਊਦੀ ਅਰਬ ਨੇ ਪਾਬੰਦੀ ਹਟਾਈ ਫਰਾਂਸ ਵਿੱਚ ਹੇਠਲੇ ਸੈਕੰਡਰੀ ਸਕੂਲਾਂ ਵਿੱਚ 'ਡਿਜੀਟਲ ਬ੍ਰੇਕ' ਦਾ ਸੁਝਾਅ ਦਿੱਤਾ ਗਿਆ ਸੀ। ਹਾਲਾਂਕਿ, ਹੋਰ ਸਿੱਖਿਆ ਪੱਧਰਾਂ 'ਤੇ ਫ਼ੋਨ ਦੀ ਵਰਤੋਂ ਪਹਿਲਾਂ ਹੀ ਪ੍ਰਤਿਬੰਧਿਤ ਹੈ। ਇਸ ਦੇ ਉਲਟ, ਸਾਊਦੀ ਅਰਬ ਨੇ ਮਾਨਵਤਾਵਾਦੀ ਸੰਗਠਨਾਂ ਦੇ ਵਿਰੋਧ ਕਾਰਨ ਡਾਕਟਰੀ ਉਦੇਸ਼ਾਂ ਲਈ ਆਮ ਮੁਆਫ਼ੀ ਦੀ ਵਰਤੋਂ 'ਤੇ ਆਪਣੀ ਪਾਬੰਦੀ ਵਾਪਸ ਲੈ ਲਈ। ਜੀਈਐਮ ਟੀਮ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕੰਬਲ ਪਾਬੰਦੀਆਂ ਤੋਂ ਇਲਾਵਾ, ਕੁਝ ਦੇਸ਼ਾਂ ਨੇ ਗੋਪਨੀਯਤਾ ਦੀਆਂ ਚਿੰਤਾਵਾਂ ਦੇ ਕਾਰਨ ਸਮਾਰਟਫੋਨ ਦੀਆਂ ਸਿੱਖਿਆ ਸੈਟਿੰਗਾਂ ਵਿੱਚ ਕੁਝ ਐਪਸ ਦੀ ਵਰਤੋਂ ਨੂੰ ਵੀ ਸੀਮਤ ਕਰ ਦਿੱਤਾ ਹੈ। ਡੈਨਮਾਰਕ ਅਤੇ ਫਰਾਂਸ ਦੋਵਾਂ ਨੇ ਗੂਗਲ ਵਰਕਪਲੇਸ 'ਤੇ ਪਾਬੰਦੀ ਲਗਾਈ ਹੈ, ਜਦੋਂ ਕਿ ਜਰਮਨੀ ਦੇ ਕੁਝ ਰਾਜਾਂ ਨੇ ਮਾਈਕ੍ਰੋਸਾਫਟ ਉਤਪਾਦਾਂ 'ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀਆਂ ਸਿੱਖਿਆ ਦੇ ਪੱਧਰ ਦੇ ਅਨੁਸਾਰ ਵੀ ਵੱਖ-ਵੱਖ ਹੁੰਦੀਆਂ ਹਨ। ਜ਼ਿਆਦਾਤਰ ਦੇਸ਼ ਪ੍ਰਾਇਮਰੀ ਸਕੂਲਾਂ 'ਤੇ ਧਿਆਨ ਕੇਂਦ੍ਰਤ ਕਰਦੇ ਹਨ, ਅਤੇ ਕੁਝ, ਜਿਵੇਂ ਕਿ ਇਜ਼ਰਾਈਲ, ਕਿੰਡਰਗਾਰਟਨਾਂ 'ਤੇ। ਤੁਰਕਮੇਨਿਸਤਾਨ ਵਰਗੇ ਹੋਰ ਦੇਸ਼ਾਂ ਨੇ ਇਸ ਪਾਬੰਦੀ ਨੂੰ ਸੈਕੰਡਰੀ ਸਕੂਲ ਤੱਕ ਵਧਾ ਦਿੱਤਾ ਹੈ। ਸਮਾਰਟਫ਼ੋਨਾਂ 'ਤੇ ਪਾਬੰਦੀ ਲਗਾਉਣ ਦੇ ਬਿਹਤਰ ਨਤੀਜੇ ਜੀਈਐਮ ਰਿਪੋਰਟ-2023 ਦੇ ਅਨੁਸਾਰ, 'ਸਿਰਫ਼ ਨੇੜੇ ਇੱਕ ਮੋਬਾਈਲ ਫ਼ੋਨ ਹੋਣਾ ਅਤੇ ਇਸ 'ਤੇ ਸੂਚਨਾਵਾਂ ਪ੍ਰਾਪਤ ਕਰਨਾ ਵਿਦਿਆਰਥੀਆਂ ਦਾ ਕੰਮ ਤੋਂ ਧਿਆਨ ਭਟਕਾਉਣ ਲਈ ਕਾਫ਼ੀ ਹੈ।' ਇੱਕ ਹੋਰ ਅਧਿਐਨ ਵਿੱਚ ਪਾਇਆ ਗਿਆ ਕਿ ਵਿਦਿਆਰਥੀਆਂ ਦਾ ਧਿਆਨ ਭਟਕ ਜਾਣ ਤੋਂ ਬਾਅਦ ਉਹਨਾਂ ਨੂੰ ਦੁਬਾਰਾ ਧਿਆਨ ਕੇਂਦਰਿਤ ਕਰਨ ਵਿੱਚ 20 ਮਿੰਟ ਲੱਗ ਸਕਦੇ ਹਨ। ਬੈਲਜੀਅਮ, ਸਪੇਨ ਅਤੇ ਯੂਕੇ ਦੇ ਸਕੂਲਾਂ ਵਿੱਚ ਸਮਾਰਟਫੋਨ ਦੀ ਵਰਤੋਂ 'ਤੇ ਪਾਬੰਦੀਆਂ ਕਾਰਨ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਵਿੱਚ ਸੁਧਾਰ ਹੋਇਆ ਹੈ।

# ਤਾਪਮਾਨ ਵਧਣ ਨਾਲ ਡੇਂਗੂ ਫੈਲਦਾ ਹੈ

**ਵਿਜੈ ਗਰਗ**

ਗਰਮੀ ਅਤੇ ਮੀਂਹ ਦੋਵੇਂ ਹੀ ਡੇਂਗੂ ਦੇ ਪ੍ਰਕੋਪ ਨੂੰ ਵਧਾ ਸਕਦੇ ਹਨ। ਮੌਸਮੀ ਤਬਦੀਲੀਆਂ ਦੇ ਕਾਰਨ, ਡੇਂਗੂ ਦਾ ਪ੍ਰਕੋਪ ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਹੁੰਦਾ ਹੈ। ਗਰਮ ਤਾਪਮਾਨ ਵਿੱਚ ਮੱਛਰਾਂ ਦਾ ਜੀਵਨ ਚੱਕਰ ਤੇਜ਼ ਹੋ ਜਾਂਦਾ ਹੈ। ਇਸ ਨਾਲ ਮੱਛਰਾਂ ਦੇ ਬਚਣ ਦੀ ਦਰ ਵਧਦੀ ਹੈ। ਬਾਰਸ਼ਾਂ ਦੌਰਾਨ, ਮੱਛਰਾਂ ਦੀ ਆਬਾਦੀ ਵੱਧ ਜਾਂਦੀ ਹੈ ਅਤੇ ਪ੍ਰਜਨਨ ਸਥਾਨ ਵੀ ਵੱਧ ਜਾਂਦੇ ਹਨ। ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਵਧਦਾ ਤਾਪਮਾਨ ਡੇਂਗੂ ਦੇ ਫੈਲਣ ਨੂੰ ਵਧਾਉਂਦਾ ਹੈ, ਪਰ ਬਾਰਿਸ਼ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕਿਸੇ ਖੇਤਰ ਵਿੱਚ ਕਿੰਨੇ ਸਮੇਂ ਤੋਂ ਖੁਸ਼ਕ ਮੌਸਮ ਰਿਹਾ ਹੈ। ਜਲਵਾਯੂ ਪਰਿਵਰਤਨ ਕਾਰਨ ਗਰਮ, ਸੁੱਕੇ ਹਾਲਾਤ ਡੇਂਗੂ ਦੇ ਪ੍ਰਕੋਪ ਨੂੰ ਵਧਾ ਰਹੇ ਹਨ, ਜਿਸ ਵਿੱਚ ਪਹਿਲਾਂ ਪ੍ਰਭਾਵਿਤ ਨਾ ਹੋਏ ਦੇਸ਼ ਵੀ ਸ਼ਾਮਲ ਹਨ। ਇਸ ਸੰਬੰਧੀ ਇੱਕ ਅਧਿਐਨ ਸਾਇੰਸ ਜਰਨਲ ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਵਿੱਚ ਦੱਸਿਆ ਗਿਆ ਸੀ ਕਿ ਤਾਪਮਾਨ ਅਤੇ ਬਾਰਿਸ਼ ਕਿਵੇਂ ਆਪਸ ਵਿੱਚ ਮੇਲ ਖਾਂਦੇ ਹਨ ਅਤੇ ਬਿਮਾਰੀ ਦੇ ਫੈਲਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਕੋਰੀਆ ਐਡਵਾਂਸਡ ਇੰਸਟੀਚਿਊਟ ਆਫ਼ ਸਾਇੰਸ ਐਂਡ ਟੈਕਨਾਲੋਜੀ ਅਤੇ ਇੰਸਟੀਚਿਊਟ ਫਾਰ ਬੇਸਿਕ ਸਾਇੰਸ ਦੀ ਅਗਵਾਈ ਵਾਲੇ ਖੋਜਕਰਤਾਵਾਂ ਨੇ ਡੇਂਗੂ ਦੇ ਫੈਲਣ ਵਿੱਚ ਸਥਾਨਕ ਮੌਸਮੀ ਸਥਿਤੀਆਂ ਦੀ ਭੂਮਿਕਾ ਨੂੰ ਉਜਾਗਰ ਕੀਤਾ, ਬਿਮਾਰੀ ਨੂੰ ਰੋਕਣ ਲਈ ਅਨੁਕੂਲ ਰਣਨੀਤੀਆਂ ਬਣਾਉਣ ਦੀ ਮੰਗ ਕੀਤੀ। ਡੇਂਗੂ ਇੱਕ ਵਾਇਰਲ ਇਨਫੈਕਸ਼ਨ ਹੈ ਜੋ ਇੱਕ ਸੰਕਰਮਿਤ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਫਿਲੀਪੀਨਜ਼ ਦੇ 16 ਖੇਤਰਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਜੋ ਉਨ੍ਹਾਂ ਦੇ ਵਿਭਿੰਨ ਮੌਸਮਾਂ ਲਈ ਜਾਣੇ ਜਾਂਦੇ ਹਨ, ਖੋਜਕਰਤਾਵਾਂ ਨੇ ਜਨਵਰੀ 2015 ਅਤੇ ਦਸੰਬਰ 2019 ਦੇ ਵਿਚਕਾਰ ਦਰਜ ਕੀਤੇ ਗਏ ਪੰਜ ਸਾਲਾਂ ਦੇ ਡੇਟਾ ਦਾ ਵਿਸ਼ਲੇਸ਼ਣ ਕੀਤਾ। ਵਧਦਾ ਤਾਪਮਾਨ ਡੇਂਗੂ ਦੇ ਸੰਚਾਰ ਦੀਆਂ ਉੱਚ ਦਰਾਂ ਨਾਲ ਜੁੜਿਆ ਹੋਇਆ ਸੀ। ਇਹ ਪਾਇਆ ਗਿਆ ਕਿ ਬਾਰਿਸ਼ ਨੇ ਪੂਰਬੀ ਖੇਤਰਾਂ ਵਿੱਚ ਬਿਮਾਰੀ ਦੇ ਫੈਲਾਅ ਨੂੰ ਵਧਾਇਆ ਅਤੇ ਪੱਛਮੀ ਖੇਤਰਾਂ ਵਿੱਚ ਇਸਨੂੰ ਘਟਾ ਦਿੱਤਾ। ਮੱਛਰਾਂ ਦੀ ਆਬਾਦੀ ਅਤੇ ਡੇਂਗੂ ਦੇ ਮਾਮਲਿਆਂ ਵਿੱਚ ਵਾਧਾ: ਖੋਜ ਟੀਮ ਨੇ ਸਮਝਾਇਆ ਕਿ ਡੇਂਗੂ ਦੇ ਸੰਚਾਰ 'ਤੇ ਬਾਰਿਸ਼ ਦੇ ਵਿਪਰੀਤ ਪ੍ਰਭਾਵ ਪਹਿਲਾਂ ਨਜ਼ਰਅੰਦਾਜ਼ ਕੀਤੇ ਗਏ "ਮਹੱਤਵਪੂਰਨ ਕਾਰਕ" 'ਤੇ ਨਿਰਭਰ ਕਰਦੇ ਹਨ। ਸੁੱਕੇ ਮੌਸਮ ਦੀ ਲੰਬਾਈ ਵਿੱਚ ਭਿੰਨਤਾ, ਜੋ ਕਿ ਵੱਖ-ਵੱਖ ਭੂਗੋਲਿਕ ਖੇਤਰਾਂ ਵਿਚਕਾਰ ਸੁੱਕੇ ਮੌਸਮ (ਘੱਟ ਜਾਂ ਬਿਨਾਂ ਬਾਰਿਸ਼ ਦੇ) ਦੇ ਕਿੰਨੇ ਸਮੇਂ ਤੱਕ ਰਹਿਣ ਦੇ ਅੰਤਰ ਨੂੰ ਦਰਸਾਉਂਦੀ ਹੈ। ਖੋਜਕਰਤਾਵਾਂ ਨੇ ਕਿਹਾ ਕਿ ਜਿਨ੍ਹਾਂ ਖੇਤਰਾਂ ਵਿੱਚ ਸੁੱਕੇ ਮੌਸਮ ਦੀ ਲੰਬਾਈ ਵਿੱਚ ਘੱਟ ਭਿੰਨਤਾ ਦੇਖੀ ਗਈ, ਬਾਰਿਸ਼ ਨੇ ਖੜ੍ਹੇ ਪਾਣੀ ਨੂੰ ਬਾਹਰ ਕੱਢ ਦਿੱਤਾ, ਜਿਸ ਨਾਲ ਮੱਛਰਾਂ ਦੇ ਪ੍ਰਜਨਨ ਸਥਾਨਾਂ ਨੂੰ ਘਟਾਇਆ, ਜਿਸ ਨਾਲ ਡੇਂਗੂ ਦਾ ਫੈਲਾਅ ਘੱਟ ਗਿਆ। ਹਾਲਾਂਕਿ, ਸੁੱਕੇ ਮੌਸਮ ਦੀ ਲੰਬਾਈ ਵਿੱਚ ਵਧੇਰੇ ਭਿੰਨਤਾ ਵਾਲੇ ਖੇਤਰਾਂ ਵਿੱਚ, ਛਿੱਟੇ-ਪੱਟੇ ਬਾਰਿਸ਼ ਨੇ ਨਵੇਂ ਪ੍ਰਜਨਨ ਸਥਾਨ ਬਣਾਏ ਅਤੇ ਭਾਰੀ ਬਾਰਿਸ਼ ਦੇ ਨਤੀਜੇ ਨੂੰ ਕਮਜ਼ੋਰ ਕਰ ਦਿੱਤਾ, ਜਿਸ ਨਾਲ ਮੱਛਰਾਂ ਦੀ ਆਬਾਦੀ ਅਤੇ ਡੇਂਗੂ ਦੇ ਮਾਮਲਿਆਂ ਵਿੱਚ ਵਾਧਾ ਹੋਇਆ। ਕੋਰੀਆ ਐਡਵਾਂਸਡ ਇੰਸਟੀਚਿਊਟ ਆਫ਼ ਸਾਇੰਸ ਐਂਡ ਟੈਕਨਾਲੋਜੀ ਅਤੇ ਇੰਸਟੀਚਿਊਟ ਫਾਰ ਬੇਸਿਕ ਸਾਇੰਸ ਦੇ ਅਧਿਐਨ ਦੇ ਮੁੱਖ ਲੇਖਕ ਓਲੀਵ ਆਰ। ਕਵਿੰਡਿੰਗ ਨੇ ਕਿਹਾ, "ਸਾਡੀਆਂ ਖੋਜਾਂ ਇਸ ਗੱਲ ਦਾ ਸਬੂਤ ਪ੍ਰਦਾਨ ਕਰਦੀਆਂ ਹਨ ਕਿ ਜਲਵਾਯੂ ਕਾਰਕ ਵੱਖ-ਵੱਖ ਵਾਤਾਵਰਣਾਂ ਵਿੱਚ ਡੇਂਗੂ ਦੇ ਸੰਚਾਰ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ।"

# ਇਨਕਮ ਟੈਕਸ ਢਾਂਚਾ ਬਨਾਮ ਆਰਥਿਕ ਵਿਕਾਸ

**ਵਿਜੈ ਗਰਗ**

ਅਗਲੇ ਵਿੱਤੀ ਸਾਲ ਦੇ ਬਜਟ ਵਿੱਚ ਸਭ ਤੋਂ ਵੱਧ ਚਰਚਾ ਕੀਤੀ ਗਈ ਸਭ ਤੋਂ ਵੱਧ ਬਜਟ ਵਿੱਚ ਆਮਦਨੀ ਟੈਕਸ ਵਿੱਚ ਦਿੱਤੀ ਗਈ ਛੋਟ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੇਂਦਰ ਸਰਕਾਰ ਨੇ ਇਸ ਵਾਰ ਇਨਕਮ ਟੈਕਸ ਦੀ ਸੀਮਾ ਵਿਚ ਅਚਾਨਕ ਵਾਧਾ ਕਰ ਦਿੱਤਾ ਹੈ। ਇਸ ਸੰਬੰਧ ਵਿਚ ਇਹ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਇਹ ਇਕ ਦਬਾਅ ਵੀ ਸੀ। ਪਰ ਕੀ ਸਰਕਾਰ ਦਾ ਇਹ ਕਦਮ ਆਉਣ ਵਾਲੇ ਸਮੇਂ ਵਿਚ ਆਰਥਿਕ ਵਿਕਾਸ ਨੂੰ ਤੇਜ਼ ਕਰੇਗਾ ਜਾਂ ਇਸ ਤਰ੍ਹਾਂ ਦੀ ਆਰਥਿਕ ਪਹੁੰਚ ਇਕ ਵੱਡੀ ਰੁਖ ਸੀ, ਇਹ ਅਜੇ ਸਪੱਸ਼ਟ ਨਹੀਂ ਹੈ। ਸ਼ੁਰੂ ਵਿੱਚ ਇਹ ਵੇਖਿਆ ਜਾਂਦਾ ਹੈ ਆਮਦਨੀ ਟੈਕਸ ਦੀ ਛੋਟ ਨਾਗਰਿਕਾਂ ਦੇ ਨਾਲ ਵਿੱਤੀ ਤਰਲਤਾ ਨੂੰ ਵਧਾਉਂਦੀ ਹੈ ਅਤੇ ਇਹ ਸਿੱਧਾ ਭਾਰਤੀ ਅਰਥਚਾਰੇ ਵਿੱਚ ਵੇਖੇਗੀ। ਪਹਿਲਾਂ, ਵਿਅਕਤੀਆਂ ਦੀ ਖਰੀਦ ਸਮਰੱਥਾ ਵਧੇਗੀ ਅਤੇ ਦੂਜਾ, ਉਨ੍ਹਾਂ ਦੀ ਬਚਤ ਵਧੇਗੀ। ਤੀਜਾ। ਇਹ ਲਾਭ ਵੀ ਹੋ ਸਕਦਾ ਹੈ ਕਿ ਕੁਝ ਵਿਅਕਤੀ ਇਸ ਵਿੱਤੀ ਬਚਤ ਨਾਲ ਆਪਣੇ ਕਰਜ਼ੇ ਦਾ ਭੁਗਤਾਨ ਕਰਨ ਵਿੱਚ ਵੀ ਸਹਾਇਤਾ ਕਰਦੇ ਹਨ, ਜੋ ਪਿਛਲੇ ਕੁਝ ਸਾਲਾਂ ਤੋਂ ਘੱਟ ਵਿੱਤੀ ਤਰਲ ਨਾਲ ਸੰਘਰਸ਼ ਕਰ ਰਹੇ ਹਨ। ਇਹ ਹੈ, ਇਹ ਸੰਭਵ ਹੈ ਕਿ ਕ੍ਰੈਡਿਟ ਕਾਰਡ ਦੇ ਕ੍ਰੈਡਿਟ ਕਾਰਡ ਜਾਂ ਘਰ ਬਣਾਉਣ ਲਈ ਉਨ੍ਹਾਂ ਦੁਆਰਾ ਲਏ ਗਏ ਵਿੱਤੀ ਕਰਜ਼ਿਆਂ ਸ਼੍ਰੀਮਾਨ ਮਹੀਨਾਵਾਰ ਕਿਸ਼ਤਾਂ ਦੇ ਕਾਰਨ ਆਰਥਿਕ ਤਰਲਤਾ ਵਿੱਚ ਕਮੀ ਇੱਕ ਸਹਾਇਤਾ ਪ੍ਰਾਪਤ ਕਰਨੀ ਚਾਹੀਦੀ ਹੈ। ਜੇ ਇਸ ਪਹਿਲੂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਕੁਝ ਲੋਕਾਂ ਨੂੰ ਵੀ ਨਾਲ ਲਿਜਾਣਾ ਹੋਵੇਗਾ। ਆਰਥਿਕ ਸਰਵੇਖਣ ਅਧੀਨ, ਸਰਕਾਰ ਨੇ ਆਉਣ ਵਾਲੇ ਵਿੱਤੀ ਸਾਲ ਲਈ ਲਗਭਗ ਦਸ ਪ੍ਰਤੀਸ਼ਤ ਅਤੇ ਮੁਦਰਾਸ਼ਨ ਤੋਂ ਲੈ ਕੇ ਮਹਿੰਗਾਈ ਦਰ ਪ੍ਰਵਾਨੀ ਕੀਤੀ ਹੈ। ਇਸ ਤੋਂ ਘੱਟ ਸਪੱਸ਼ਟ ਹੈ ਕਿ ਜੀਡੀਪੀ ਦੀ ਅਸਲ ਵਿਕਾਸ ਦਰ ਛੇ ਤੋਂ ਸੱਤ ਪ੍ਰਤੀਸ਼ਤ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਇਸ ਲਈ, ਹਰੇਕ ਨੂੰ ਇਹ ਸਮਝਣਾ ਪਏਗਾ ਕਿ ਆਰਥਿਕਤਾ ਵਿੱਚ ਆਰਥਿਕ ਵਿਕਾਸ ਦੀ ਦਰਸਰਕਾਰ ਦੀ ਪਹਿਲ ਬਣਾਈ ਰੱਖਣ ਦੀ ਸਮਰੱਥਾ ਨੂੰ ਤੇਜ਼ ਕਰਨਾ ਹੈ। ਇਸ ਦੇ ਨਾਲ, ਤਸਵੀਰ ਦਾ ਦੂਸਰਾ ਪਾਸਾ ਇਕ ਵੱਖਰੀ ਹਕੀਕਤ ਰੱਖਦਾ ਹੈ ਅਤੇ ਉਹ ਕਹਿੰਦਾ ਹੈ ਕਿ ਭਾਰਤ ਤੋਂ ਇਨਕਮ ਟੈਕਸ ਅਦਾ ਕਰਨ ਵਾਲਿਆਂ ਦੀ ਗਿਣਤੀ ਸਿਰਫ ਅੱਠ ਕਰੋੜ ਹੈ, ਜੋ ਕਿ ਆਬਾਦੀ ਸਿਰਫ ਪੰਜ ਪ੍ਰਤੀਸ਼ਤ ਹੈ। ਇਸ ਤੋਂ ਪਹਿਲਾਂ ਇਨਕਮ ਟੈਕਸ ਸੀਮਾ ਸੱਤ ਲੱਖ ਰੁਪਏ ਸੀ, ਜੋ ਇਸ ਵਾਰ ਬਜਟ ਦੇ ਅਧੀਨ ਬਾਰ-ਵੱਖ ਰੁਪਏ ਦੀ ਲੰਘ ਗਈ, ਪਰ ਇਸ ਇਨਕਮ ਟੈਕਸ ਸੀਮਾ ਦੇ ਅਧੀਨ ਟੈਕਸਦਾਤਾਵਾਂ ਸਿਰਫ ਤਿੰਨ ਕਰੋੜ ਰੁਪਏ ਜਾਂ ਘੱਟ ਹਨ। ਇਹ ਹੈ ਕਿ ਤਿੰਨ ਕਰੋੜ ਟੈਕਸਦਾਤਾ ਜੋ 15 ਸਤਨ 15 ਕਰੋੜ ਦੀ ਆਬਾਦੀ ਨੂੰ ਦਰਸਾਉਂਦੇ ਹਨ ਉਹ ਕਰਦੇ ਹਨ ਅਤੇ ਉਨ੍ਹਾਂ ਨੂੰ ਇਸ ਟੈਕਸ-ਅਫਰੀਕਾ ਦੀ ਸੀਮਾ ਦਾ ਲਾਭ ਮਿਲੇਗਾ। ਇਸ ਲਈ ਕੀ ਇਹ ਦੇਸ਼ ਦੇ ਇਸ ਛੋਟੇ ਜਿਹੇ ਭਾਗ ਵੱਲ ਧਿਆਨ ਦੇਣਾ ਤਰਕਸ਼ੀਲ ਹੈ, ਚਾਹੇ ਦੇਸ਼ ਵਿੱਚ ਆਰਥਿਕ ਵਿਕਾਸ ਦੀ ਜ਼ਿੰਮੇਵਾਰੀ, ਜੋ ਵੱਧ ਰਹੀ ਖਰੀਦ ਸਮਰੱਥਾ ਜਾਂ ਆਰਥਿਕ ਬਚਤ ਦੇ ਅਨੁਸਾਰ ਹੈ? ਜਦੋਂ ਕਿ ਭਾਰਤ ਨੇ ਜੀਡੀਪੀ ਦੇ ਅਨੁਸਾਰ ਵਿਸ਼ਵ ਵਿੱਚ ਪੰਜਵੀਂ ਆਰਥਿਕਤਾ ਨੂੰ ਜੀ।ਡੀਪੀ ਦੇ ਪੰਜਵੀਂ ਆਰਥਿਕਤਾ ਨੂੰ ਦੁਨੀਆ ਵਿੱਚ ਬਹੁਤ ਪਿੱਛੇ ਰੱਖਿਆ। ਇਨਕਮ ਟੈਕਸ ਸੀਮਾ ਵਿੱਚ ਵਾਧੇ ਦਾ ਪ੍ਰਬੰਧ ਲਾਗੂ ਹੋਵੇਗਾ 26 ਅਪ੍ਰੈਲ, 2025- 26 ਅਪ੍ਰੈਲ ਤੋਂ ਲਾਗੂ ਹੋਵੇਗਾ। ਹੁਣ ਇਸ ਪ੍ਰਸੰਗ ਵਿੱਚ ਵੀ ਇਹ ਗੱਲ ਵੀ ਇਸ ਨੂੰ ਸਮਝਣਾ ਪਏਗਾ ਕਿ ਇਹ ਪ੍ਰਬੰਧ ਅਗਲੇ ਵਿੱਤੀ ਵਰ੍ਹੇ ਦੇ ਪਹਿਲੇ ਦੋ ਤਿਮਾਹਾਂ ਲਈ ਸਕਾਰਾਤਮਕ ਪ੍ਰਭਾਵ ਨਹੀਂ ਵੇਖੇਗੀ। ਕਿਉਂਕਿ ਦੀਵਾਲੀ ਤੀਜੀ ਤਿਮਾਹੀ ਵਿਚ ਆਉਂਦੀ ਹੈ ਅਤੇ ਭਾਰਤ ਵਿਚ ਖਰੀਦਾਰੀ ਸਮਰੱਥਾ ਦੀ ਅਸਲ ਸ਼ਕਤੀ ਕੀਤੀ ਜਾਂਦੀ ਹੈ ਉਸ ਸਮੇਂ ਦੌਰਾਨ ਕੀਤੀ ਜਾਂਦੀ ਹੈ। ਇਸ ਬਜਟ ਤੋਂ ਬਾਅਦ, ਇਕ ਹੋਰ ਵਿਚਾਰ-ਵਟਾਂਦਰੇ ਬਹੁਤ ਆਮ ਰਹੀ ਹੈ ਕਿ ਇਨਕਮ ਟੈਕਸ ਦੀ ਇਸ ਸੀਮਾ ਵਿਚ ਵੱਡਾ ਵਾਧਾ ਮੱਧ-ਕਲੱਸ ਵਿਅਕਤੀ ਅਤੇ ਉਸਦੇ ਪਰਿਵਾਰ ਨਾਲ ਸਿੱਧਾ ਜੁੜਿਆ ਹੋਇਆ ਹੈ, ਜੋ ਕਿ ਉਚਿਤ ਨਹੀਂ ਹੈ। ਭਾਰਤ ਵਿਚ ਮੱਧ ਵਰਗ 60 ਪ੍ਰਤੀਸ਼ਤ ਤੋਂ ਵੱਧ ਆਬਾਦੀ ਨੂੰ ਦਰਸਾਉਂਦਾ ਹੈ, ਜਦੋਂ ਕਿ ਇਨਕਮ ਟੈਕਸ ਦੀ ਸੀਮਾ ਵਿੱਚ ਵਾਧਾ ਸਿਰਫ ਤਿੰਨ ਕਰੋੜ ਪਰਿਵਾਰਾਂ ਦਾ ਲਾਭ ਲਾਭ ਪ੍ਰਾਪਤ ਕਰਨ ਜਾ ਰਿਹਾ ਹੈ, ਜੋ ਕੁੱਲ ਆਵਾਸ ਨੂੰ ਦਸ ਪ੍ਰਤੀਸ਼ਤ ਦਰਸਾਉਂਦਾ ਹੈ। ਇਸ ਲਈ, ਇਸ ਟੈਕਸ-ਸੰਬੰਧੀ ਬਾਰਡਰ ਦਾ ਪ੍ਰਬੰਧ ਪੂਰੀ ਤਰ੍ਹਾਂ ਮੱਧਕਾਲੀ ਵਰਗ ਦੇ ਨਾਲ ਜੁੜਨਾ ਬੇਇਨਸਾਫੀ ਹੈ। ਕਿਉਂਕਿ ਇਹ ਵਿਵਸਥਾਵਾਂ ਉੱਚ ਮੱਧ ਵਰਗ ਦੇ ਵਿਅਕਤੀ ਨੂੰ ਪ੍ਰਭਾਵਤ ਕਰਦੀਆਂ ਹਨ। ਵਿੱਤੀ ਸਾਲ 2017-18 ਤੋਂ ਵਧਾ ਕੇ 2024-25, ਸਲੀਦ ਤੋਂ ਵੱਧ ਉਮਰ ਦੇ ਰੁਜ਼ਗਾਰ ਤੋਂ ਵੱਧ ਸਮੇਂ ਤੋਂ ਵੱਧ ਆਮਦਨੀ ਵਾਲੇ ਸਾਲ ਤੋਂ ਵੱਧ ਦੀ ਆਮਦਨੀ ਨੂੰ ਘਟਾ ਦਿੱਤਾ ਗਿਆ ਹੈ। ਇਹ ਦੱਸਣਾ ਬਹੁਤ ਮਹੱਤਵਪੂਰਨ ਹੈਇਹ ਹੈ ਕਿ ਇਨਕਮ ਟੈਕਸ ਅਦਾ ਕਰਨ ਵਾਲੇ ਜਿਨ੍ਹਾਂ ਦੀ ਆਮਦਨੀ ਟੈਕਸ ਸੀਮਾ ਦੇ ਵਾਧੇ ਦਾ ਫਾਇਦਾ ਠੰਡਾ ਬਿਟਨਿ ਭਾਕਾ ਹੈ, ਜਿਸ ਦੀ ਤਨਖਾਹ ਪਿਛਲੇ ਛੇ ਸਾਲਾਂ ਵਿੱਚ ਬਹੁਤ ਜ਼ਿਆਦਾ ਵੱਧ ਗਈ ਹੈ । ਅਤੇ ਇਸ ਤੋਂ ਇਲਾਵਾ, ਮਹਿੰਗਾਈ ਦੀ ਦਰ ਚਾਰ ਤੋਂ ਪੰਜ ਪ੍ਰਤੀਸ਼ਤ ਦੇ ਵਿਚਕਾਰ ਰਹਿੰਦੀ ਹੈ ਅਤੇ ਉਨ੍ਹਾਂ ਲਈ ਖੁਰਾਕੀ ਮੁਦਰਾਸਿੰਗ ਬਹੁਤ ਦੁਖਦਾਈ ਹੈ, ਕਿਉਂਕਿ ਅਜੇ ਤੱਕ ਜੀਐਸਟੀ ਰੇਟਾਂ ਵਿੱਚ ਕਿਸੇ ਤਬਦੀਲੀ ਦੀ ਉਮੀਦ ਨਹੀਂ ਹੈ। ਸਰਕਾਰ ਟੈਕਸ ਦੀ ਸੀਮਾ ਵਿੱਚ ਬਜਟ ਪੇਸ਼ ਕਰਦੇ ਹੋਏ ਸਰਕਾਰਇਕ ਤਰ੍ਹਾਂ ਨਾਲ, ਇੰਨੀ ਵੱਡੀ ਰਾਹਤ ਦੇ ਕੇ ਲਗਭਗ ਇਕ ਲੱਖ ਕਰੋੜ ਰੁਪਏ ਦਾ ਆਰਥਿਕ ਨੁਕਸਾਨ ਵੀ ਪ੍ਰਸਤਾਵਿਤ ਕੀਤਾ ਗਿਆ ਹੈ। ਇਹ ਨੋਟ ਕੀਤਾ ਜਾ ਸਕਦਾ ਹੈ ਕਿ ਤਿੰਨ-ਚਾਰ ਸਾਲ ਪਹਿਲਾਂ, ਜਦੋਂ ਸਰਕਾਰ ਨੇ ਕੰਪਨੀਆਂ ਦੀ ਦਰ ਨੂੰ ਘਟਾ ਦਿੱਤੀ ਸੀ, ਤਾਂ ਇਸ ਨੇ ਇਕ ਤੋਂ ਡੇਢ ਲੱਖ ਕਰੋੜ ਰੁਪਏ ਦੇ ਇਕ ਤਰ੍ਹਾਂ ਦਾ ਘਾਟਾ ਦਿੱਤਾ ਸੀ। ਜਦੋਂ ਕਿ ਵਿੱਤੀ ਨੁਕਸਾਨ ਦੁੱਗਣਾ ਹੋ ਗਿਆ ਸੀ। ਇਹ ਸਮਝਣਾ ਵੀ ਬਹੁਤ ਮਹੱਤਵਪੂਰਨ ਹੈ ਕਿ ਇਸ ਇਨਕਮ ਟੈਕਸ ਸੀਮਾ ਵਿੱਚ ਵਾਧੇ ਕਾਰਨ ਪ੍ਰਤੀ ਵਿਅਕਤੀ ਆਮਦਨੀ ਦੇ ਵਿੱਚ ਅੰਤਰ ਅਤੇ ਘੱਟੋ ਘੱਟ ਆਮਦਨੀ ਟੈਕਸ ਸੀਮਾ ਛੇ ਵਾਰ ਵੱਧ ਗਈ ਹੈ। ਕੀ ਇਸ ਪਾਸੇ ਭਾਰਤ ਵਿਚ ਗਰੀਬਾਂ ਦੇ ਪੈਮਾਨੇ 'ਤੇ ਅਸਰ ਨਹੀਂ ਪਾਏਗਾ? ਕੀ ਇਕੱਲੇ ਕਰਨ ਲਈ ਇਕੱਲੇ ਭੈਣ ਨੂੰ ਆਰਥਿਕ ਅਸਮਾਨਤਾ ਨਹੀਂ ਸਮਝਦਾ? ਨੱਬੇ ਦੇ ਆਰਥਿਕ ਸੁਧਾਰ ਦੇ ਸਮੇਂ ਪ੍ਰਤੀ ਵਿਅਕਤੀ ਆਮਦਨੀ ਅਤੇ ਭਾਰਤ ਵਿਚ ਘੱਟੋ ਘੱਟ ਆਰਥਿਕ ਸੀਮਾ ਤਿੰਨ ਵਾਰ ਹੁੰਦੀ ਸੀ। ਅੱਜ ਅਮਰੀਕਾ ਵਿਚ ਇਹ ਅੰਤਰ ਦੁੱਗਣਾ ਤੋਂ ਘੱਟ ਹੈ। ਇੰਨੇ ਸਮੇਂ 'ਤੇ, ਇਸ ਦੇ ਛੇ ਵਜੇ ਭਾਰਤ ਵਿਚ ਆਉਣ ਵਾਲੇ ਸਮੇਂ ਵਿਚ ਦੇ ਪੱਧਰ 'ਤੇ ਪਹੁੰਚਣਾ, ਵਧੇਰੇ ਸੁਵਿਧਾਜਨਕ ਹੋਵੇਗਾ, ਇਹ ਅਜੇ ਬਹੁਤ ਸਪੱਸ਼ਟ ਨਹੀਂ ਹੈ। ਫਿਰ ਵੀ, ਇਸ ਪਗ ਦਾ ਬਹੁਤ ਹੀ ਸਕਾਰਾਤਮਕ ਪੱਖ ਆਉਣ ਵਾਲੇ ਸਮੇਂ ਵਿੱਚ ਵੇਖਿਆ ਜਾਵੇਗਾ। ਇਹ ਨਿੰਜੀ ਆਰਥਿਕ ਨਿਵੇਸ਼ ਪ੍ਰਦਾਨ ਕਰੇਗਾ। ਕਿਉਂਕਿ ਇਸ ਵਿਅਕਤੀ ਦੀ ਆਰਥਿਕਤਾ ਨਿਸ਼ਚਤ ਤੌਰ ਤੇ ਸਮਰੱਥਾ ਵਧਾਏਗੀ। ਇਸ ਤੋਂ ਇਲਾਵਾ ਲੋਕਾਂ ਦੀ ਆਰਥਿਕ ਬਚਤ ਦਾ ਲਾਭ ਵੀ ਆਉਣ ਵਾਲੇ ਦਿਨਾਂ ਵਿਚ ਭਾਰਤੀ ਰਾਜਧਾਨੀ ਮਾਰਕੀਟ, ਬੈਂਕਿੰਗ ਸੈਕਟਰ, ਜਾਇਦਾਦ ਦੇ ਖੇਤਰ ਵਿਚ ਆਦਿ ਦੇ ਦਿਨਾਂ ਵਿਚ ਦੇਖਿਆ ਜਾਵੇਗਾ।

ਇਸ ਤੋਂ ਇਲਾਵਾ, ਵੱਖ-ਵੱਖ ਵਿਸ਼ਵ-ਵੱਖ ਵੱਖ ਵੱਖ ਵੱਖ ਵੱਖ ਵੱਖ ਵੱਖ ਵੱਖ ਸਥਿਤੀਆਂ ਵਿੱਚ ਆਰਥਿਕ ਬਜ਼ਾਰ ਵਿੱਚ ਵਾਧਾ ਹੋਇਆ, ਜੋ ਕਿ ਸਮੇਂ ਸਿਰ ਐਨਡੀਏ ਸਰਕਾਰ ਦੁਆਰਾ ਕੀਤਾ ਜਾ ਸਕਦਾ ਸੀ ਉਹ ਅਚਾਨਕ ਗਲੋਬਲ ਕਦਮ ਹੈ।

# ਨਵੇਂ ਗਾਇਕ ਕਰਨੈਲ ਨਿਗਾਹੀ ਦਾ ਗੀਤ "ਰੌਂਗ ਸਾਈਡ" ਹੋਇਆ ਰਿਲੀਜ਼

ਭਵਾਨੀਗੜ੍ਹ- ਕਲਾ ਕਿਸੇ ਕੈਦੀ ਵਲਗਣ ਦੀ ਮੁਥਾਜ ਨਹੀਂ ਹੁੰਦੀ ਅਤੇ ਨਾਹੀਂ ਹੀ ਕਿਸੇ ਅੰਦਰ ਜ਼ਬਰਦਸਤੀ ਪੈਦਾ ਕੀਤੀ ਜਾ ਸਕਦੀ ਹੈ,ਇਹ ਤਾਂ ਆਪ ਮੁਹਾਰੇ ਆਪਣੇ ਅੰਦਰੋਂ ਫੁੱਟ ਪੈਂਦੀ ਹੈ। ਇਸੇ ਤਰ੍ਹਾਂ ਗੀਤਕਾਰੀ ਚ ਆਪਣਾ ਹੱਥ ਅਜ਼ਮਾਉਣ ਤੋਂ ਬਾਅਦ ਗੀਤਕਾਰ ਕਰਨੈਲ ਨਿਗਾਹੀ ਨੇ ਗਾਇਕੀ ਦੇ ਖੇਤਰ ਵਿੱਚ ਆਪਣੇ ਪਹਿਲੇ ਦੋਗਾਣਾ ਗੀਤ "ਰੌਂਗ ਸਾਈਡ" ਨਾਲ ਪ੍ਰਵੇਸ਼ ਕੀਤਾ ਹੈ।ਇਸ ਗੀਤ ਵਿੱਚ ਸਹਿ ਗਾਇਕਾ ਵਜੋਂ ਰਾਜਵਿੰਦਰ ਕੌਰ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸਾਥ ਨਿਭਾਇਆ ਹੈ।



ਇਸ ਗੀਤ ਨੂੰ ਗਾਇਕ ਕਰਨੈਲ ਨਿਗਾਹੀ ਦੇ ਪਿੰਡ ਬੀਂਬੜ੍ਹ ਸਥਿਤ ਘਰ ਦਫ਼ਤਰ ਵਿਖੇ ਸਾਹਿਤਕ ਹਸਤੀਆਂ ਅਤੇ ਪਿੰਡ ਦੇ ਮੋਹਤਬਰ ਵਿਆਕਤੀਆਂ ਨੇ ਰਿਲੀਜ਼ ਕੀਤਾ ਹੈ। ਵਿਸ਼ਵ ਪੱਧਰੀ ਰਿਲੀਜ਼ ਹੋਏ ਇਸ ਦੋਗਾਣਾ ਗੀਤ ਨੂੰ ਕਰਨੈਲ ਨਿਗਾਹੀ ਨੇ ਖੁਦ ਲਿਖਿਆ ਹੈ। ਜੱਗਾ ਭੱਟੀਵਾਲ ਦੀ ਨਿਰਦੇਸ਼ਨਾ ਹੇਠ ਤਿਆਰ ਕੀਤਾ ਗਿਆ ਹੈ ਅਤੇ ਇਸ ਗੀਤ ਨੂੰ ਸ਼ਿਵ ਹਾਂਡਾ ਨੂੰ ਸੰਗੀਤ ਦੀਆਂ ਧੁਨਾਂ ਵਿਚ ਪ੍ਰੋਰਿਆ ਹੈ।ਉਮੀਦ ਹੈ ਕਿ ਇਹ ਗੀਤ ਬੁਲੰਦੀਆਂ ਦਾ ਸਿਖਰ ਛੂਹੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਉੱਘੇ ਸ਼ਾਇਰ ਰਣਜੀਤ ਆਜ਼ਾਦ ਕਾਂਝਲਾ, ਜੱਗਾ ਭੱਟੀਵਾਲੀਆ (ਪ੍ਰਾਜੈਕਟ ਇੰਚਾਰਜ), ਦਿਨੇਸ਼ ਬਾਂਸਲ (ਸਾਬਕਾ ਹਲਕਾ ਇੰਚਾਰਜ ਆਪ) ਗੁਰਪ੍ਰੀਤ ਸਿੰਘ ਆਲੋਅਰਖ (ਆਪ ਆਗੂ ਜਿਲ੍ਹਾ ਪ੍ਰਧਾਨ ਈਵੈਂਟ ਮਨੇਜਮੈਂਟ), ਗੁਰਦੀਪ ਸਿੰਘ ਫੱਗੂਵਾਲਾ (ਸਾਬਕਾ ਸਰਪੰਚ, ਨਿਰਮਲ ਸਿੰਘ (ਸਾਬਕਾ ਚੇਅਰਮੈਨ ਵੇਰਕਾ ਮਿਲਕ ਪਲਾਂਟ ਸੰਗਰੂਰ), ਸੁਖਦੇਵ ਸਿੰਘ ਆਲੋਅਰਖ (ਆਪ ਆਗੂ ਯੂਥ ਵਿੰਗ ਜੁਆਂਇੰਟ ਸੈਕਟਰੀ ਸੰਗਰੂਰ), ਪ੍ਰੀਤ ਧਾਰੋਂਕੀ (ਉੱਘੇ ਗੀਤਕਾਰ), ਕੁਲਵੰਤ ਖਨੌਰੀ (ਗਾਇਕ, ਗੀਤਕਾਰ ਅਤੇ ਪ੍ਰਧਾਨ ਸਾਹਿਤ ਸਿਰਜਣਾਂ ਮੰਚ ਭਵਾਨੀਗੜ੍ਹ), ਭੁਪਿੰਦਰ ਸਿੰਘ ਆਲੋਅਰਖ ਫੌਜੀ, ਕਾਮਰੇਡ ਚਰਨਜੀਤ ਸਿੰਘ , ਜੰਟੀ ਬੇਤਾਬ (ਉੱਘਾ ਗੀਤਕਾਰ), ਰਣਧੀਰ ਸਿੰਘ ਫੌਜੀ (ਬਸਪਾ ਆਗੂ ਮਾਝੀ), ਮਲਕੀਤ ਸਿੰਘ ਪੰਜੋਲੀ , ਸਰਦਾਰਾ ਸਿੰਘ ਸਿਉਨਾ, ਜਗਜੀਤ ਸਿੰਘ ਲੱਲ੍ਹੀ, ਨਿਰਮਲ ਸਿੰਘ ਬੀਂਬੜ (ਬਲਾਕ ਪ੍ਰਧਾਨ ਡੈਮੋਕ੍ਰੇਟਿਕ ਮਨਰੇਗਾ ਫਰੰਟ ਭਵਾਨੀਗੜ੍ਹ), ਸ਼ਿਵ ਹਾਂਡਾ (ਮਿਊਜ਼ਿਕ ਡਾਇਰੈਕਟਰ), ਸਿੱਪੀ ਆਲੋਅਰਖ (ਗਾਇਕ), ਮੈਡਮ ਸ਼ਸ਼ੀ ਬਾਲਾ (ਉੱਘੇ ਸ਼ਾਇਰ), ਰਣਜੀਤ ਸਿੰਘ ਅਜਾਦ , ਜ਼ਖ਼ਮੀ (ਪ੍ਰਧਾਨ ਮਾਲਵਾ ਲਿਖਾਰੀ ਸਭਾ ਸੰਗਰੂਰ) ਆਦਿ ਹਾਜ਼ਰ ਰਹੇ ।

**ਸਤਨਾਮ ਸਿੰਘ ਮੱਟੂ 9779708257**

# 20 ਫਰਵਰੀ ਲਈ ਵਿਸ਼ਵ ਸਮਾਜਿਕ ਨਿਆਂ ਦਿਵਸ ਸਬੰਧੀ ਵਿਸ਼ੇਸ਼




ਐਡਵੋਕੇਟ ਕੁਲਦੀਪ ਚੰਦ
91-9417563054

ਹਰ ਸਾਲ 20 ਫਰਵਰੀ ਨੂੰ ਵਿਸ਼ਵ ਸਮਾਜਿਕ ਨਿਆਂ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਮਾਜਿਕ ਨਿਆਂ ਦੇ ਸਿਧਾਂਤਾਂ ਨੂੰ ਲਿੰਗ ਸਮਾਨਤਾ ਜਾਂ ਆਦਿਵਾਸੀ ਲੋਕਾਂ ਅਤੇ ਪ੍ਰਵਾਸੀਆਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਬਰਕਰਾਰ ਰੱਖਿਆ ਜਾਂਦਾ ਹੈ। ਇਹ ਸਮਾਜਿਕ ਸੁਰੱਖਿਆ, ਨਿਆਂ, ਰੁਜ਼ਗਾਰ, ਬੁਨਿਆਦੀ ਸਿਧਾਂਤਾਂ, ਸਮਾਜਿਕ ਸੰਵਾਦ ਅਤੇ ਕੰਮ ਵਾਲੀ ਥਾਂ ਤੇ ਨਿਆਂਪੂਰਨ ਅਧਿਕਾਰਾਂ ਰਾਹੀਂ ਹਰੇਕ ਲਈ ਨਿਰਪੱਖ ਅਤੇ ਨਿਆਂਪੂਰਨ ਨਤੀਜਿਆਂ ਦੀ ਗਰੰਟੀ ਤੇ ਕੇਂਦਰਿਤ ਹੈ। ਸਮਾਜਿਕ ਨਿਆਂ ਦੀ ਨੀਂਹ ਸਾਰੇ ਮਨੁੱਖਾਂ ਨੂੰ ਕੁਦਰਤ ਦੇ ਸਿਧਾਂਤ ਅਨੁਸਾਰ ਇੱਕ ਬਰਾਬਰ ਮੰਨਣ ਤੇ ਅਧਾਰਿਤ ਹੈ। ਇਸ ਅਨੁਸਾਰ ਕਿਸੇ ਵੀ ਵਿਅੱਕਤੀ ਨਾਲ ਸਮਾਜਿਕ, ਧਾਰਮਿਕ, ਸਭਿਆਚਾਰਕ ਆਦਿ ਪੱਧਰ ਤੇ ਕਿਸੇ ਵੀ ਕਿਸਮ ਦਾ ਪੱਖਪਾਤ ਨਹੀਂ ਹੋਣਾ ਚਾਹੀਦਾ ਹੈ। ਇਹ ਮੁੱਖ ਤੋਰ ਤੇ ਤਿੰਨ ਸਿਧਾਂਤਾ ਨੂੰ ਲੈਕੇ ਹੀ ਅੱਗੇ ਵੱਧਦਾ ਹੈ ਪ੍ਰਤੀਨਿਧਤਾ ਕਰਨਾ, ਸਾਧਨਾ ਦੀ ਵੰਡ ਅਤੇ ਬਰਾਬਰਤਾ ਅਤੇ ਜੇਕਰ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਵੀ ਖਤਮ ਕੀਤਾ ਜਾਂਦਾ ਹੈ ਜਾਂ ਪਾਸੇ ਰੱਖਿਆ ਜਾਂਦਾ ਹੈ ਤਾਂ ਆਰਥਿਕ ਅਤੇ ਸਮਾਜਿਕ ਨਿਆਂ ਵਾਲਾ ਸਾਰਾ ਢਾਂਚਾ ਹੀ ਨਸ਼ਟ ਹੋ ਜਾਂਦਾ ਹੈ। ਸਮਾਜਿਕ ਨਿਆਂ ਦਾ ਭਾਵ ਬਿਨਾਂ ਕਿਸੇ ਭੇਦ-ਭਾਵ ਦੇ ਸਭ ਨੂੰ ਜੀਉਣ ਅਤੇ ਵਿਕਸਿਤ ਹੋਣ ਦੇ ਇੱਕੋ ਜਿਹੇ ਮੋਕੇ ਪ੍ਰਦਾਨ ਕਰਨਾ ਹੈ ਤਾਂ ਜੋ ਸਮਾਜ ਦਾ ਕੋਈ ਵੀ ਇਨਸਾਨ ਅਤੇ ਵਰਗ ਵਿਕਾਸ ਦੀ ਦੋੜ ਵਿੱਚ ਪਿੱਛੇ ਨਾਂ ਰਹਿ ਜਾਵੇ ਪਰੰਤੂ ਸਮਾਜ ਵਿੱਚ ਫੈਲੀ ਸਮਾਜਿਕ, ਆਰਥਿਕ ਅਤੇ ਧਾਰਮਿਕ ਤੋਰ ਤੇ ਉਚ ਨੀਚ ਅਤੇ ਛੋਟੇ ਵੱਡੇ ਦੀ ਭਾਵਨਾਂ ਕਾਰਨ ਸਮਾਜਿਕ ਅਨਿਆਂ ਦੀ ਭਾਵਨਾ ਵਿਕਸਿਤ ਹੋਈ ਹੈ। ਸਮਾਜਿਕ ਨਿਆਂ ਬਹੁਤ ਹੀ ਵਿਆਪਕ ਸ਼ਬਦ ਹੈ ਅਤੇ ਇਸ ਵਿੱਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਤੋਂ ਲੈਕੇ ਗਰੀਬੀ ਅਤੇ ਅਨਪੜ੍ਹਤਾ ਨੂੰ ਖਤਮ ਕਰਨ ਸਬੰਧੀ ਸਭ ਕੁੱਝ ਸ਼ਾਮਿਲ ਹੈ। ਇਸਦਾ ਭਾਵ ਸਿਰਫ ਕਨੂੰਨ ਸਾਹਮਣੇ ਸਭ ਦਾ ਬਰਾਬਰ ਹੋਣਾ ਅਤੇ ਸੁਤੰਤਰ ਨਿਆਂਪਾਲਿਕਾ ਹੋਣਾ ਹੀ ਨਹੀਂ ਹੈ ਸਗੋਂ ਇਸਦਾ ਸਬੰਧ ਸਮਾਜਿਕ ਕੁਰੀਤੀਆਂ ਗਰੀਬੀ, ਬੇਕਾਰੀ, ਭੁੱਖਮਰੀ, ਬਿਮਾਰੀ, ਧਰਮ-ਜਾਤ, ਲਿੰਗ ਆਦਿ ਤੇ ਅਧਾਰਿਤ ਵਿਤਕਰਾ ਜਿਸ ਨਾਲ ਵਿਕਾਸਸ਼ੀਲ ਸਮਾਜ ਅਤੇ ਦੇਸ਼ ਪ੍ਰਭਾਵਿਤ ਹੋ ਰਹੇ ਹਨ ਨੂੰ ਵੀ ਦੂਰ ਕਰਨਾ ਹੈ। ਸੰਖੇਪ ਵਿੱਚ ਸਮਾਜਿਕ ਨਿਆਂ ਮਨੁੱਖੀ ਅਧਿਕਾਰਾਂ ਅਤੇ ਬਰਾਬਰਤਾ ਦੇ ਸੰਕਲਪ ਤੇ ਹੀ ਅਧਾਰਿਤ ਹੈ ਅਤੇ ਇਸ ਵਿੱਚ ਸਾਧਨਾ ਦੀ ਬਰਾਬਰ ਵੰਡ, ਸਮਾਜਿਕ, ਸ਼ਰੀਰਕ, ਆਰਥਿਕ, ਮਾਨਸਿਕ ਵਿਕਾਸ ਆਦਿ ਸ਼ਾਮਲ ਹੈ।

ਸਮਾਜਿਕ ਨਿਆਂ ਦਾ ਮੋਜੂਦਾ ਸੰਕਲਪ 1840 ਵਿੱਚ ਜੇਸੂਇਟ ਲੁਤ਼ਗੀ ਟਪਰੇਲੀ ਨੇ ਥਾਮਸ ਏਕਵੈਨਸ ਦੀ ਸਿੱਖਿਆ ਨੀਤੀ ਦੇ ਅਧਾਰ ਤੇ ਪੇਸ਼ ਕੀਤਾ ਸੀ ਜਿਸਨੂੰ ਬਾਦ ਵਿੱਚ ਐਨਟਾਨੀਓ ਰੋਸਮਿਨੀ ਸਰਵਾਤੀ ਨੇ ਵੀ 1848 ਵਿੱਚ ਪੇਸ਼ ਕੀਤਾ ਸੀ। 100 ਤੋਂ ਵੱਧ ਅੰਤਰਰਾਸ਼ਟਰੀ ਰਾਜਨੀਤਿਕ ਨੇਤਾਵਾਂ ਨੇ 1995 ਵਿੱਚ ਕੋਪਨਹੇਗਨ ਡੈਨਮਾਰਕ ਵਿੱਚ ਸਮਾਜਿਕ ਵਿਕਾਸ ਲਈ ਵਿਸ਼ਵ ਸੰਮੇਲਨ ਦਾ ਆਯੋਜਨ ਕੀਤਾ ਗਰੀਬੀ ਅਤੇ ਪੂਰਨ ਰੁਜ਼ਗਾਰ ਲਈ ਇੱਛਾ ਜਤਾਈ ਕਿ ਉਹ ਸਥਿਰ ਅਤੇ ਸੁਰੱਖਿਅਤ ਸਮਾਜਾਂ ਲਈ ਵੀ ਯਤਨ ਕਰਨਗੇ। ਕੋਪੇਨਹੇਗਨ ਘੋਸ਼ਣਾ ਪੱਤਰ ਅਤੇ ਸਮਾਜਿਕ ਵਿਕਾਸ ਲਈ ਕਾਰਜ ਪ੍ਰੋਗਰਾਮ ਦੀ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਦੁਆਰਾ ਇੱਕ ਦਹਾਕੇ ਬਾਅਦ 2005 ਵਿੱਚ ਨਿਊਯਾਰਕ ਵਿੱਚ ਸਮੀਖਿਆ ਕੀਤੀ ਗਈ ਸੀ। 26 ਨਵੰਬਰ 2007 ਨੂੰ 20 ਫਰਵਰੀ ਨੂੰ ਸੰਯੁਕਤ ਰਾਸ਼ਟਰ ਦੁਆਰਾ ਸਮਾਜਿਕ ਨਿਆਂ ਦੇ ਸਾਲਾਨਾ ਵਿਸ਼ਵ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਸੀ। ਇਸ ਮੌਕੇ ਸੰਯੁਕਤ ਰਾਸ਼ਟਰ ਨੇ ਵਿਸ਼ੇਸ਼ ਤੋਰ ਤੇ ਕਿਹਾ ਕਿ ਇਸ ਦਿਵਸ ਤੇ ਅੰਤਰਰਾਸ਼ਟਰੀ ਸਮੁਦਾਇ ਨੂੰ ਗਰੀਬੀ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਸਭ ਲਈ ਯੋਗਤਾ ਅਨੁਸਾਰ ਕੰਮ ਅਤੇ ਰੋਜ਼ਗਾਰ ਉਪਲੱਭਦ ਹੋਣ ਨਾਲ ਹੀ ਸਮਾਜਿਕ ਨਿਆਂ ਸੰਭਬ ਹੋਵੇਗਾ। ਸੰਖੇਪ ਸ਼ਬਦਾਂ ਵਿੱਚ ਰੋਟੀ, ਕੱਪੜਾ, ਮਕਾਨ, ਸੁਰੱਖਿਆ, ਸਿਹਤ, ਸਿੱਖਿਆ, ਗਰੀਬੀ, ਬੇਰੋਜਗਾਰੀ, ਸਮਾਜਿਕ ਬਾਈਕਾਟ ਆਦਿ ਮੁੱਦਿਆਂ ਨੂੰ ਲੈਕੇ ਹੀ ਸਮਾਜਿਕ ਨਿਆਂ ਦਿਵਸ ਦੀ ਸ਼ੁਰੂਆਤ ਹੋਈ ਸੀ। ਅੰਤਰ-ਰਾਸ਼ਟਰੀ ਮਜਦੂਰ ਸੰਗਠਨ ਨੇ 10 ਜੂਨ 2008 ਨੂੰ ਇੱਕ ਨਿਰਪੱਖ ਵਿਸ਼ਵੀਕਰਨ ਲਈ ਸਮਾਜਿਕ ਨਿਆਂ ਬਾਰੇ ਘੋਸ਼ਣਾ ਨੂੰ ਸਰਬਸੰਮਤੀ ਨਾਲ ਅਪਣਾਇਆ। ਵਿਸ਼ਵ ਸੰਮੇਲਨ ਦੇ ਨੇਤਾਵਾਂ ਨੇ ਇਸ ਗੱਲ ਤੇ ਸਹਿਮਤੀ ਪ੍ਰਗਟਾਈ ਕਿ ਸਮਾਜਿਕ ਵਿਕਾਸ ਦਾ ਅਰਥ ਸਮਾਜਿਕ ਨਿਆਂ, ਏਕਤਾ, ਸਦਭਾਵਨਾ ਅਤੇ ਰਾਸ਼ਟਰਾਂ ਦੇ ਅੰਦਰ ਅਤੇ ਵਿਚਕਾਰ ਸਮਾਨਤਾ ਹੈ। ਇਸ ਦਿਨ ਦਾ ਉਦੇਸ਼ ਸਮਾਜਿਕ ਬੇਇਨਸਾਫ਼ੀ ਵਿਰੁੱਧ ਅਵਾਜ਼ ਬੁਲੰਦ ਕਰਨਾ ਅਤੇ ਵਿਸ਼ਵ ਭਰ ਵਿੱਚ ਸਮਾਜਿਕ ਨਿਆਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਦਿਨ ਦਾ ਉਦੇਸ਼ ਵਿਸ਼ਵ ਪੱਧਰ ਤੇ ਵੱਖ-ਵੱਖ ਭਾਈਚਾਰਿਆਂ ਨੂੰ ਨੇੜੇ ਲਿਆਉਣਾ ਹੈ ਜੋ ਗਰੀਬੀ, ਸਰੀਰਕ ਅਤੇ ਲਿੰਗ ਭੇਦਭਾਵ, ਨਸਲਵਾਦ, ਧਾਰਮਿਕ ਭੇਦਭਾਵ, ਅਨਪੜ੍ਹਤਾ ਅਤੇ ਪੱਖਪਾਤ ਆਦਿ ਨੂੰ ਖਤਮ ਕਰਨ ਵਿੱਚ ਮੱਦਦ ਕਰ ਸਕਦੇ ਹਨ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ। ਹਰ ਸਾਲ ਸੰਯੁਕਤ ਰਾਸ਼ਟਰ ਸਮਾਜਿਕ ਵਿਕਾਸ ਦੇ ਇੱਕ ਖਾਸ ਪਹਿਲੂ ਤੇ ਧਿਆਨ ਕੇਂਦਰਿਤ ਕਰਨ ਲਈ ਵਿਸ਼ਵ ਸਮਾਜਿਕ ਨਿਆਂ ਦਿਵਸ ਲਈ ਇੱਕ ਥੀਮ ਦਾ ਐਲਾਨ ਕਰਦਾ ਹੈ।

**ਇਸ ਸਾਲ ਦਾ ਥੀਮ ''ਸਮਰੱਥਾ ਨੂੰ ਸਸ਼ਕਤ ਬਣਾਉਣਾ'':** ਸਮਾਜਿਕ ਨਿਆਂ ਲਈ ਪਾੜੇ ਨੂੰ ਪੂਰਾ ਕਰਨਾ'' ਹੈ। ਇਹ ਥੀਮ ਪ੍ਰਣਾਲੀਗਤ ਅਸਮਾਨਤਾ ਦਾ ਮੁਕਾਬਲਾ ਕਰਨ ਲਈ ਸਮਾਵੇਸ਼ੀ ਨੀਤੀਆਂ ਅਤੇ ਮਜ਼ਬੂਤ ਸਮਾਜਿਕ ਸੁਰੱਖਿਆ ਪ੍ਰਣਾਲੀਆਂ ਦੀ ਜ਼ਰੂਰਤ ਤੇ ਜ਼ੋਰ ਦਿੰਦਾ ਹੈ। ਇਹ ਲੋਕਾਂ ਨੂੰ ਇਹ ਦੇਖਣ ਲਈ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ ਕਿ ਸਮਾਜਿਕ ਨਿਆਂ ਗਰੀਬੀ ਦੇ ਖਾਤਮੇ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਇਹ ਸਮਾਜਿਕ ਏਕੀਕਰਨ ਲਈ ਪੂਰਨ ਰੁਜ਼ਗਾਰ ਅਤੇ ਸਮਰਥਨ ਪ੍ਰਾਪਤ ਕਰਨ ਦੇ ਟੀਚੇ ਤੇ ਵੀ ਧਿਆਨ ਕੇਂਦ੍ਰਿਤ ਕਰਦਾ ਹੈ। ਬਹੁਤੀਆਂ ਸੰਸਥਾਵਾਂ ਗਰੀਬੀ, ਸਮਾਜਿਕ ਅਤੇ ਆਰਥਿਕ ਬੇਦਖਲੀ, ਅਤੇ ਬੇਰੁਜ਼ਗਾਰੀ ਨਾਲ ਨਜਿੱਠਣ ਦੁਆਰਾ ਵਧੇਰੇ ਸਮਾਜਿਕ ਨਿਆਂ ਲਈ ਯੋਜਨਾਵਾਂ ਵੀ ਪੇਸ਼ ਕਰਦੀਆਂ ਹਨ। ਇਹ ਟਿਕਾਊ ਵਿਕਾਸ ਨੂੰ ਪ੍ਰਾਪਤ ਕਰਨ ਲਈ ਹੱਲ ਲੱਭਣ ਲਈ ਅੰਤਰਰਾਸ਼ਟਰੀ ਭਾਈਚਾਰੇ ਦੇ ਯਤਨਾਂ ਦਾ ਸਮਰਥਨ ਕਰਦਾ ਹੈ ਅਤੇ ਸਾਡਾ ਸਾਂਝਾ ਏਜੰਡਾ ਤੇ ਸਕੱਤਰ-ਜਨਰਲ ਦੀ ਰਿਪੋਰਟ ਵਿੱਚ ਨਿਰਧਾਰਤ ਬਹੁਤ ਸਾਰੀਆਂ ਇੱਛਾਵਾਂ ਨੂੰ ਪੂਰਾ ਕਰਦਾ ਹੈ ਜਿਸ ਵਿੱਚ ਗਰੀਬੀ ਦਾ ਖਾਤਮਾ, ਪੂਰਾ ਰੁਜ਼ਗਾਰ ਅਤੇ ਵਧੀਆ ਕੰਮ ਦਾ ਪ੍ਰਚਾਰ, ਸਰਵਵਿਆਪੀ ਸਮਾਜਿਕ ਸੁਰੱਖਿਆ, ਲਿੰਗ ਸਮਾਨਤਾ ਅਤੇ ਸਾਰਿਆਂ ਲਈ ਸਮਾਜਿਕ ਨਿਆਂ ਸ਼ਾਮਲ ਹਨ। ਵਿਸ਼ਵ ਸਮਾਜਿਕ ਨਿਆਂ ਦਿਵਸ ਮੈਂਬਰ ਰਾਜਾਂ, ਨੌਜਵਾਨਾਂ, ਸਮਾਜਿਕ ਭਾਈਵਾਲਾਂ, ਸਿਵਲ ਸੁਸਾਇਟੀ, ਸੰਯੁਕਤ ਰਾਸ਼ਟਰ ਸੰਸਥਾਵਾਂ ਅਤੇ ਹੋਰ ਹਿੱਸੇਦਾਰਾਂ ਨਾਲ ਸਮਾਜਿਕ ਇਕਰਾਰਨਾਮੇ ਨੂੰ ਮਜ਼ਬੂਤ ਕਰਨ ਲਈ ਲੋੜੀਂਦੀਆਂ ਕਾਰਵਾਈਆਂ ਤੇ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਜੋ ਵਧਦੀਆਂ ਅਸਮਾਨਤਾਵਾਂ ਅਤੇ ਟਕਰਾਅ ਕਾਰਨ ਟੁੱਟ ਗਿਆ ਹੈ।




ਬਹੁਤ ਸਾਰੀਆਂ ਚੁਣੌਤੀਆਂ ਅਤੇ ਤਬਦੀਲੀਆਂ ਪ੍ਰਤੀ ਤਸੱਲੀਬਖਸ਼ ਜਵਾਬਾਂ ਦੀ ਘਾਟ ਨੇ ਬਹੁਤ ਸਾਰੇ ਦੇਸ਼ਾਂ ਵਿੱਚ ਸਥਾਪਤ ਸੰਸਥਾਵਾਂ ਅਤੇ ਜਨਤਕ ਜੀਵਨ ਦੇ ਅਦਾਕਾਰਾਂ ਪ੍ਰਤੀ ਵਧ ਰਹੀ ਅਸੰਤੁਸ਼ਟੀ ਅਤੇ ਅਵਿਸ਼ਵਾਸ ਵੱਲ ਅਗਵਾਈ ਕੀਤੀ ਹੈ। ਅੰਤਰਰਾਸ਼ਟਰੀ ਬਚਨਬੱਧਤਾਵਾਂ ਅਤੇ ਠੋਸ ਪ੍ਰਾਪਤੀਆਂ ਵਿਚਕਾਰ ਵੱਧ ਰਹੇ ਪਾੜੇ ਨੇ ਬਹੁ-ਪੱਖੀ ਕਾਰਵਾਈਆਂ ਅਤੇ ਇਸਦੀ ਭਰੋਸੇਯੋਗਤਾ ਨੂੰ ਕਮਜ਼ੋਰ ਕਰ ਦਿੱਤਾ ਹੈ ਜਿਸਦੇ ਨਤੀਜੇ ਵਜੋਂ ਖੁੱਲ੍ਹੀ ਆਲੋਚਨਾ ਅਤੇ ਅਣਗਹਿਲੀ ਹੁੰਦੀ ਹੈ। ਇੱਕ ਟਿਕਾਊ ਭਵਿੱਖ ਲਈ ਇੱਕ ਨਿਆਂਪੂਰਨ ਤਬਦੀਲੀ ਨੂੰ ਮਜ਼ਬੂਤ ਕਰਨ ਦਾ ਮਤਲਬ ਹੈ ਇਹ ਯਕੀਨੀ ਬਣਾਉਣਾ ਕਿ ਘੱਟ-ਕਾਰਬਨ ਅਰਥਵਿਵਸਥਾਵਾਂ ਵੱਲ ਸਾਡਾ ਕਦਮ ਹਰ ਕਿਸੇ ਨੂੰ ਲਾਭ ਪਹੁੰਚਾਏ, ਖਾਸ ਕਰਕੇ ਸਭ ਤੋਂ ਕਮਜ਼ੋਰ ਲੋਕਾਂ ਨੂੰ। ਇਸ ਲਈ ਇੱਕ ਸੰਪੂਰਨ ਪਹੁੰਚ ਦੀ ਲੋੜ ਹੈ ਜੋ ਵਾਤਾਵਰਣ ਸਥਿਰਤਾ ਨੂੰ ਸਮਾਜਿਕ ਨਿਆਂ ਨਾਲ ਜੋੜਦੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਕਾਮਿਆਂ, ਆਦਿਵਾਸੀ ਲੋਕਾਂ ਅਤੇ ਹਾਸ਼ੀਏ ਤੇ ਪਏ ਭਾਈਚਾਰਿਆਂ ਨੂੰ ਮੁੜ ਸਿਖਲਾਈ, ਰੋਜਗਾਰ ਅਤੇ ਮਜ਼ਬੂਤ ਸਮਾਜਿਕ ਸੁਰੱਖਿਆ ਉਪਾਵਾਂ ਰਾਹੀਂ ਉਹ ਸਮਰਥਨ ਮਿਲੇ ਜਿਸਦੀ ਉਹਨਾਂ ਨੂੰ ਲੋੜ ਹੈ ਦੂਜੇ ਸ਼ਬਦਾਂ ਵਿੱਚ, ਆਰਥਿਕ ਪਰਿਵਰਤਨ ਨੂੰ ਉਹਨਾਂ ਨੀਤੀਆਂ ਦੇ ਨਾਲ-ਨਾਲ ਚੱਲਣਾ ਚਾਹੀਦਾ ਹੈ ਜੋ ਗਰੀਬੀ ਨਾਲ ਲੜਦੀਆਂ ਹਨ, ਅਸਮਾਨਤਾ ਨੂੰ ਘਟਾਉਂਦੀਆਂ ਹਨ, ਅਤੇ ਸਾਰਿਆਂ ਲਈ ਮੌਕੇ ਖੋਲ੍ਹਦੀਆਂ ਹਨ। ਇੱਕ ਨਿਆਂਪੂਰਨ ਤਬਦੀਲੀ ਨੂੰ ਮਜ਼ਬੂਤ ਕਰਨਾ ਸਾਡੇ ਆਰਥਿਕ ਅਤੇ ਵਾਤਾਵਰਣ ਪ੍ਰਣਾਲੀਆਂ ਦੀ ਮੁੜ ਕਲਪਨਾ ਕਰਨ ਬਾਰੇ ਹੈ ਤਾਂ ਜੋ ਲੋਕਾਂ ਨੂੰ ਤਰਜੀਹ ਦਿੱਤੀ ਜਾ ਸਕੇ। ਵਿਸ਼ਵ ਰੁਜ਼ਗਾਰ ਕਿਰਤ ਸ਼ਕਤੀ ਅਨੁਸਾਰ ਬੇਰੁਜ਼ਗਾਰੀ ਦਰ 5 ਪ੍ਰਤੀਸ਼ਤ ਤੇ ਸਥਿਰ ਰਹੀ। ਹਾਲਾਂਕਿ, ਨੌਜਵਾਨਾਂ ਦੀ ਬੇਰੁਜ਼ਗਾਰੀ ਵਿੱਚ ਬਹੁਤ ਘੱਟ ਸੁਧਾਰ ਹੋਇਆ ਜੋ 12.6 ਪ੍ਰਤੀਸ਼ਤ ਤੇ ਪਹੁੰਚੀ ਹੈ। ਗੈਰ-ਰਸਮੀ ਕੰਮ ਅਤੇ ਕੰਮਕਾਜੀ ਗਰੀਬੀ ਮਹਾਂਮਾਰੀ ਤੋਂ ਪਹਿਲਾਂ ਦੇ ਪੱਧਰਾਂ ਤੇ ਵਾਪਸ ਆ ਗਈ ਹੈ ਅਤੇ ਘੱਟ ਆਮਦਨ ਵਾਲੇ ਦੇਸ਼ਾਂ ਨੂੰ ਵਧੀਆ ਰੋਜ਼ਗਾਰ ਪੈਦਾ ਕਰਨ ਵਿੱਚ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸੰਯੁਕਤ ਰਾਸ਼ਟਰ ਮੰਨਦਾ ਹੈ ਕਿ ਵਿਸ਼ਵ ਸ਼ਾਂਤੀ ਅਤੇ ਸੁਰੱਖਿਆ ਲਈ ਸਮਾਜਿਕ ਨਿਆਂ ਜ਼ਰੂਰੀ ਹੈ। ਇਸ ਤੋਂ ਬਿਨਾਂ ਅਸਮਾਨਤਾਵਾਂ ਵਧਦੀਆਂ ਹਨ ਜਿਸ ਨਾਲ ਟਕਰਾਅ ਅਤੇ ਅਸ਼ਾਂਤੀ ਹੁੰਦੀ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਸਮੇਤ ਬਹੁਤ ਸਾਰੇ ਲੋਕਾਂ ਦੁਆਰਾ ਇਹ ਭਾਵਨਾ ਸਾਂਝੀ ਕੀਤੀ ਗਈ ਹੈ ਜਿਸਨੇ ਆਪਣੀ ਰਿਪੋਰਟ "ਸਾਡਾ ਸਾਂਝਾ ਏਜੰਡਾ'' ਵਿੱਚ ਵੱਧ ਰਹੇ ਪਾੜੇ ਦੇ ਵਿਰੁੱਧ ਚੇਤਾਵਨੀ ਦਿੱਤੀ ਹੈ। ਵਿਸ਼ਵਵਿਆਪੀ ਏਕਤਾ ਅਤੇ ਸਰਕਾਰਾਂ ਲੋਕਾਂ ਅਤੇ ਸਮਾਜਾਂ ਦੇ ਅੰਦਰ ਸਮਾਜਿਕ ਇਕਰਾਰਨਾਮੇ ਦਾ ਨਵੀਨੀਕਰਨ, ਮਨੁੱਖੀ ਅਧਿਕਾਰਾਂ ਲਈ ਇੱਕ ਵਿਆਪਕ ਪਹੁੰਚ ਵਿੱਚ ਸ਼ਾਮਿਲ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਦੁਆਰਾ ਦਾਅਵਾ ਕੀਤਾ ਗਿਆ ਹੈ ਕਿ ਵਿਸ਼ਵ ਦੇ 20ਗ਼ ਕਾਮੇ ਅਜੇ ਵੀ ਇੱਕ ਮੱਧਮ ਜਾਂ ਬਹੁਤ ਗਰੀਬ ਰਾਜ ਵਿੱਚ ਰਹਿੰਦੇ ਹਨ ਅਤੇ ਭੂਗੋਲਿਕ ਅਸਮਾਨਤਾਵਾਂ ਅਜੇ ਵੀ ਗਰੀਬ ਕਾਮਿਆਂ ਦੀ ਇੱਕ ਵਧੀਆ ਰੋਜ਼ਗਾਰ ਪ੍ਰਾਪਤ ਕਰਨ ਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਹੈ। ਰੁਕੀ ਹੋਈ ਉਜਰਤ ਅਤੇ ਲਿੰਗ ਅਸਮਾਨਤਾ ਗਰੀਬ ਕਾਮਿਆਂ ਲਈ ਆਰਥਿਕ ਵਿਕਾਸ ਤੋਂ ਲਾਭ ਲੈਣ ਵਿੱਚ ਇੱਕ ਵੱਡੀ ਰੁਕਾਵਟ ਬਣ ਗਈ ਹੈ। ਅੰਤਰਰਾਸ਼ਟਰੀ ਅਸਮਾਨਤਾਵਾਂ ਸਮਾਜਿਕ ਏਕਤਾ ਨੂੰ ਕਮਜ਼ੋਰ ਕਰਨ ਦਾ ਕਾਰਨ ਬਣ ਜਾਂਦੀਆਂ ਹਨ ਜੋ ਆਖਰਕਾਰ ਲੋਕਾਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰਨ ਤੋਂ ਰੋਕਦੀਆਂ ਹਨ। ਸੰਯੁਕਤ ਰਾਸ਼ਟਰ ਦੇ ਰਜਿਸਟਰ ਵਿਚ ਲਿਖਿਆ ਹੈ ਕਿ ਵਿਸ਼ਵ ਪੱਧਰ ਤੇ ਅਸਮਾਨਤਾਵਾਂ ਨੂੰ ਘਟਾਉਣ ਦੀ ਲੋੜ ਹੈ। ਸੰਸਾਰ ਦੇ ਕਈ ਹਿੱਸਿਆਂ ਵਿੱਚ ਦੇਸ਼ਾਂ ਦੇ ਅੰਦਰ ਅਤੇ ਵਿਚਕਾਰ ਗਰੀਬੀ ਅਤੇ ਅਸਮਾਨਤਾਵਾਂ ਵਧ ਰਹੀਆਂ ਹਨ। ਪਿਛਲੇ ਕੁੱਝ ਸਾਲਾਂ ਦੇ ਆਰਥਿਕ ਅਤੇ ਸਮਾਜਕ ਸੰਕਟ ਕੋਵਿਡ-19 ਮਹਾਂਮਾਰੀ, ਜਲਵਾਯੂ ਪਰਿਵਰਤਨ, ਭੂ-ਰਾਜਨੀਤਿਕ ਤਣਾਅ ਅਤੇ ਹਥਿਆਰਬੰਦ ਟਕਰਾਵਾਂ ਦੇ ਤੇਜ਼ ਹੋਣ ਕਾਰਨ ਕੁਦਰਤੀ ਆਫ਼ਤਾਂ ਦੇ ਸਿੱਟੇ ਵਜੋਂ ਵਧੇ ਹੋਏ ਹਨ। ਉਹਨਾਂ ਨਾਲ ਜੁੜੀਆਂ ਮਨੁੱਖੀ ਤ੍ਰਾਸਦੀਆਂ ਅਤੇ ਕੰਮ ਤੇ ਉਹਨਾਂ ਦੇ ਪ੍ਰਭਾਵ ਵਧੇ ਹਨ। ਇਹਨਾਂ ਸੰਕਟਾਂ ਨੇ ਦੁਨੀਆ ਭਰ ਦੀਆਂ ਅਰਥ ਵਿਵਸਥਾਵਾਂ ਅਤੇ ਸਮਾਜਾਂ ਦੇ ਆਪਸੀ ਸਬੰਧਾਂ ਅਤੇ ਨਿਰਭਰਤਾਵਾਂ ਨੂੰ ਉਜਾਗਰ ਕੀਤਾ ਹੈ ਅਤੇ ਵਿਸ਼ਵ, ਖੇਤਰੀ ਅਤੇ ਰਾਸ਼ਟਰੀ ਪੱਧਰ ਤੇ ਉਹਨਾਂ ਦਾ ਜਵਾਬ ਦੇਣ ਲਈ ਠੋਸ ਕਾਰਵਾਈ ਦੀ ਅਹਿਮ ਲੋੜ ਨੂੰ ਦਰਸਾਇਆ ਹੈ। ਸਮਾਜਿਕ ਨਿਆਂ ਸਮਾਜਾਂ ਅਤੇ ਅਰਥਚਾਰਿਆਂ ਨੂੰ ਬਿਹਤਰ ਢੰਗ ਨਾਲ ਕੰਮ ਕਰਨ ਅਤੇ ਗਰੀਬੀ, ਅਸਮਾਨਤਾਵਾਂ ਅਤੇ ਸਮਾਜਿਕ ਤਣਾਅ ਨੂੰ ਘਟਾਉਂਦਾ ਹੈ। ਇਹ 2030 ਦੇ ਟਿਕਾਊ ਵਿਕਾਸ ਦੇ ਏਜੰਡੇ ਦੇ ਟੀਚਿਆਂ ਤੱਕ ਪਹੁੰਚਣ ਲਈ ਮਹੱਤਵਪੂਰਨ ਹੈ। ਸਮਾਜਿਕ ਸਮੱਸਿਆਵਾਂ ਵਿੱਚ ਘਿਰੇ ਲੋਕਾਂ ਲਈ ਸਮਾਜਿਕ ਨਿਆਂ ਸਿਰਫ ਇੱਕ ਸੁਪਨਾ ਬਣਕੇ ਰਹਿ ਗਿਆ ਹੈ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਮੇ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾਂ ਬਣ ਰਹੀਆਂ ਸਮੱਸਿਆਵਾਂ ਵੱਲ ਲੋਕਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੰਮ ਕੀਤਾ ਹੈ।

ਭਾਰਤ ਜੋਕਿ ਵੱਡਾ ਲੋਕਤੰਤਰਿਕ ਦੇਸ਼ ਹੈ ਵਿੱਚ ਸਮਾਜਿਕ ਢਾਂਚਾ ਇਸ ਤਰਾਂ ਦਾ ਹੈ ਕਿ ਕਈ ਵਰਗਾਂ ਦੇ ਲੋਕ ਸਮਾਜਿਕ ਅਨਿਆਂ ਦੇ ਸ਼ਿਕਾਰ ਹੋ ਰਹੇ ਹਨ। ਸਮਾਜਿਕ ਨਿਆਂ ਇੱਕ ਅਜਿਹਾ ਪ੍ਰਗਟਾਵਾ ਹੈ ਜੋ ਸੰਵਿਧਾਨ ਦੀ ਸ਼ਬਦਾਵਲੀ ਵਿੱਚ ਆਪਣਾ ਰਸਤਾ ਲੱਭ ਚੁੱਕਾ ਹੈ ਅਤੇ ਸੰਵਿਧਾਨਕ ਸ਼ਬਦਾਵਲੀ ਦਾ ਹਿੱਸਾ ਬਣ ਗਿਆ ਹੈ। ਸੰਵਿਧਾਨ ਸਭਾ ਨੇ ਉਦੇਸ਼ਾਂ ਵਿੱਚ ਐਲਾਨੇ ਗਏ ਭਾਰਤ ਲਈ ਇੱਕ ਸੰਵਿਧਾਨ ਬਣਾਉਣ ਦੇ ਆਪਣੇ ਕੰਮ ਨੂੰ ਪੂਰਾ ਕਰਨ ਤੋਂ ਪਹਿਲਾਂ ਹੀ ਇਸ ਦੁਆਰਾ ਪਾਸ ਕੀਤਾ ਗਿਆ ਮਤਾ ਕਿ ਸਮਾਜਿਕ ਨਿਆਂ ਪ੍ਰਾਪਤ ਕੀਤੇ ਜਾਣ ਵਾਲੇ ਟੀਚਿਆਂ ਵਿੱਚੋਂ ਇੱਕ ਹੈ।

ਸੰਵਿਧਾਨ ਸਭਾ ਨੇ ਭਾਰਤ ਨੂੰ ਇੱਕ ਸੁਤੰਤਰ ਪ੍ਰਭੂਸੱਤਾ ਸੰਪੰਨ ਗਣਰਾਜ ਵਜੋਂ ਘੋਸ਼ਿਤ ਕਰਨ ਅਤੇ ਉਸਦੇ ਭਵਿੱਖ ਦੇ ਸ਼ਾਸਨ ਲਈ ਇੱਕ ਸੰਵਿਧਾਨ ਤਿਆਰ ਕਰਨ ਦਾ ਆਪਣਾ ਦ੍ਰਿੜ ਅਤੇ ਗੰਭੀਰ ਇਰਾਦਾ ਐਲਾਨ ਕੀਤਾ ਜਿਸ ਵਿੱਚ ਭਾਰਤ ਦੇ ਸਾਰੇ ਲੋਕਾਂ ਲਈ ਨਿਆਂ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਦੀ ਗਰੰਟੀ ਅਤੇ ਸੁਰੱਖਿਆ ਹੋਵੇਗੀ। ਇਹ ਭਾਰਤ ਦੇ ਲੋਕਾਂ ਦਾ ਦ੍ਰਿਸ਼ਟੀਕੋਣ ਅਤੇ ਸੰਵਿਧਾਨ ਦਾ ਇੱਕ ਵਾਅਦਾ ਬਣ ਗਿਆ ਜੋ ਇਸਦੀ ਪ੍ਰਸਤਾਵਨਾ ਅਤੇ ਕੁਝ ਲਾਗੂ ਕਰਨ ਵਾਲੇ ਉਪਬੰਧਾਂ ਰਾਹੀਂ ਬੋਲਦਾ ਹੈ ਕਿ ਸਾਰੇ ਨਾਗਰਿਕਾਂ ਲਈ ਸਮਾਜਿਕ ਨਿਆਂ ਸੁਰੱਖਿਅਤ ਹੋਵੇਗਾ। ਸਮਾਜਿਕ ਨਿਆਂ ਜਿਸ ਵਿੱਚ ਆਰਥਿਕ ਨਿਆਂ ਦੇ ਨਾਲ-ਨਾਲ ਰਾਜਨੀਤਿਕ ਨਿਆਂ ਵੀ ਸ਼ਾਮਲ ਹੋਵੇ ਨੂੰ ਦੋਵਾਂ ਤੋਂ ਵੱਖਰਾ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਕਿ ਸਮੁੱਚੇ ਹਿੱਸੇ ਦਾ ਇੱਕ ਹਿੱਸਾ ਅਤੇ ਇੰਨਾ ਵੱਖਰਾ ਇਸਨੂੰ ਬਰਾਬਰੀ ਅਤੇ ਬਰਾਬਰ ਮੌਕੇ ਦੇ ਪੈਰਾਂ ਤੇ ਖੜ੍ਹਾ ਹੋਣਾ ਚਾਹੀਦਾ ਹੈ। ਅਜਾਦੀ ਦੇ ਸੱਤ ਤੋਂ ਵੱਧ ਦਹਾਕੇ ਬੀਤਣ ਦੇ ਬਾਬਜੂਦ ਬਹੁਤੇ ਲੋਕ ਗਰੀਬੀ, ਅਸਿੱਖਿਆ, ਕੁਪੋਸ਼ਣ, ਹਿੰਸਾ, ਅਸੁਰਖਿਆ, ਸਮਾਜਿਕ ਅਤੇ ਧਾਰਮਿਕ ਭੇਦਭਾਵ ਦਾ ਸ਼ਿਕਾਰ ਹੋ ਰਹੇ ਹਨ। ਸਾਡੇ ਦੇਸ਼ ਦੇ ਕਈ ਹਿੱਸਿਆਂ ਵਿੱਚ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਤੇ ਹੋ ਰਹੇ ਹਮਲੇ, ਮਹਿਲਾਵਾਂ ਨਾਲ ਹੋ ਰਿਹਾ ਵਿਤਕਰਾ ਅਤੇ ਵਾਪਰਦੀਆਂ ਅੱਤਿਆਚਾਰ ਦੀਆਂ ਘਟਨਾਵਾਂ ਸਮਾਜਿਕ ਨਿਆਂ ਦੇ ਰਾਹ ਵਿੱਚ ਵੱਡਾ ਰੋੜ੍ਹਾ ਹਨ। ਸਮਾਜ ਦੇ ਰਹਿਵਰਾਂ ਨੇ ਸਮੇਂ-ਸਮੇਂ ਤੇ ਸਮਾਜ ਵਿੱਚ ਫੈਲੀਆਂ ਸਮਾਜਿਕ ਕੁਰੀਤੀਆਂ ਅਤੇ ਗੈਰ ਬਰਾਬਰੀ ਕਾਰਨ ਵੱਧ ਰਹੇ ਸਮਾਜਿਕ ਅਨਿਆਂ ਦਾ ਡਟਕੇ ਵਿਰੋਧ ਕੀਤਾ ਹੈ। ਸਾਡੇ ਦੇਸ਼ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰਤਾ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ, ਜਾਤਿ, ਲਿੰਗ, ਜਨਮ ਸਥਾਨ ਆਦਿ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ ਪਰ ਕੁੱਝ ਲੋਕ ਭਾਰਤੀ ਸੰਵਿਧਾਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ ਜਿਸ ਕਾਰਨ ਸਾਡੇ ਦੇਸ਼ ਵਿੱਚ ਫੈਲੀ ਜਾਤਿ ਪ੍ਰਥਾ, ਧਾਰਮਿਕ ਵੰਡ ਕਾਰਨ ਸਮਾਜਿਕ ਅਨਿਆਂ ਅਤੇ ਨਾਂ ਬਰਾਬਰੀ ਵਧ ਰਹੀ ਹੈ। ਬੇਸ਼ੱਕ ਇੱਕ ਪਾਸੇ ਦੁਨੀਆਂ ਦੇ ਅਮੀਰ ਲੋਕਾਂ ਵਿੱਚ ਕੁੱਝ ਭਾਰਤੀਆਂ ਦੇ ਨਾਮ ਸ਼ਾਮਲ ਹੋ ਚੁੱਕੇ ਹਨ ਜੋਕਿ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ ਪਰ ਦੂਜੇ ਪਾਸੇ ਗਰੀਬੀ, ਭੁੱਖਮਰੀ, ਇਲਾਜ਼ ਤੋਂ ਬਿਨ੍ਹਾਂ ਤੜਫਦੇ ਮਰੀਜ਼, ਛੱਤ ਬਿਨ੍ਹਾਂ ਰਾਤਾਂ ਕੱਟਦੇ ਲੋਕ, ਸਿੱਖਿਆਂ ਤੋਂ ਬਾਂਝੇ ਬੱਚੇ, ਕੁਪੋਸ਼ਣ ਦਾ ਸ਼ਿਕਾਰ ਬੱਚੇ, ਮੁੱਢਲੀਆਂ ਜਰੂਰਤਾਂ ਲਈ ਜਿਸਮਫਰੋਸ਼ੀ ਦਾ ਧੰਦਾ ਕਰਦੀਆਂ ਦੇਸ਼ ਦੀਆਂ ਮਹਿਲਾਵਾਂ, ਬਾਲ ਮਜ਼ਦੂਰ, ਬਾਲ ਵਿਆਹ ਦੀ ਕੁਪ੍ਰਥਾ ਦਾ ਸ਼ਿਕਾਰ ਹੋ ਰਹੇ ਬੱਚੇ, ਬਲਾਤਕਾਰ ਦੀਆਂ ਵੱਧ ਰਹੀਆਂ ਘਟਨਾਵਾਂ, ਦਾਜ ਦਾ ਸ਼ਿਕਾਰ ਹੋ ਰਹੀਆਂ ਮਹਿਲਾਵਾਂ, ਇਨਸਾਫ ਦੀ ਲੰਬੀ ਉਡੀਕ ਵਿੱਚ ਬੈਠੇ ਲੋਕ ਸਮਾਜ ਨੂੰ ਝੰਜੋੜਕੇ ਰੱਖਦੇ ਹਨ ਅਤੇ ਸਮਾਜਿਕ ਨਿਆਂ ਦਾ ਮਜਾਕ ਉਡਾਂਉਦੇ ਨਜਰ ਆਂਦੇ ਹਨ।

ਪਿਛਲੇ ਕੁੱਝ ਸਾਲਾਂ ਦੌਰਾਨ ਹੀ ਸਮਾਜ ਦੇ ਕੁੱਝ ਵਰਗਾਂ ਨਾਲ ਸਰਕਾਰ ਅਤੇ ਕੁੱਝ ਰਾਜਨੀਤੀਵਾਨਾਂ ਦੀ ਸ਼ਹਿ ਤੇ ਪੱਖਪਾਤ ਅਤੇ ਅਤਿਆਚਾਰ ਕੀਤੇ ਜਾ ਰਹੇ ਹਨ ਜਿਸ ਕਾਰਨ ਦੇਸ਼ ਵਿੱਚ ਅਰਾਜਕਤਾ ਦਾ ਮਾਹੌਲ ਪੈਦਾ ਹੋ ਰਿਹਾ ਹੈ ਅਤੇ ਕਈ ਵਰਗਾਂ ਵਿੱਚ ਸੁਰੱਖਿਆ ਦੀ ਥਾਂ ਡਰ ਦੀ ਭਾਵਨਾ ਵੱਧੀ ਹੈ। ਪਿਛਲੇ ਸਮੇਂ ਦੌਰਾਨ ਕਈ ਸੰਵਿਧਾਨਕ ਸੰਸਥਾਵਾਂ ਜਿਨ੍ਹਾਂ ਵਿੱਚ ਮਾਣਯੋਗ ਸੁਪਰੀਮ ਕੋਰਟ ਦੇ ਜੱਜ, ਦੇਸ਼ ਦੇ ਲੇਖਕ, ਬੁੱਧੀਜੀਵੀ, ਮੀਡੀਆ ਨਾਲ ਜੁੜ੍ਹੇ ਵਿਅਕਤੀਆਂ, ਫਿਲਮੀ ਕਲਾਕਰ, ਸਰਕਾਰੀ ਅਧਿਕਾਰੀਆਂ, ਵਿੱਦਿਅਕ ਅਦਾਰਿਆਂ ਦੇ ਅਧਿਆਪਕਾਂ ਆਦਿ ਵਲੋਂ ਰਾਜਨੀਤਿਕ ਦਬਾਓ ਦੇ ਵਿਰੋਧ ਵਿੱਚ ਖੁੱਲਕੇ ਸਾਹਮਣੇ ਆਣਾ ਸਮਾਜਿਕ ਨਿਆਂ ਦੀ ਖਸਤਾ ਹਾਲਤ ਬਿਆਨ ਕਰਦੀ ਹੈ। ਸਾਡੇ ਦੇਸ਼ ਦਾ ਨਿਆਇਕ ਢਾਂਚਾ ਜੋਕਿ ਬਹੁਤ ਹੀ ਲਚਕੀਲਾ ਅਤੇ ਖਰਚੀਲਾ ਹੈ ਕਾਰਨ ਬਹੁਤੇ ਸਾਧਨਹੀਣ ਲੋਕ ਇਨਸਾਫ ਲੈਣ ਲਈ ਤੜਫਦੇ ਰਹਿੰਦੇ ਹਨ ਜਦਕਿ ਸਾਧਨ ਸੰਪਨ ਲੋਕ ਇਸਦਾ ਦੁਰਉਪਯੋਗ ਕਰਦੇ ਹਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ। ਬਹੁਤੇ ਥਾਵਾਂ ਤੇ ਨਾਗਰਿਕਾਂ ਦੀ ਰੱਖਿਆ ਕਰਨ ਵਾਲੀ ਪੁਲਿਸ ਹੀ ਅਪਣੇ ਦੇਸ਼ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਿੱਚ ਮੋਹਰੀ ਰਹਿੰਦੀ ਹੈ ਅਤੇ ਇਸ ਵਿੱਚ ਕਈ ਵਾਰ ਸਾਡੇ ਦੇਸ਼ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨੇਤਾ ਵੀ ਹੱਲਾ ਸ਼ੇਰੀ ਦਿੰਦੇ ਹਨ। ਸਰਕਾਰ ਵਲੋਂ ਲਿਤਾੜ੍ਹੇ ਅਤੇ ਪੱਛੜ੍ਹੇ ਵਰਗਾਂ ਨੂੰ ਸਮਾਜਿਕ ਨਿਆਂ ਦੇਣ ਲਈ ਬੇਸ਼ੱਕ ਵੱਖ ਵੱਖ ਸੰਗਠਨ ਸਥਾਪਿਤ ਕੀਤੇ ਗਏ ਹਨ ਪਰੰਤੂ ਇਨ੍ਹਾਂ ਤੇ ਰਾਜਨੀਤਿਕ ਪ੍ਰਭਾਵ ਹੋਣ ਕਾਰਨ ਇਹ ਅਪਣੇ ਮੰਤਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਰਹੇ ਹਨ ਜਿਸ ਕਾਰਨ ਅੱਜ ਵੀ ਦੇਸ਼ ਦੇ ਕਈ ਭਾਗਾਂ ਵਿੱਚ ਸਮਾਜਿਕ ਅਨਿਆਂ ਤੋਂ ਦੁਖੀ ਲੋਕ ਨਿਆਂ ਪ੍ਰਾਪਤ ਕਰਨ ਲਈ ਕਈ ਗੈਰ ਕਨੂੰਨੀ ਢੰਗ ਅਪਣਾ ਰਹੇ ਹਨ ਅਤੇ ਦੇਸ਼ ਵਿੱਚ ਹਾਲਾਤ ਵਿਗੜ ਰਹੇ ਹਨ। ਸਮਾਜਿਕ ਨਿਆਂ ਦੀ ਚੁਣੌਤੀ ਮੁੱਖ ਤੌਰ ਤੇ ਸਮਾਜ ਲਈ ਇੱਕ ਚੁਣੌਤੀ ਹੈ ਅਤੇ ਇਹ ਨਿਰੀਖਣ ਸਮੱਸਿਆ ਦੀ ਜੜ੍ਹ ਨੂੰ ਸਭ ਤੋਂ ਸਪਸ਼ਟ ਸ਼ਬਦਾਂ ਵਿੱਚ ਪੇਸ਼ ਕਰਦਾ ਹੈ। ਇਹ ਸਮਾਜ ਦਾ ਫਰਜ਼ ਹੈ ਕਿ ਇਸਦੇ ਮੈਂਬਰਾਂ ਨਾਲ ਨਿਆਂ ਕੀਤਾ ਜਾਵੇ ਅਤੇ ਸਮਾਜ ਦੁਆਰਾ ਉਹਨਾਂ ਪ੍ਰਤੀ ਪ੍ਰਚਲਿਤ ਸਮਾਜਿਕ ਸਥਿਤੀਆਂ ਦੇ ਕਾਰਨ ਇਸ ਤੋਂ ਇਨਕਾਰ ਨਾ ਕੀਤਾ ਜਾਵੇ। ਸਾਡੇ ਦੇਸ਼ ਵਿੱਚ ਆਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਸਮਾਜਿਕ ਸਮਾਨਤਾ ਤੋਂ ਇਨਕਾਰ ਕੀਤਾ ਗਿਆ ਸੀ ਅਤੇ ਉਹਨਾਂ ਦੀ ਸਮਾਜਿਕ ਸਥਿਤੀ ਦੇ ਕਾਰਨ ਉਹਨਾਂ ਕੋਲ ਮਨੁੱਖੀ ਸਹੂਲਤਾਂ ਦੀ ਸਰਵੋਤਮ ਵਰਤੋਂ ਅਤੇ ਨਿੱਜੀ ਜੀਵਨ ਵਿੱਚ ਉਭਾਰ ਅਤੇ ਵਿਕਾਸ ਲਈ ਕੋਈ ਮੌਕਾ ਨਹੀਂ ਸੀ। ਵੱਖ-ਵੱਖ ਪੱਧਰਾਂ ਤੇ ਲੋਕਾਂ ਤੇ ਵੱਖ-ਵੱਖ ਡਿਗਰੀਆਂ ਤੇ ਕੰਮ ਕਰਨ ਵਾਲੀਆਂ ਭਿਆਨਕ ਸਮਾਜਿਕ ਸਥਿਤੀਆਂ ਨੇ ਪਹਿਲਾਂ ਹੀ ਸਮਾਜ ਸੁਧਾਰਕਾਂ ਅਤੇ ਰਾਜਨੀਤਿਕ ਵਰਕਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ।

ਸੰਵਿਧਾਨ ਦੇ ਨਿਰਮਾਤਾ ਜੀਵਨ ਦੀਆਂ ਹਕੀਕਤਾਂ ਤੋਂ ਆਪਣੀਆਂ ਅੱਖਾਂ ਬੰਦ ਨਹੀਂ ਕਰ ਸਕੇ ਅਤੇ ਉਨ੍ਹਾਂ ਨੂੰ ਇਹ ਹੱਲ ਕਰਨਾ ਪਿਆ ਕਿ ਜੇਕਰ ਭਾਰਤ ਨੂੰ ਸਮਾਨਤਾ, ਭਾਈਚਾਰੇ ਅਤੇ ਆਜ਼ਾਦੀ ਤੇ ਸਥਾਪਿਤ ਇੱਕ ਗਣਰਾਜ ਬਣਨਾ ਹੈ ਤਾਂ ਸਮੂਹ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੌਰ ਤੇ ਨਿਆਂ ਮਿਲਣਾ ਚਾਹੀਦਾ ਹੈ। ਦੇਸ਼ ਵਿੱਚ ਸਮਾਜਿਕ ਨਿਆਂ ਦੀ ਖਸਤਾ ਹਾਲਤ ਨੂੰ ਵੇਖਕੇ ਲੱਗਦਾ ਹੈ ਕਿ ਸਾਡੇ ਦੇਸ਼ ਵਿੱਚ ਸਮਾਜਿਕ ਨਿਆਂ ਲਈ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ ਨਹੀਂ ਤਾਂ ਇਸ ਦਿਨ ਹੋਣ ਵਾਲੇ ਸਮਾਗਮ ਸਿਰਫ ਖਾਨਾਪੂਰਤੀ ਬਣਕੇ ਰਹਿ ਜਾਣਗੇ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop



# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- ✓ DPF Filter Cleaning
- ✓ Clutch
- ✓ Transmission
- ✓ New/Used Tires
- ✓ Oil Changes
- ✓ Wheel Balancing
- ✓ Truck & Trailer Repair
- ✓ All Major & Minor Repairs
- ✓ We Do Aluminum Welding
- ✓ Computer Check
- ✓ Differential
- ✓ Inspections
- ✓ Van/Reefer Work

We do Truck Smoke Test & Alignment FOR ALL CUSTOMERS

hablamos español
We Speak English, Spanish & Punjabi


We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





## 209-239-1551

# 1003 MOFFAT BLVD., MANTECA, CA 95336

ਸ੍ਰੀ ਸੁਖ ਸਿੰਘ ਅਤੇ ਪਰਮਿੰਦਰ ਨੂੰ 60ਵੀਂ ਵਰ੍ਹੇਗੰਢ 'ਤੇ ਵਧਾਈਆਂ! ਕਿੰਨਾ ਵੱਡਾ ਮੀਲ ਪੱਥਰ! ਇਸ ਖਾਸ ਮੌਕੇ ਦਾ ਜਸ਼ਨ ਮਨਾਉਣ ਲਈ ਬਹੁਤ ਸਾਰੇ ਪਰਿਵਾਰ ਅਤੇ ਦੋਸਤ ਦੂਰੋਂ-ਨੇੜਿਓਂ ਆਏ! ਅਸੀਂ ਆਪਣੀ 30 ਸਾਲਾਂ ਤੋਂ ਵੱਧ ਦੀ ਦੋਸਤੀ ਨੂੰ ਪਿਆਰ ਕਰਦੇ ਹਾਂ ਅਤੇ ਖੁਸ਼ੀ ਭਰੇ ਸਫ਼ਰ ਦੇ ਜਸ਼ਨ ਵਿੱਚ ਸ਼ਾਮਲ ਹੋਣ 'ਤੇ ਮਾਣ ਮਹਿਸੂਸ ਕਰਦੇ ਹਾਂ। ਤੁਹਾਡੇ ਬਹੁਤ ਹੀ ਸਫਲ ਬੱਚਿਆਂ ਅਤੇ ਪਰਿਵਾਰ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਤੁਸੀਂ ਇੱਕ ਸ਼ਾਨਦਾਰ ਕੰਮ ਕੀਤਾ ਹੈ! ਦੁਬਾਰਾ ਵਧਾਈਆਂ ਅਤੇ ਹੋਰ ਬਹੁਤ ਸਾਰੇ ਆਉਣਗੇ! ਬਹੁਤ ਪਿਆਰ ਅਤੇ ਸਤਿਕਾਰ ਨਾਲ! ਬਹੁਤ ਸਾਰੇ ਚੁਣੇ ਹੋਏ ਅਧਿਕਾਰੀ ਸੁੱਖ ਸਿੰਘ ਅਤੇ ਪਰਮਿੰਦਰ ਸਿੰਘ ਦੀ ਡਾਇਮੰਡ ਵਰ੍ਹੇਗੰਢ ਮਨਾਉਣ ਵਿੱਚ ਸਾਡੇ ਨਾਲ ਸ਼ਾਮਲ ਹੋਏ: **former Insurance Commissioner Dave Jones, Sac City Councilmembers Roger Dickinson, SMUD Board members Dave Tamayo (and Mrs. Ariane Lyons) and Rob Kerth, former Lodi Mayor Mikey Singh Hothi (and fiancée Chante Hettinger).** ਬੇਮਿਸਾਲ ਯਤਨਾਂ ਲਈ ਸਾਰਿਆਂ ਦਾ ਧੰਨਵਾਦ

– ਸੁਖਚੈਨ ਅਤੇ ਪਰਮਿੰਦਰ



















ਅਦਾਰਾ ਦੇਸ਼ ਦੁਆਬਾ ਵੱਲੋਂ ਸੁਖਚੈਨ ਅਤੇ ਪ੍ਰਮਿੰਦਰ ਨੂੰ ਵਿਆਹ ਦੀ 60ਵੀਂ ਵਰ੍ਹੇਗੰਢ ਦੀਆਂ ਲੱਖ-ਲੱਖ ਵਧਾਈਆਂ ਅਤੇ ਉਹਨਾਂ ਦੀ ਸਿਹਤਯਾਬੀ ਲਈ ਅਰਦਾਸ ਕਰਦੇ ਹਾਂ ਅਤੇ ਉਹਨਾਂ ਦੇ ਸਫਲ ਵਿਆਹੁਤਾ ਜੀਵਨ ਦੀ ਸਫਲਤਾ ਲਈ ਕਾਮਨਾ ਕਰਦੇ ਹਾਂ।

# ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਵਸਾਏ ਸ਼ਹਿਰ ਚਲੋ ਚੱਲੀਏ ਸ਼੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ

**ਸੰਖੇਪ ਭੂਮਿਕਾ–** ੧ਓ ਦੇ ਖੋਜੀ ਕਵੀ ਬਾਬਾ ਨਾਨਕ ਨੇ 1504 ਵਿੱਚ ਰਾਵੀ ਨਦੀ ਦੇ ਕੰਢੇ ਕਰਤਾਰਪੁਰ ਸਾਹਿਬ ਜ਼ਿਲ੍ਹਾ ਨਾਰੋਵਾਲ ਤਹਿਸੀਲ ਸ਼ਕਰਗੜ੍ਹ ਪੰਜਾਬ ਪਾਕਿਸਤਾਨ ਦੀ ਸਥਾਪਨਾ ਕੀਤੀ। ਸਾਰੇ ਸਿੱਖ ਭਾਈਚਾਰੇ ਨੂੰ ਇਕੱਠਾ ਕੀਤਾ ਅਤੇ 22 ਸਤੰਬਰ 1939 ਨੂੰ ਜੋਤੀ ਜੋਤ ਸਮਾਉਣ ਤੱਕ 18 ਸਾਲ ਆਪਣੀਆਂ ਬਹੁਮੁਲੀਆਂ ਸੇਵਾਵਾਂ ਦਿੱਤੀਆਂ। ਗੁਰੂ ਜੀ ਨੇ ਆਪਣੇ ਜੀਵਨ ਕਾਲ ਦੇ 18 ਸਾਲ ਦੌਰਾਨ ਇੱਥੇ ਪ੍ਰਚਾਰ ਕੀਤਾ। ਇੱਕ ਅਮੀਰ ਖੱਤਰੀ ਧਾਰਮਿਕ ਪਰਿਵਾਰ ਕਰੋੜੀ ਦੁਆਰਾ ਦਾਨ ਕੀਤੇ ਧਨ ਨਾਲ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ ਗਈ। ਕਰਤਾਰਪੁਰ ਦਾ ਅਰਥ ਹੈ ਨਿਰਮਾਤਾ ਜਾਂ ਭਗਵਾਨ ਦਾ ਸ਼ਹਿਰ ਅਤੇ ਪੁਰ ਦਾ ਅਰਥ ਹੈ ਸ਼ਹਿਰ। ਲਗਭਗ 20 ਸਾਲਾਂ ਦੀ ਯਾਤਰਾ ਤੋਂ ਬਾਅਦ ਗੁਰੂ ਜੀ ਆਪਣੇ ਪਰਿਵਾਰ ਸਹਿਤ ਕਰਤਾਰਪੁਰ ਵਿਖੇ ਵਸ ਗਏ। ਗੁਰੂ ਜੀ ਦੀ ਮੌਤ ਤੋਂ ਬਾਅਦ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਨੇ ਉਨਾਂ ਉੱਪਰ ਆਪਣਾ ਦਾਅਵਾ ਕੀਤਾ ਅਤੇ ਉਨਾਂ ਦੀ ਯਾਦ ਵਿਚ ਇੱਕ ਦੀਵਾਰ ਦੇ ਨਾਲ ਮਕਬਰੇ ਬਣਾਏ। ਰਾਵੀ ਨਦੀ ਦੇ ਬਦਲਦੇ ਮਾਰਗ ਕਰਕੇ ਮਕਬਰੇ ਵਹਿ ਗਏ ਪਰ ਗੁਰੂ ਜੀ ਦੇ ਪਰਿਵਾਰ ਨੇ ਉਹਨਾਂ ਦੀ ਰਾਖਵਾਲਾ ਕਲਸ ਬਚਾ ਲਿਆ ਅਤੇ ਸੇ ਨਦੀ ਦੇ ਸੱਜੇ ਕਿਨਾਰੇ ਵਿੱਚ ਸਥਾਨ ਦੇ ਦਿੱਤਾ ਜਿੱਥੇ ਇੱਕ ਨਵੀਂ ਬਸਤੀ ਬਣਾਈ ਗਈ ਜੋ ਵਰਤਮਾਨ ਡੇਰਾ ਬਾਬਾ ਨਾਨਕ ਦਾ ਪ੍ਰਤੀਨਿਧ ਕਰਦੀ ਹੈ।

ਰਾਜੇਸ਼ ਗੁਪਤਾ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਸਾਡਾ ਮਨ ਬਣ ਗਿਆ ਕਿ ਕਰਤਾਰਪੁਰ ਸਾਹਿਬ ਚੱਲੀਏ ਬਸ ਉਹਨਾਂ ਦੀ ਦੁਕਾਨ 'ਤੇ ਬੈਠੇ-ਬੈਠੇ ਫੈਸਲਾ ਲੈ ਲਿਆ। ਰਾਜੇਸ਼ ਗੁਪਤਾ ਦੀ ਹਨੂਮਾਨ ਚੌਂਕ ਗੁਰਦਾਸਪੁਰ ਵਿਖੇ ਹਾਰਡਵੇਅਰ ਦੀ ਦੁਕਾਨ ਹੈ ਜਿੱਥੇ ਸਾਹਿਤਕਾਰਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ। ਰਾਜੇਸ਼ ਗੁਪਤਾ ਜੀ ਕਹਿਣ ਲੱਗੇ ਕਿ ਮੇਰਾ ਸਾਰਾ ਪਰਿਵਾਰ ਹੀ ਜਾਵੇਗਾ ਅਤੇ ਨਾਲ ਕੁਝ ਹੋਰ ਰਿਸ਼ਤੇਦਾਰ ਵੀ, ਖੈਰ ਅਸੀਂ ਇੱਕ ਕੰਪਿਊਟਰ ਕੈਫੇ ਤੋਂ ਫਾਰਮ ਭਰਵਾ ਕੇ ਭੇਜਣ ਦਾ ਮਨ ਬਣਾ ਲਿਆ। ਕਰਤਾਰਪੁਰ ਸਾਹਿਬ ਜਾਣ ਲਈ ਇੱਕ ਮਹੀਨਾ ਬਾਅਦ 12 ਮਈ ਐਤਵਾਰ ਦੀ ਤਾਰੀਖ ਮਿਲ ਗਈ। ਐਤਵਾਰ ਸਾਰਿਆਂ ਨੂੰ ਠੀਕ ਬੈਠਦਾ ਸੀ, ਛੁੱਟੀ ਵਾਲਾ ਦਿਨ ਸੀ ਕਰਤਾਰ-ਪੁਰ ਸਾਹਿਬ ਜਾਣ ਲਈ ਗੂਗਲ ਤੋਂ ਖੋਜੇ ਕਰਤਾਰਪੁਰ ਕੋਰੀਡੋਰ ਆਨਲਾਈਨ ਇਸ ਵਿੱਚ ਜਾਣ ਲਈ ਫਾਰਮ ਆ ਜਾਣਗੇ ਜੇ ਤੁਸੀਂ ਆਪ ਭਰ ਸਕਦੇ ਹੋ ਤਾਂ ਠੀਕ ਹੈ ਨਹੀਂ ਤਾਂ ਕਿਸੇ ਵੀ ਕੈਫੇ ਤੋਂ ਭਰਵਾ ਲਵੋ। ਤੁਹਾਨੂੰ ਬੇਸ਼ੱਕ ਥੋੜ ਦੇਰ ਪਰ ਮਨ ਮਰਜ਼ੀ ਦੀ ਤਾਰੀਖ ਮਿਲ ਸਕਦੀ ਹੈ। ਕਰਤਾਰਪੁਰ ਸਾਹਿਬ ਜਾਣ ਲਈ ਤੁਹਾਡਾ ਪਾਸਪੋਰਟ, ਕੋਰੋਨਾ ਸਰਟੀਫਿਕੇਟ, ਦੋ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਪੈਨ ਕਾਰਡ ਜ਼ਰੂਰੀ ਹਨ। ਪਾਸਪੋਰਟ ਸਿਰਫ ਪਹਿਚਾਣ ਪੱਤਰ ਲਈ ਇਸ ਉੱਪਰ ਕੋਈ ਮੋਹਰ ਨਹੀਂ ਲੱਗਦੀ। ਮੈਂ ਆਪਣੇ ਕੁਝ ਸ਼ਾਇਰ ਲੇਖਕ ਦੋਸਤਾਂ

ਨਿੱਕਾ ਮੀਂਹ ਸਾਡਾ ਸਵਾਗਤ ਕਰਨ ਲੱਗਾ। ਨਿੱਕਾ ਨਿੱਕਾ ਜਾਲੀਦਾਰ ਮੀਂਹ ਜੀ ਆਇਆਂ ਨੂੰ ਕਹਿੰਦਾ ਹੋਇਆ ਕਦੀ ਤੇਜ਼ ਤੇ ਕਦੀ ਮਧਮ ਸੰਗੀਤ ਦੀਆਂ ਧੁੰਨਾਂ ਛੇੜਨ ਲੱਗਿਆ ਅਤੇ ਗਰਮੀ ਵਿੱਚ ਮੌਸਮ ਸੁਹਾਣਾ ਦਿਲਕਸ਼ ਹੋ ਗਿਆ ਸੀ। ਮੌਸਮ ਨੇ ਜਿਵੇਂ ਮਰਮ ਸਪਰਸ਼ੀ ਬਹਾਰ ਲੈ ਆਉਂਦੀ ਹੋਵੇ। ਪ੍ਰਵੇਸ਼ ਦੁਆਰ 'ਤੇ ਅੱਗੇ ਜਾ ਕੇ ਏਅਰਪੋਰਟ ਦੀ ਤਰਜ਼ ਵਰਗੀ ਚੈਕਿੰਗ। ਇੱਥੇ ਸਾਡੇ ਪਾਸਪੋਰਟ, ਟਿਕਟਾਂ ਵਾਲਾ ਫਾਰਮ, ਕੋਵਿਡ ਫਾਰਮ ਆਦਿ ਚੈੱਕ ਕੀਤੇ ਗਏ, ਇੱਕ ਇੱਕ ਚੀਜ਼ ਦੀ ਚੈਕਿੰਗ, ਚੈਕਿੰਗ ਜ਼ਰੂਰਤ ਤੋਂ ਜ਼ਿਆਦਾ ਸੀ ਜਾਂ ਠੀਕ ਸੀ। ਸਾਡੇ ਲੇਖਕ ਦੋਸਤਾਂ ਨੇ ਆਪਣੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਨਾਲ ਲਿਆਂਦੀਆਂ ਸੀ ਕਿ ਉੱਥੇ ਜਾ ਕੇ ਪਾਕਿਸਤਾਨ ਦੇ ਦੋਸਤਾਂ ਨੂੰ ਦੇਵਾਂਗੇ ਅਤੇ ਉਹਨਾਂ ਕੋਲੋਂ ਪੁਸਤਕ ਵਿਮੋਚਨ ਵੀ ਕਰਵਾਵਾਂਗੇ ਪਰ ਸਿਕਿਉਰਟੀ ਗਾਰਡ ਵਾਲਿਆਂ ਨੇ ਪੁਸਤਕਾਂ ਲਿਜਾਣ ਤੋਂ ਮਨ੍ਹਾ ਕਰ ਦਿੱਤਾ। ਤੁਸੀਂ ਪੁਸਤਕਾਂ ਜਾਂ ਕੋਈ ਵੀ ਲਿਟਰੇਚਰ ਨਾਲ ਨਹੀਂ ਲਿਜਾ ਸਕਦੇ। ਭਾਰਤੀ ਕਰੰਸੀ ਤੋਂ ਇਲਾਵਾ ਹੋਰ ਕੋਈ ਕਰੰਸੀ ਨਾਲ ਨਹੀਂ ਲਿਜਾ ਸਕਦੇ।

ਆਪਣੇ ਦੋਸਤ ਜਨਾਬ ਨੂਰ ਅਹਿਮਦ ਜੱਟ ਹੋਰਾਂ ਲਈ ਇੱਕ ਕੈਨੇਡੀਅਨ ਘੜੀ, ਇੱਕ ਪਰਫਿਊਮ ਦੀ ਸ਼ੀਸ਼ੀ, ਉਸ ਦੀ ਬੇਗ਼ਮ ਦਾ ਪੰਜਾਬੀ ਸੂਟ ਅਤੇ ਉਸ ਦੇ ਪੁੱਤਰ ਲਈ ਕੱਪੜੇ ਖੜੇ ਸੀ। ਸਿਕਿਉਰਟੀ ਵਾਲਿਆਂ ਪੰਗਾ ਖੜ੍ਹਾ ਕਰ ਦਿੱਤਾ



ਬਲਵਿੰਦਰ ਬਲਮ ਗੁਰਦਾਸਪੁਰ
91-98156-25409

ਛੱਤ ਵਾਲਾ ਖੁੱਲਾ ਪਲੇਟਫਾਰਮ ਹੈ ਇੱਥੋਂ ਪਾਕਿਸਤਾਨੀ ਕਰੰਸੀ ਮਿਲਦੀ ਹੈ। ਤੁਸੀਂ ਇੱਥੇ ਜਿੰਨੀ ਮਰਜ਼ੀ ਇੱਛਾ ਮੁਤਾਬਿਕ ਕਰੰਸੀ ਲੈ ਸਕਦੇ ਹੋ ਇੱਥੇ ਹੀ ਅਧਿਕਾਰੀ ਪ੍ਰਵੇਸ਼ ਫੀਸ ਅਮਰੀਕਾ ਦੇ 20 ਡਾਲਰ ਲੈਂਦੇ ਹਨ। ਅਸੀਂ ਸਭ ਨੇ ਪਾਕਿਸਤਾਨੀ ਕਰੰਸੀ ਜ਼ਰੂਰਤ ਮੁਤਾਬਿਕ ਲੈ ਲਈ। ਉੱਥੇ ਖਰੀਦੋ ਫਰੋਖ਼ਤ ਲਈ ਮਿੰਨੀ ਬਾਜ਼ਾਰ ਵੀ ਹੈ ਜੋ ਆਰਜੀ ਤੌਰ 'ਤੇ ਬਣਾਇਆ ਗਿਆ ਹੈ। ਪਾਕਿਸਤਾਨ ਦੀ ਕਰੰਸੀ ਦੇ ਮੁਤਾਬਿਕ ਭਾਰਤ ਦਾ ਇੱਕ ਰੁਪੱਈਆ ਅਤੇ ਪਾਕਿਸਤਾਨ ਦੇ ਦੋ ਰੁਪਈਏ ਅੱਸੀ ਪੈਸੇ ਬਣਦੇ ਹਨ। ਕਰੰਸੀ ਚੈੱਕ ਕਰਨ ਤੋਂ ਬਾਅਦ ਪਾਕਿਸਤਾਨ ਚੈਕਿੰਗ ਵਿਭਾਗ ਦੀ ਇਮਾਰਤ ਸ਼ੁਰੂ ਹੋ ਜਾਂਦੀ ਹੈ। ਇਸ ਦੇ ਪ੍ਰਵੇਸ਼ ਦੁਆਰ ਤੋਂ ਪਹਿਲਾਂ ਕਈ ਏਕੜ ਖੁੱਲ੍ਹਾ ਡੁੱਲਾ ਖ਼ੂਬਸੂਰਤ ਪਾਰਕ ਹੈ ਇਸ ਪਾਰਕ ਵਿੱਚ ਸ਼੍ਰੀ ਕਿਰਪਾਨ ਸਾਹਿਬ ਦਾ ਦਿਲਕਸ਼ ਸਟੈਚੂ ਮਿਆਨ ਵਿੱਚ ਬੰਦ ਨਜ਼ਰ ਆਉਂਦਾ ਹੈ ਜਿਸ ਦੀ ਮਿਆਨ





ਗੁਰੂ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸ਼ੁਰੂਆਤੀ ਸਿੱਖ ਸਮੁਦਾਏ ਉਹਨਾਂ ਦੇ ਉੱਤਰ ਅਧਿਕਾਰੀ ਗੁਰੂ ਅਗੰਦ ਦੇਵ ਜੀ ਕਰਤਾਰਪੁਰ ਤੋਂ ਸ੍ਰੀ ਖੰਡੂਰ ਸਾਹਿਬ ਵਿੱਚ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ, ਖੇਤੀਬਾੜੀ ਕੀਤੀ ਅਤੇ ਲੰਗਰ ਦੀ ਸਥਾਪਨਾ ਕੀਤੀ। ਵੰਡ ਛਕਣਾ, ਕੀਰਤਨ ਕਰਨਾ, ੧ਓ ਦਾ ਸੰਦੇਸ਼ ਫੈਲਾਇਆ, ਨਾਮ ਜਪਣਾ, ਸਰਬੱਤ ਦਾ ਭਲਾ, ਅੰਧ ਵਿਸ਼ਵਾਸ ਵਿਰੁੱਧ ਦਾ ਸੰਦੇਸ਼ ਦੇਸ਼ਾਂ-ਵਿਦੇਸ਼ਾਂ ਵਿੱਚ ਦਿੱਤਾ। ਕਰਤਾਰਪੁਰ ਸਾਹਿਬ ਸਥਾਨ ਯਾਤਰੀਆਂ ਸ਼ਰਧਾਲੂਆਂ ਲਈ ਆਕਰਸ਼ਣ ਅਤੇ ਅਧਿਆਤਮਿਕਤਾ ਦਾ ਕੇਂਦਰ ਹੈ। ਦੁਨੀਆ ਭਰ ਦੇ ਲਗਭਗ 30 ਮਿਲੀਅਨ ਸਿੱਖਾਂ ਦੇ ਲਈ ਸਭ ਤੋਂ ਵੱਧ ਪਵਿੱਤਰ ਸਥਾਨਾਂ ਵਿੱਚੋਂ ਇੱਕ ਹੈ। ਇੱਥੇ ਮੁਖ ਤੀਰਥ ਭਵਨ 1925 ਵਿੱਚ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ। ਪਟਿਆਲੇ ਦੇ ਮਹਾਰਾਜਾ ਸਰਦਾਰ ਭੁਪਿੰਦਰ ਸਿੰਘ ਦੁਆਰਾ 135600 ਦਾ ਦਾਨ ਦਿੱਤਾ ਗਿਆ। ਇਸ ਸਥਾਨ ਦੀ ਮੁਰੰਮਤ 1995 ਵਿੱਚ ਪਾਕਿਸਤਾਨ ਸਰਕਾਰ ਦੁਆਰਾ ਕੀਤੀ ਗਈ। ਮਈ 2017 ਵਿੱਚ ਅਮਰੀਕਾ ਸਥਿਤ ਗੈਰ ਸਰਕਾਰੀ ਸੰਗਠਨ ਈਕੋ ਸਿੱਖ ਨੇ ਇਸ ਸਥਾਨ ਦੇ ਚਾਰੇ ਤਰਫ 100 ਏਕੜ ਦੇ ਪਵਿੱਤਰ ਸਥਾਨ ਦੀ ਸਥਾਪਨਾ ਦਾ ਪ੍ਰਸਤਾਵ ਰੱਖਿਆ। ਨਵੰਬਰ 2018 ਵਿੱਚ 42 ਏਕੜ ਖੇਤਰ ਵਿੱਚ ਫੈਲੇ ਪ੍ਰਾਂਗਣ, ਸੰਗ੍ਰਹਿਆਲਯ, ਲਾਇਬਰੇਰੀ, ਕਮਰੇ ਅਤੇ ਲਾਕਰ ਰੂਮ ਦੇ ਨਿਰਮਾਣ ਨਾਲ ਗੁਰਦੁਆਰੇ ਦਾ ਵਿਸਥਾਰ ਕੀਤਾ ਗਿਆ। ਇੱਥੇ 20 ਫੁੱਟ ਦਾ ਪ੍ਰਾਚੀਨ ਖੂਹ ਛੋਟੀਆਂ ਇੱਟਾਂ ਦੁਆਰਾ ਨਿਰਮਿਤ ਲਗਭਗ 500 ਸਾਲ ਪੁਰਾਣਾ ਹੈ। ਇੱਥੇ ਮੂਲ ਗੁਰੂ ਗ੍ਰੰਥ ਸਾਹਿਬ ਦੀਆਂ ਅੰਤਿਮ ਪ੍ਰਤੀਆਂ ਗੁਰੂ ਗ੍ਰੰਥ ਇਥੇ ਹਰ ਕਦਮ ਗੁਰੂ ਜੀ ਦੇ ਜੀਵਨ ਦੀ ਯਾਦ ਦਿਲਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਮਰੋਹ ਸਮੇਂ ਗਲਿਆਰਾ ਨਵੰਬਰ 2028 ਨੂੰ ਖੋਲਿਆ ਗਿਆ। ਇਸ ਮੌਕੇ 550 ਯਾਤਰੀ ਆਏ। ਨਵਜੋਤ ਸਿੰਘ ਸਿੱਧੂ ਨੇ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗਲਿਆਰਾ ਖੋਲ੍ਹ ਕੇ ਸਿੱਖ ਸਮੁਦਾਇ ਦਾ ਦਿਲ ਜਿੱਤ ਲਿਆ ਹੈ। ਇਸ ਮੌਕੇ ਹਜ਼ਾਰਾਂ ਸ਼ਰਧਾਲੂ ਹਾਜ਼ਰ ਸਨ।

**ਸ਼ਬਦ ਚਿੱਤਰ ਵਾਰਤਾ –** ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਸ਼ਕਰਗੜ੍ਹ ਤਹਿਸੀਲ ਜ਼ਿਲ੍ਹਾ ਨਾਰੋਵਾਲ ਪਾਕਿਸਤਾਨ ਜਾਣ ਲਈ ਕਈ ਵਾਰੀ ਪ੍ਰੋਗਰਾਮ ਬਣਿਆ ਪਰ ਕਈਆਂ ਕਾਰਨਾਂ ਕਰਕੇ ਅੱਧ ਵਿਚਾਲੇ ਹੀ ਰਹਿ ਜਾਂਦਾ। ਪਾਕਿਸਤਾਨ ਲਾਹੌਰ ਤੰਤ ਮੇਰੇ ਦੋਸਤ ਪ੍ਰੋਫੈਸਰ ਤਨਵੀਰ ਸਾਦਿਕ ਅਤੇ ਨੂਰ ਮੁਹੰਮਦ ਜੱਟ ਸਾਹਿਬ ਅਤੇ ਕਈ ਦੋਸਤਾਂ ਦੇ ਹਰ ਹਫਤੇ ਕਈ ਫੋਨ ਆਉਂਦੇ ਕਿ ਆ ਕਰਤਾਰਪੁਰ ਸਾਹਿਬ ਆ ਕੇ ਮਿਲ ਲਈਏ। ਲਗਭਗ ਇੱਕ ਦਹਾਕਾ ਪਹਿਲਾਂ ਅਸੀਂ ਪ੍ਰੋਫੈਸਰ ਤਨਵੀਰ ਸਾਹਿਬ ਦੀ ਬੇਟੀ ਦੀ ਸ਼ਾਦੀ 'ਤੇ ਲਾਹੌਰ ਗਏ ਸੀ ਉਹ ਵੀ ਸਾਡੇ ਕੋਲ 8-10 ਸੱਜਣ ਲੇਖਕ ਗੁਰਦਾਸਪੁਰ ਆਏ ਸੀ। ਅਸੀਂ ਉਹਨਾ ਨੂੰ ਸਮਾਗਮ 'ਤੇ ਬੁਲਾਇਆ ਸੀ, ਇੱਕ ਮੇਲ ਮਿਲਾਪ ਨਾਲ ਸਾਂਝੀ ਵਾਲਤਾ ਦੀ ਇੱਕ ਗਹਿਰੀ ਰਿਸ਼ਤੇ ਨੁਮਾ ਦੋਸਤੀ ਹੋ ਗਈ। ਬਸ ਜਦੋਂ ਕਰਤਾਰਪੁਰ ਸਾਹਿਬ ਜਾਣ ਦਾ ਰਸਤਾ ਖੁੱਲਿਆ ਉਦੋਂ ਤੋਂ ਹੀ ਦੋਵੇਂ ਪਾਸੇ ਸਾਡੇ ਵਿੱਚ ਦਿਲ ਖਿੱਚਵੀਂ ਤਾਂਘ ਤਾਂ ਸੀ ਕਿ ਜਲਦੀ ਤੋਂ ਜਲਦੀ ਆਪਸ ਵਿੱਚ ਮਿਲੀਏ ਤਾਂ ਆਖਿਰ ਮੇਰੇ ਪਰਮ ਮਿੱਤਰ ਉੱਘੇ ਕਹਾਣੀਕਾਰ ਨੂੰ ਫੋਨ ਕੀਤਾ ਕਿ ਚਲੋ ਸ੍ਰੀ ਕਰਤਾਰਪੁਰ ਸਾਹਿਬ ਚੱਲੀਏ ਉਨਾਂ ਨੂੰ ਕਹਿਣ ਦੀ ਦੇਰ ਸੀ ਉਹ ਝੱਟ ਮੰਨ ਗਏ। ਦੋਸਤਾਂ ਨੂੰ ਕਿਹਾ ਕਿ ਪਾਕਿਸਤਾਨ ਲਾਹੌਰ ਤੋਂ ਵੀ ਕੁਝ ਦੋਸਤ ਸਾਨੂੰ ਉੱਥੇ ਮਿਲਣ ਲਈ ਆਉਣਗੇ। ਸਭ ਜਾਣ ਲਈ ਤਿਆਰ ਹੋ ਗਏ।

ਪਠਾਨਕੋਟ ਪੰਜਾਬ ਭਾਰਤ ਤੋਂ ਪ੍ਰਸਿੱਧ ਸ਼ਾਇਰ ਪਾਲ ਗੁਰਦਾਸਪੁਰੀ ਰਾਜ ਗੁਰਦਾਸਪੁਰੀ ਮਨਮੋਹਣ ਢਕਾਲਵੀ ਅਤੇ ਉਨਾਂ ਦੀ ਧਰਮ ਪਤਨੀ ਸ਼੍ਰੀਮਤੀ ਕੁਲਵੰਤ ਕੌਰ ਡਾਕਟਰ ਕੇਵਲ ਕ੍ਰਿਸ਼ਨ ਜੇਪੀ ਕਰਲਾਂਵਾਲਾ, ਮੰਗਲਦੀਪ, ਐਡਵੋਕੇਟ ਰਾਜਪਾਲ ਸਿੰਘ, ਰਾਜੇਸ਼ ਗੁਪਤਾ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਨੀਤੂ ਗੁਪਤਾ, ਡਾਕਟਰ ਮਹਿਕਜੋਤ, ਹਰ ਰਾਜਵਿੰਦਰ ਸਿੰਘ, ਸੁਰਿੰਦਰ ਕੌਰ, ਵਿਕਰਾਂਤ ਗੁਪਤਾ, ਕੁਲਵੰਤ ਕੌਰ, ਸੰਦੇਸ਼ ਕੁਮਾਰੀ ਅਤੇ ਮੈਂ ਬਲਵਿੰਦਰ ਬਾਲਮ ਅਤੇ ਪਤਨੀ ਬਲਵੀਰ ਕੌਰ ਸਭ ਨੇ ਇਕੱਠੇ ਫਰਮ ਭਰ ਕੇ ਭੇਜ ਦਿੱਤੇ। ਕੁਝ ਦਿਨਾਂ ਬਾਅਦ ਪੁਲਿਸ ਇਨਕੁਆਇਰੀ ਹੋਈ। ਪੁਲਿਸ ਸਟੇਸ਼ਨ ਤੋਂ ਇੱਕ ਫਾਰਮ ਮਿਲਦਾ ਹੈ ਇਸ ਫਾਰਮ ਨੂੰ ਕਿਸੇ ਵੀ ਮੋਹਤਬਾਰ ਵਿਅਕਤੀ ਐਮ.ਐਲ.ਏ., ਐਮ.ਸੀ. ਜਾਂ ਸਰਪੰਚ ਦੁਆਰਾ ਤਸਦੀਕ ਕੀਤਾ ਜਾਂਦਾ ਹੈ। ਇਸ ਫਾਰਮ ਦੇ ਖੱਬੇ ਪਾਸੇ ਤੁਹਾਡੀ ਫੋਟੋ ਲੱਗਦੀ ਹੈ ਅਤੇ ਫੋਟੋ ਦੇ ਨਾਲ ਕਿਸੇ ਇੱਕ ਪਰਿਸ਼ਚਿਤ ਵਿਅਕਤੀ ਦੀ ਗਵਾਹੀ ਪੈਂਦੀ ਹੈ। ਇਸ ਗਵਾਹੀ ਵਿੱਚ ਪਰਿਚਿਤ ਵਿਅਕਤੀ ਦੇ ਦਸਤਖ਼ਤ, ਪੂਰਾ ਪਤਾ ਅਤੇ ਮੋਬਾਇਲ ਨੰਬਰ ਹੁੰਦਾ ਹੈ। ਇਸ ਪੁਲਿਸ ਇਨਕੁਆਇਰੀ ਤੋਂ ਬਾਅਦ ਇੱਕ ਟਿਕਟ ਨੁਮਾ ਦਸਤਾਵੇਜ ਫਾਰਮ ਮਿਲ ਜਾਂਦਾ ਹੈ ਉਸ ਨੂੰ ਕੈਫੇ ਤੋਂ ਰੰਗਦਾਰ ਪ੍ਰਿੰਟ ਵਿੱਚ ਕਢਵਾਉਣਾ ਹੁੰਦਾ ਹੈ ਜੋ ਸਬੂਤ ਲਈ ਜਰੂਰੀ ਹੈ। ਜਾਣ ਤੋਂ ਪਹਿਲਾਂ ਇੱਕ ਦਿਨ ਕੋਵਿਡ ਟੈਸਟ ਸਰਟੀਫਿਕੇਟ ਨਾਲ ਲਿਜਾਣਾ ਜ਼ਰੂਰੀ ਹੈ। ਅਸਾਂ ਸਭ ਨੇ ਫੋਨ ਉੱਪਰ ਗੱਲਬਾਤ ਕਰਕੇ ਜਾਣ ਲਈ ਸਮਾਂ ਸਥਾਨ ਨਿਸ਼ਚਿਤ ਕਰ ਲਿਆ ਜੋ ਤਾਰੀਖ ਮਿਲੀ ਸੀ ਉਸ ਦੇ ਅਨੁਸਾਰ 12 ਮਈ ਨੂੰ ਅਸੀਂ ਗੁਰਦਾਸਪੁਰ ਤੋਂ ਲਗਭਗ ਸਵੇਰੇ ਸਾਢੇ ਸੱਤ ਵਜੇ ਦੇ ਕਰੀਬ ਆਪਣੀਆਂ ਗੱਡੀਆਂ ਉੱਪਰ ਚਲੇ ਗਏ। ਪਠਾਨਕੋਟ ਵਾਲੇ ਸਾਥੀ ਵੀ ਨਿਸ਼ਚਿਤ ਸਮੇਂ ਤੇ ਚੱਲ ਪਏ। ਅਸੀਂ ਸਾਰੇ ਜਣੇ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਕੋਰੀਡੋਰ ਵਿਖੇ ਲਗਭਗ ਇੱਕ ਘੰਟੇ ਵਿੱਚ ਪਹੁੰਚ ਗਏ। ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਕੋਰੀਡੋਰ ਲਗਭਗ 40 ਕਿਲੋਮੀਟਰ ਦੇ ਕਰੀਬ ਹੈ। ਡੇਰਾ ਬਾਬਾ ਨਾਨਕ ਦਾ ਖ਼ੂਬਸੂਰਤ ਅਲੀਸ਼ਾਨ ਆਕਰਸ਼ਣ ਭਰਪੂਰ ਕੋਰੀਡੋਰ ਵੇਖ ਕੇ ਮਨ ਬਾਗ਼ ਬਾਗ਼ ਹੋ ਗਿਆ। ਸਭ ਨੂੰ ਚਾਅ ਚੜ੍ਹ ਗਏ ਇਵੇਂ ਮਹਿਸੂਸ ਹੋਣ ਲੱਗਾ ਜਿਵੇਂ ਹਕ਼ੀਕ਼ਤ ਵਿੱਚ ਹੀ ਅਸੀਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਚੱਲੇ ਹਾਂ। ਉਹਨਾਂ ਦੀ ਇੱਕ ਤਸਵੀਰ ਜ਼ਿਹਨ ਵਿੱਚ ਉਤਰਨ ਲੱਗੀ, ਜਿਵੇਂ ਆਪਣੇ ਵਿਛੜੇ ਮਹਾਨ ਤੀਰਥ ਸਥਾਨ ਨੂੰ ਵੇਖਣ ਚੱਲੇ ਹੋਈਏ ਜਿਵੇਂ ਆਪਣੀ ਵਿਛੜੀ ਧਰਤੀ ਦਾ ਨਿੱਘ ਮਾਨਣ ਲਈ ਉਸ ਦਾ ਅਸ਼ੀਰਵਾਦ,ਉਸ ਦੀਆਂ ਸ਼ੁਭਕਾਮਨਾਵਾਂ ਲੈਣ ਲਈ ਜਾ ਰਹੇ ਹੋਈਏ। ਸਾਰਾ ਤਨ ਮਨ ਰੂਹ ਭਾਵੁਕ ਹੋ ਗਏ ਜਿਵੇਂ ਆਪਣੇ ਦਾਦੇ ਨੂੰ ਮਿਲਣ ਲਈ ਜਾ ਰਹੇ ਹੋਈਏ। ਮਨ ਵਿੱਚ ਤਾਂਘ ਵਲੇਵੇ ਖਾਣ ਲੱਗੀ। ਡੇਰਾ ਬਾਬਾ ਨਾਨਕ ਕੋਰੀਡੋਰ ਨੂੰ ਲੈਂਡਸਕੇਪਿੰ, ਤਰ੍ਹਾਂ-ਤਰ੍ਹਾਂ ਦੇ ਸਟੈਚੂ ਖ਼ੂਬਸੂਰਤ ਸ਼ਿਲਪ ਦੀ ਕਾਰੀਗਰੀ ਆਕਰਸ਼ਕ ਬਣਾਵਟ ਸਜਾਵਟ ਅਤੇ ਸੱਭਿਆਚਾਰ ਦੀ ਰਹੂ ਰੀਤੀ ਦਾ ਰੰਗ ਰੂਪ ਦਿੱਤਾ ਹੋਇਆ ਸੀ। ਪ੍ਰਵੇਸ਼ ਕਰਦੇ ਹੀ ਨਿੱਕਾ

ਕਿ ਤੁਸੀਂ ਘੜੀ ਨਾਲ ਨਹੀਂ ਲਿਜਾ ਸਕਦੇ। ਮੈਂ ਉਹਨਾਂ ਨੂੰ ਬੇਨਤੀ ਕੀਤੀ ਕਿ ਮੇਰੇ ਪਾਕਿਸਤਾਨੀ ਦੋਸਤ ਹਨ, ਅਸੀਂ ਇੱਕ ਦੂਸਰੇ ਦੇ ਸ਼ੁਭ ਕਾਰਜਾਂ ਵਿੱਚ ਮਿਲਦੇ ਰਹਿੰਦੇ ਹਾਂ ਕਿਉਂਕਿ ਮੇਰੇ ਪਾਸਪੋਰਟ ਉੱਪਰ ਪਹਿਲਾਂ ਵੀ ਲਾਹੌਰ ਦੀ ਐਂਟਰੀ ਹੋਈ ਸੀ। ਉਹਨਾਂ ਮੇਰੇ ਤੋਂ ਕਾਫੀ ਪੁੱਛਕਿਛ ਕੀਤੀ ਪਰ ਮੈਂ ਘੜੀ ਨਾਲ ਜਾਣ ਲਈ ਬਜਿੱਦ ਸਾਂ। ਆਖ਼ਿਰ ਉਸ ਮਹਿਲਾ ਕਰਮਚਾਰੀ ਨੇ ਆਪਣੇ ਉੱਚ ਅਧਿਕਾਰੀ ਨਾਲ ਗੱਲ ਕੀਤੀ ਕਿ ਇੱਕ ਲੇਖਕ ਪੱਤਰਕਾਰ ਹਨ ਜੋ ਆਪਣੇ ਦੋਸਤ ਲਈ ਘੜੀ ਆਦਿ ਸਾਮਾਨ ਲਿਜਾਣਾ ਚਾਹੁੰਦੇ ਹਨ। ਉਹਨਾਂ ਨੇ ਕੁਝ ਸੋਚ ਵਿਚਾਰ ਤੋਂ ਬਾਅਦ ਇਜਾਜ਼ਤ ਦੇ ਦਿੱਤੀ। ਇਸ ਤੋਂ ਬਾਅਦ ਇੱਕ ਕਤਾਰ ਦੇ ਰੂਪ ਵਿੱਚ ਸਭ ਨੂੰ ਪੋਲੀ ਬੂੰਦਾ ਪਿਲਾਈਆਂ ਗਈਆਂ। ਸਾਰੇ ਸਾਮਾਨ ਦੀ ਫਿਰ ਤੋਂ ਚੈਕਿੰਗ ਕੀਤੀ। ਚੈਕਿੰਗ ਤੋਂ ਬਾਅਦ ਇੱਕ ਆਖ਼ਰੀ ਹਾਲ ਵਿੱਚ ਪ੍ਰਵੇਸ਼ ਕੀਤਾ ਅਤੇ ਉਸ ਦੇ ਬਾਹਰ ਰਿਕਸ਼ੇਨੁਮਾ ਇਲੈਕਟਰੋਨਿਕ ਕਾਰਾਂ ਵਿੱਚ ਬਿਠਾ ਕੇ ਸਾਨੂੰ ਭਾਰਤ ਪਾਕਿਸਤਾਨ ਸੀਮਾ ਤੱਕ ਪਹੁੰਚਾਇਆ। ਉੱਥੇ ਚੈਕਿੰਗ ਕੀਤੀ। ਭਾਰਤ ਪਾਕਿਸਤਾਨ ਸੀਮਾ ਵੇਖ ਕੇ ਸਭ ਦਾ ਮਨ ਖੁਸ਼ ਹੋ ਗਿਆ। ਖੁਸ਼ੀ ਰੂਹ ਤੱਕ ਉਤਰ ਗਈ ਉੱਥੇ ਅਸੀਂ ਸਭ ਨੇ ਗਰੁੱਪ ਫੋਟੋ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਐਕਸ਼ਨ ਵਿੱਚ ਫੋਟੋਆਂ ਖਿਚਵਾਈਆਂ ਤਾਂ ਕਿ ਇੱਕ ਯਾਦ ਸਾਂਭੀ ਰਹੇ। ਪਾਕਿਸਤਾਨ ਸੀਮਾਂ 'ਤੇ ਇੱਕ ਖ਼ੂਬਸੂਰਤ ਬਸ ਖੜ੍ਹੀ ਸੀ ਜਿਸ ਵਿੱਚ ਅਸੀਂ ਤੇ ਹੋਰ ਯਾਤਰੀ ਸ਼ਰਧਾਲੂ ਬੈਠ ਗਏ। ਥੋੜ੍ਹੀ ਦੇਰ ਬਾਅਦ ਬਸ ਚੱਲ ਪਈ, ਮੱਧਮ ਰਫਤਾਰ ਵਿੱਚ ਬੱਸ ਵਿੱਚ ਪੰਜਾਬੀ ਗੀਤ ਸੁਣਾਈ ਦੇਣ ਲੱਗੇ। ਪੰਜਾਬੀਅਤ ਦਾ ਰੰਗ ਬੱਝ ਗਿਆ। ਪਾਕਿਸਤਾਨ ਅਤੇ ਪੰਜਾਬ ਦਾ ਇਲਾਕਾ ਇਵੇਂ ਮਹਿਸੂਸ ਹੋਣ ਲੱਗਾ ਜਿਵੇਂ ਵਿਛੜੇ ਹੋਏ ਦੋ ਸਕੇ ਭਰਾ ਹੋਣ। ਸਭ ਕੁਝ ਮਿਲਦਾ ਜੁਲਦਾ। ਮੈਨੂੰ ਯਾਦ ਆ ਗਏ ਉਹ ਦਿਨ ਮੇਰੇ ਨਾਨਕੇ ਤੇਗ ਬਾਬਾ ਨਾਨਕ ਵਿਖੇ ਸਨ। ਅਸੀਂ ਛੋਟੇ ਹੁੰਦੇ ਪਾਕਿਸਤਾਨ ਭਾਰਤ ਸੀਮਾ ਦੇ ਖੇਤਾਂ ਵਿੱਚ ਜਾਇਆ ਕਰਦੇ ਸਾਂ, ਸਾਡੀ ਨਾਨਕਿਆਂ ਦੀ ਜ਼ਮੀਨ ਬਿਲਕੁਲ ਪਾਕਿਸਤਾਨ ਸੀਮਾ ਦੇ ਨਾਲ ਸੀ। ਉਦੋਂ ਵਿਚਕਾਰ ਕੰਡਿਆਲੀ ਤਾਰ ਜਾਂ ਧੁੱਸੀ ਨਹੀਂ ਸੀ ਹੁੰਦੀ। ਸਿਰਫ ਇੱਕ ਟਰੈਕਟਰ ਦੇ ਸਿਆੜ ਦੀ ਸੀਮਾ ਰੇਖਾ ਹੁੰਦੀ ਹੈ, ਅਸੀਂ ਸੀਮਾ ਪਾਰ ਕਰਕੇ ਪਾਕਿਸਤਾਨ ਕਿਸਾਨਾਂ ਦੇ ਘਰਾਂ ਵਿੱਚ ਵੀ ਚਲੇ ਜਾਂਦੇ ਸਾਂ, ਉਹ ਵੀ ਆ ਜਾਂਦੇ ਸੀ। ਸੀਮਾ 'ਤੇ ਏਨੇ ਸਖ਼ਤ ਪਹਿਰੇ ਨਹੀਂ ਸਨ, ਚੇਤਾਵਨੀ ਜ਼ਰੂਰੀ ਹੁੰਦੀ ਸੀ। ਪਾਕਿਸਤਾਨ ਦੀ ਧਰਤੀ ਵੇਖ ਕੇ ਮੈਨੂੰ ਮੇਰਾ ਬਚਪਨ ਯਾਦ ਆ ਗਿਆ ਕਿ ਕਿਸ ਤਰ੍ਹਾਂ ਅਸੀਂ ਭਰਾਵਾਂ ਵਾਂਗੂੰ ਇੱਕ ਦੂਸਰੇ ਨੂੰ ਮਿਲਦੇ ਸੀ। ਇਹ ਪਰੰਪਰਾ ਪਿਆਰ ਮੁਹੱਬਤ ਅੱਜ ਵੀ ਬਰਕਰਾਰ ਹੈ, ਬਸ ਚੱਲਣ ਲੱਗਿਆਂ ਸੰਗਤਾਂ ਨੇ ਪੂਰੇ ਜੋਸ਼ੋ ਖਰੋਸ਼ ਨਾਲ ਪੂਰੇ ਆਤਮ ਬਲ ਨਾਲ ਬੋਲੇ ਸੌ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡ ਦਿੱਤੇ। ਸਤਿਨਾਮ ਸ਼੍ਰੀ ਵਾਹਿਗੁਰੂ ਜੀ ਦਾ ਪਾਠ ਉਚਾਰਨ ਸ਼ੁਰੂ ਹੋ ਗਿਆ, ਇੱਕ ਸਿੰਘ ਸਾਹਿਬਾਨ ਪਹਿਲਾਂ ਸਤਿਨਾਮ ਵਾਹਿਗੁਰੂ ਬੋਲਦੇ ਅਤੇ ਉਹਨਾਂ ਦੇ ਉਚਾਰਨ ਪਿੱਛੇ ਸ਼ਰਧਾਲੂ ਉਹ ਵੀ ਬੋਲਦੇ। ਨਜ਼ਾਰੇ ਦੀਆਂ ਸੀਮਾਂ ਹੀ ਖ਼ਤਮ। ਬਰਲਿਨ ਦੀ ਦੀਵਾਰ ਮੈਨੂੰ ਯਾਦ ਆ ਗਈ। ਪਾਕਿਸਤਾਨ ਦੇ ਕੋਰੀਡੋਰ ਵਿੱਚ ਬਸ ਪ੍ਰਵੇਸ਼ ਕਰ ਗਈ। ਭਾਰਤ ਪਾਕਿਸਤਾਨ ਸੀਮਾ ਤੋਂ ਇਹ ਕੋਰੀਡੋਰ ਲਗਭਗ 5 ਕਿਲੋਮੀਟਰ ਦੂਰ ਹੈ, ਚਾਰੇ ਪਾਸੇ ਖੇਤ ਦੇ ਦ੍ਰਿਸ਼ ਉੱਥੇ ਬੱਸ ਰੁਕਦੀ ਹੈ ਸਭ ਉੱਤਰ ਜਾਂਦੇ ਹਨ। ਇਸ ਦੇ ਨਾਲ ਸੱਜੇ ਪਾਸੇ

ਨੂੰ ਖ਼ੂਬਸੂਰਤ ਸ਼ੈਲੀ ਅਤੇ ਸ਼ਿਲਪ ਵਿੱਚ ਸਜਾਇਆ ਗਿਆ ਹੈ। ਸਿੱਖ ਸੱਭਿਆਚਾਰ ਦਾ ਸੁੰਦਰ ਪ੍ਰਤੀਕ। ਇੱਥੇ ਸਭਨਾ ਫੋਟੋਆਂ ਖਿੱਚਵਾਈਆਂ, ਮੀਂਹ ਫਿਰ ਮੱਧਮ ਸੰਗੀਤ ਦੀ ਧੁੰਨਾ ਛੇੜਨ ਲੱਗ ਪਿਆ। ਅਸੀਂ ਜਲਦੀ ਜਲਦੀ ਚੈਕਿੰਗ ਵਿਭਾਗ ਦੀ ਇਮਾਰਤ ਵਿੱਚ ਪ੍ਰਵੇਸ਼ ਕਰ ਗਏ ਉੱਥੇ ਫਿਰ ਪੂਰੀ ਚੈਕਿੰਗ ਸਾਰੇ ਕਾਗਜ਼ਾਤ ਵੇਖੇ ਜਾਂਦੇ ਹਨ। ਇੱਕ ਬੈਗ ਵਿਚ ਤੁਸੀਂ ਸੱਤ ਤੋਂ ਅੱਠ ਕਿਲੋ ਭਾਰ ਨਾਲ ਲਿਜਾ ਸਕਦੇ ਹੋ। ਇਸ ਇਮਾਰਤ ਤੋਂ ਬਾਹਰ ਫਿਰ ਬੱਸਾਂ ਲੱਗੀਆਂ ਹੋਈਆਂ ਸੀ, ਸਭ ਯਾਤਰੀ ਬੈਠ ਗਏ। ਫਿਰ ਜੈਕਾਰਿਆਂ ਦੀ ਗੂੰਜ ਬੱਸ ਨੇ ਸਭ ਨੂੰ ਕਰਤਾਰਪੁਰ ਸਾਹਿਬ ਦੇ ਬਾਹਰ ਚੈਕਿੰਗ ਪੋਸਟ ਤੇ ਉਤਾਰ ਦਿੱਤਾ। ਉਸ ਦੇ ਬਾਹਰ ਨਿਕਲਦਿਆਂ ਹੀ ਸ਼੍ਰੀ ਦਰਬਾਰ ਸਾਹਿਬ ਦੀ ਸਹੀ ਇਮਾਰਤ ਨਜ਼ਰ ਆਉਂਦੀ ਹੈ। ਇੱਕ ਉਤਸੁਕਤਾ ਵਿੱਚ ਜਗਿਆਸਾ ਨੂੰ ਖੰਭ ਲੱਗ ਗਏ। ਸਭ ਤੋਂ ਪਹਿਲਾਂ ਦਰਸ਼ਨੀ ਡਿਉੜੀ ਦੇ ਮਨਮੋਹਣੇ ਦਰਸ਼ਨ। ਸਭ ਕੁਝ ਇੱਕ ਨਾਟਕ ਵਾਂਗ ਦਿਖਾਈ ਦੇ ਰਿਹਾ ਸੀ ਕਿ ਅਗੇ ਕੀ ਹੋਵੇਗਾ। ਇਕਾਗਰਤਾ ਅਧਿਆਤਮਿਕਤਾ ਨੂੰ ਛੂਹ ਰਹੀ ਸੀ। ਦਰਸ਼ਨੀ ਡਿਊੜੀ ਦੇ ਮੁੱਖ ਦੁਆਰ ਤੇ ਜਦੋਂ ਸ਼ਰਧਾਲੂ ਅੰਦਰ ਪ੍ਰਵੇਸ਼ ਕਰਨ ਲਗਦੇ ਹਨ, ਉਨ੍ਹਾਂ ਨੂੰ ਉਥੇ ਰੋਕ ਕੇ ਇਕ ਮੁਸਲਮਾਨ ਮੁਲਾਜ਼ਿਮ ਅਤੇ ਪਾਕਿਸਤਾਨੀ ਸਿੱਖ ਲੜਕੀ ਨੇ ਸਭ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੀ ਸੰਖੇਪ ਜਿਹੀ ਜਾਣਕਾਰੀ ਦਿੱਤੀ। ਕਿਥੇ ਕੀ ਹੈ? ਸਭ ਕੁਝ ਸਮਝਾਉਂਦੇ ਹਨ।

ਇਸ ਤੋਂ ਬਾਅਦ ਅਸੀਂ ਅੰਦਰ ਪ੍ਰਵੇਸ਼ ਕੀਤਾ ਤਨ ਮਨ ਰੂਹ ਆਨੰਦਿਤ ਹੋਈ ਜਾ ਰਹੀ ਸੀ। ਜਿਵੇਂ ਹਕ਼ੀਕ਼ਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਣੇਂ ਹੋਣ। ਪ੍ਰਵੇਸ਼ ਦੁਆਰ ਦੇ ਬਰਾਮਦੇ ਵਿਚੋਂ ਅੰਦਰਲੇ ਸਾਰੇ ਦ੍ਰਿਸ਼ ਨਜ਼ਰ ਆਉਂਦੇ ਹਨ। ਸੰਗਮਰਮਰ ਦਾ ਦਿਲਕਸ਼ ਫਰਸ਼, ਸਾਰੀ ਇਮਾਰਤ ਸਫ਼ੇਦ ਰੰਗ ਦੀ ਜਿਵੇਂ ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਪ੍ਰਵੇਸ਼ ਦੁਆਰ ਦੇ ਨਾਲ ਖੱਬੇ ਪਾਸੇ ਜੋੜਾ ਘਰ ਹੈ। ਜਿੱਥੇ ਸਭ ਨੇ ਅਪਣੇਂ-ਅਪਣੇਂ ਜੋੜੇ (ਜੁੱਤੇ) ਜਮ੍ਹਾਂ ਵਰਕਾ ਕੇ ਟੋਕਣ ਲੈ ਲਏ। ਇੱਥੇ ਜੋੜਿਆਂ ਦੀ ਸੇਵਾ ਵਿੱਚ ਸਭ ਮੁਸਲਮਾਨ ਭਾਈਚਾਰੇ ਹੀ ਸ਼ਰਧਾਲੂ ਸਨ ਨਾਲ ਹੀ ਪੁਲਿਸ ਦਾ ਡਿਊਟੀ ਰੂਮ ਹੈ। ਸਭ ਨੇ ਦਰਸ਼ਨੀ ਡਿਊੜੀ ਦੀਆਂ ਤਸਵੀਰਾਂ ਖਿੱਚੀਆਂ। ਵੱਖ-ਵੱਖ ਦ੍ਰਿਸ਼ਾਂ ਅਤੇ ਵੱਖ-ਵੱਖ ਅੰਦਾਜ਼ ਵਿੱਚ। ਇਸ ਸਥਾਨ ਤੇ ਸ਼੍ਰੀ ਦਰਬਾਰ ਸਾਹਿਬ ਦਾ ਅਧਿਆਤਮਿਕ ਅਤੇ ਸਕੂਨ ਭਰਿਆ ਅਲੋਕਿਕ ਦ੍ਰਿਸ਼। ਤਨ ਮਨ ਰੂਹ ਨੂੰ ਛੂਹ ਜਾਂਦਾ ਹੈ। ਜਲਦੀ ਜਲਦੀ ਨਜ਼ਦੀਕ ਪਹੁੰਚਣ ਦੀ ਇੱਛਾ ਮਨ ਵਿੱਚ ਲਿਲਕਦੀ ਹੈ। ਸ਼੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸਿਆਂ ਤੋਂ ਤੁਸੀਂ ਅੰਦਰ ਜਾ ਸਕਦੇ ਹੋ। ਚਾਰੇ ਪਾਸੇ ਲੰਬਾ ਚੌੜਾ ਬਰਾਮਦਾ ਨੁਮਾਂ ਗਲਿਆਰਾ ਹੈ। ਪ੍ਰਾਚੀਨ ਸਮੇਂ ਦੀ ਸ਼ਿਲਪਸ਼ੈਲੀ ਦੀ ਤਰਜ਼ ਵਿੱਚ ਆਧੁਨਿਕ ਸਮਗਰੀ ਨਾਲ ਬਣਿਆ।

ਅਸੀਂ ਪ੍ਰਵੇਸ਼ ਦੁਆਰ ਤੋਂ ਥੋੜਾ ਅੱਗੇ ਜਾ ਕੇ ਖੱਬੇ ਪਾਸੇ ਵੱਲ ਮੁੜ ਗਏ ਅਤੇ ਵਿਚਕਾਰ ਸਾਹਮਣੇ ਦਿਸ਼ਾ ਵੱਲ ਰਸਤਾ ਜਾਂਦਾ ਹੈ ਜੋ ਸ਼੍ਰੀ ਦਰਬਾਰ ਸਾਹਿਬ ਤੱਕ ਲਗਭਗ 100 ਮੀਟਰ ਦੀ ਦੂਰੀ ਉੱਪਰ ਸ੍ਰੀ ਦਰਬਾਰ ਸਾਹਿਬ ਪ੍ਰਕਾਸ਼ਮਾਨ ਸ਼ੋਭਨੀਏ ਹਨ। ਰਸਤਿਆਂ ਵਿੱਚ ਸਾਫ ਸੁਥਰੇ ਕਲੀਨ ਵਿਛੇ ਹੋਏ ਹਨ ਗਰਮੀ ਸਰਦੀ ਤੋਂ ਬਚਣ ਲਈ। ਇੱਥੇ ਅਸੀਂ ਕੁਝ ਗਰੁੱਪ ਫੋਟੋ ਲਏ। ਇੱਥੇ ਸ਼੍ਰੀ ਦਰਬਾਰ ਸਾਹਿਬ ਦਾ ਪੂਰਾ ਦ੍ਰਿਸ਼ ਨੇੜਿਓਂ

**(ਬਾਕੀ ਅਗਲੇ ਸਫੇ 'ਤੇ)**

# ਪਿੰਡ ਦੇ ਦਲਿਤ ਵਰਗ 'ਚੋਂ ਪਹਿਲੇ ਅਧਿਆਪਕ ਬਣ ਕੇ ਆਰਜ਼ੀ ਬੀ.ਪੀ.ਈ.ਓ. ਤੱਕ ਦੀ ਡਿਊਟੀ ਨਿਭਾਉਣ ਵਾਲੇ ਮਾ: ਚੇਤ ਸਿੰਘ




ਮੇਜਰ ਸਿੰਘ ਨਾਭਾ
91-94635-53962

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਸ੍ਰ. ਚੇਤ ਸਿੰਘ ਸੈਂਟਰ ਹੈਡ ਟੀਚਰ (ਆਰਜ਼ੀ ਬੀ.ਪੀ.ਈ.ਓ.) ਸ.ਪ੍ਰ.ਸ. ਖੋਖ (ਨਾਭਾ) ਤੋਂ 31 ਅਕਤੂਬਰ 2001 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ ਜਿਲ੍ਹਾ ਪਟਿਆਲਾ ਵਿਖੇ 24 ਅਕਤੂਬਰ 1943 ਨੂੰ ਮਿਹਨਤਕਸ਼ ਕਿਰਤੀ ਸਵ: ਛੋਟਾ ਸਿੰਘ ਦੇ ਘਰ ਮਾਤਾ ਸਵ: ਸ੍ਰੀਮਤੀ ਕਰਨੈਲ ਕੌਰ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਸਵ: ਸ੍ਰੀ ਛੋਟਾ ਸਿੰਘ ਇੱਕ ਸੱਚੀ ਕਿਰਤ ਕਰਨ ਵਾਲੇ ਇਨਸਾਨ ਸਨ। ਉਸ ਨੇ ਆਪਣੀ ਮੁੱਢਲੀ ਸਿੱਖਿਆ ਅੱਠਵੀਂ ਤੱਕ ਆਪਣੇ ਪਿੰਡ ਦੇ ਹੀ ਸਰਕਾਰੀ ਮਿਡਲ ਸਕੂਲ ਤੋਂ ਪ੍ਰਾਪਤ ਕੀਤੀ ।ਉਸ ਨੇ ਸਰਕਾਰੀ ਹਾਈ ਸਕੂਲ ਮਲ੍ਹੇਵਾਲ ਤੋਂ ਦਸਵੀਂ 1959-60 ਵਿੱਚ ਪਾਸ ਕਰ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਆਪ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ ਜੂਨੀਅਰ ਬੇਸ਼ਿਕ ਟ੍ਰੇਨਿੰਗ ਸੰਸਥਾ ਨਾਭਾ ਵਿਖੇ ਦੋ ਸਾਲਾ ਜੇ.ਬੀ.ਟੀ. ਟੀਚਰ ਦੀ ਟ੍ਰੇਨਿੰਗ ਵਿੱਚ ਦਾਖਲਾ ਲੈ ਕੇ 1963 ਵਿੱਚ ਜੇ.ਬੀ.ਟੀ. ਟੀਚਰ ਦਾ ਕੋਰਸ ਕਰ ਲਿਆ। ਸ਼ੁਰੂ ਉਸ ਨੂੰ ਆਰਜ਼ੀ ਤੌਰ ਤੇ ਬਤੌਰ ਜੇ.ਬੀ.ਟੀ. ਟੀਚਰ ਨੌਕਰੀ ਸ.ਪ੍ਰ.ਸ. ਨਗਲਾ (ਪਟਿਆਲਾ) ਵਿਖੇ ਮਿਲ ਗਈ।

ਇਸੇ ਤਰ੍ਹਾਂ ਅਡਹਾਕ ਤੌਰ ਤੇ ਉਸ ਨੇ ਬਿਸ਼ਨਗੜ੍ਹ ਇੱਕ ਮਹੀਨਾ, ਭੂਤਗੜ੍ਹ ਛੇ ਮਹੀਨੇ ਸਕੂਲਾਂ 'ਚ ਸੇਵਾ ਨਿਭਾਈ ।ਚੇਤ ਸਿੰਘ ਨੇ ਬੜੇ ਔਖੇ ਦਿਨਾਂ ਵਿੱਚ ਦ੍ਰਿੜਤਾ ਨਾਲ ਬੇਝਿਜਕ ਹੋ ਕੇ ਮਿਹਨਤ ਕੀਤੀ । ਉਸ ਨੇ ਨੌਕਰੀ ਵਿੱਚ ਆ ਕੇ ਵੀ ਗਰਮੀ ਦੀਆਂ ਛੁੱਟੀਆਂ ਦੌਰਾਨ ਕਣਕ ਦੀ ਵਾਢੀ ਕਰਕੇ ਸਾਲ ਭਰ ਦੇ ਦਾਣੇ ਇੱਕਠੇ ਕਰਨ 'ਚ ਕੋਈ ਹੇਠੀ ਨਹੀਂ ਸਮਝੀ।

ਉਨ੍ਹਾਂ ਦਾ ਵਿਆਹ ਪਿੰਡ ਉਕਸੀ ਦੁਧਾਲ (ਲੁਧਿਆਣਾ) ਵਿਖੇ ਮੁਖਤਿਆਰ ਕੌਰ ਨਾਲ ਹੋਇਆ। ਸਾਲ 1964 'ਚ ਉਸ ਦੀ ਰੈਗੂਲਰ ਨਿਯੁਕਤੀ ਦੇ ਹੁਕਮ ਬਤੌਰ ਜੇ.ਬੀ.ਟੀ. ਟੀਚਰ ਸ.ਪ੍ਰ.ਸ. ਉੱਪਲਾਂ (ਪਟਿਆਲਾ) ਵਿਖੇ ਹੋ ਗਏ। ਇਥੇ ਉਸ ਨੇ ਤਕਰੀਬਨ ਨੌਂ ਸਾਲ ਸੇਵਾ ਨਿਭਾਉਣ ਉਪਰੰਤ 1973 ਵਿੱਚ ਸ.ਪ੍ਰ.ਸ ਗੁੱਜਰਹੇੜੀ ਵਿਖੇ ਬਦਲੀ ਕਰਵਾ ਲਈ। ਇਥੇ ਉਹ 1982 ਵਿੱਚ ਤਰੱਕੀ ਹੋਣ ਕਾਰਨ ਹੈਡ ਟੀਚਰ ਬਣ ਗਏ। ਉਨ੍ਹਾਂ ਦੀ 1994 ਵਿੱਚ ਤਰੱਕੀ ਬਤੌਰ ਸੈਂਟਰ ਹੈਡ ਟੀਚਰ ਹੋਣ ਤੇ ਉਨ੍ਹਾਂ ਦੀ ਪੋਸਟਿੰਗ ਸ.ਪ੍ਰ.ਸ. ਖੋਖ ਵਿਖੇ ਹੋ ਗਈ। ਇਥੋਂ ਹੀ ਉਨ੍ਹਾਂ ਨੂੰ 1998 ਵਿੱਚ ਨਾਭਾ ਬਲਾਕ ਦੇ ਆਰਜ਼ੀ ਬੀ.ਪੀ.ਈ.ਓ. ਦਾ ਚਾਰਜ਼ ਮਿਲ ਗਿਆ। ਉਨ੍ਹਾਂ ਨੇ ਇਹ ਡਿਊਟੀ 2000 ਤੱਕ ਇਮਾਨਦਾਰੀ ਨਾਲ ਨਿਭਾਈ। ਉਹ 31 ਅਕਤੂਬਰ 2001 ਨੂੰ ਸ.ਪ੍ਰ.ਸ. ਖੋਖ ਤੋਂ ਬਤੌਰ ਸੈਂਟਰ ਹੈਡ ਟੀਚਰ ਸੇਵਾ ਮੁਕਤ ਹੋਏ। ਪਿੰਡ ਦੇ ਐਸ.ਸੀ. ਕੈਟਾਗਰੀ 'ਚੋਂ ਸ੍ਰ. ਚੇਤ ਸਿੰਘ ਨੂੰ ਪਿੰਡ 'ਚ



ਪਹਿਲੇ ਮਾਸਟਰ ਬਣਨ ਦਾ ਮਾਣ ਹਾਸਿਲ ਹੈ ਜਿਸ ਸਮੇਂ ਬੱਚਿਆਂ ਨੂੰ ਮਾਪੇ ਜੱਟਾਂ ਨਾਲ ਸੀਰੀ ਰਲਾ ਕੇ ਪਰਿਵਾਰ ਦਾ ਸਹਾਰਾ ਬਣਨ ਤੱਕ ਹੀ ਸੋਚਦੇ ਸਨ। ਪਰ ਇਸ ਪਰਿਵਾਰ 'ਚੋਂ ਇਹ ਗਿਆਨ ਦਾ ਸੋਮਾ ਬਣ ਕੇ ਸਮਾਜ ਲਈ ਚਾਨਣ ਮੁਨਾਰਾ ਬਣਿਆ ਜੋ ਮਾਣ ਵਾਲੀ ਗੱਲ ਹੈ।

ਉਨ੍ਹਾਂ ਨੇ ਤਕਰੀਬਨ 37 ਸਾਲ ਈਮਾਨਦਾਰੀ ਨਾਲ ਬੇਦਾਗ਼ ਸ਼ਾਨਦਾਰ ਰੈਗੂਲਰ ਸੇਵਾ ਨਿਭਾਈ। ਉਹ ਮਿਹਨਤੀ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ। ਉਨ੍ਹਾਂ ਤਕਰੀਬਨ ਬਹੁਤੀ ਸਰਵਿਸ ਸਾਈਕਲ ਉੱਪਰ ਜਾ ਕੇ ਹੀ ਨਿਭਾਈ। ਉਂਞ ਉਹ ਸੇਵਾ ਮੁਕਤੀ ਤੋਂ ਬਾਅਦ ਵੀ ਸਾਈਕਲ ਤੇ ਹੀ ਆਮ ਜਾਂਦੇ ਰਹੇ ਹਨ ਪਰ ਹੁਣ ਸਿਹਤ ਪੱਖੋਂ ਕੁਝ ਠੀਕ ਨਾ ਹੋਣ ਕਾਰਨ ਬਾਹਰ ਘੱਟ ਹੀ ਜਾਂਦੇ ਹਨ। ਉਨ੍ਹਾਂ ਦੀ ਬੇਟੀ ਚਰਨਜੀਤ ਕੌਰ ਸ.ਸ.ਮਿਸਟ੍ਰੈਸ ਸ.ਸ.ਸ.ਸ. ਮਲ੍ਹੇਵਾਲ ਵਿਖੇ ਸੇਵਾ ਨਿਭਾ ਰਹੀ ਹੈ ਜੋ ਆਪਣੇ ਪਤੀ ਜਗਰੂਪ ਸਿੰਘ ਸ.ਸ.ਮਾਸਟਰ ਨਾਲ ਨਾਭਾ ਵਿਖੇ ਰਹਿ ਰਹੀ ਹੈ ਜੋ ਕਿ ਸ.ਸ.ਸ.ਸ. ਦੰਦਰਾਲਾ ਢੀਂਡਸਾ ਵਿਖੇ ਸੇਵਾ ਨਿਭਾ ਰਹੇ ਹਨ।

ਉਸ ਨੂੰ ਜਨਗਣਨਾ ਦੇ ਵਧੀਆ ਕੰਮ ਲਈ ਰਾਸਟਰਪਤੀ ਵਲੋਂ ਸਨਮਾਨ-ਪੱਤਰ ਮਿਲਿਆ ਹੈ। ਉਨ੍ਹਾਂ ਦੀ ਹੋਣਹਾਰ ਦੋਹਤੀ ਕੋਮਲਪ੍ਰੀਤ ਕੌਰ ਐਮ.ਬੀ.ਬੀ.ਐਸ. ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਕਰ ਚੁੱਕੀ ਹੈ। ਹੁਣ ਉਹ ਐਮ.ਡੀ. ਦੀ ਤਿਆਰੀ ਕਰ ਰਹੀ ਹੈ। ਉਨ੍ਹਾਂ ਦਾ ਬੇਟਾ ਗੁਰਚਰਨ ਸਿੰਘ ਆਪਣੀ ਪਤਨੀ ਜਸਵੰਤ ਕੌਰ ਨਾਲ ਆਪਣੇ ਬੱਚਿਆਂ ਨਾਲ ਪਿੰਡ ਹੀ ਰਹਿ ਰਿਹਾ ਹੈ। ਦੂਸਰਾ ਬੇਟਾ ਨਿਰਭੈ ਸਿੰਘ ਲਛਮਣ ਨਗਰ ਨਾਭਾ ਵਿਖੇ ਆਪਣੇ ਮਾਤਾ-ਪਿਤਾ ਅਤੇ ਆਪਣੀ ਪਤਨੀ ਮਨਜੀਤ ਕੌਰ ਨਾਲ ਰਹਿ ਰਿਹਾ ਹੈ ਜਿਸ ਦੀ ਇਕਲੌਤੀ ਬੇਟੀ ਲਵਪ੍ਰੀਤ ਕੌਰ ਕਨੇਡਾ ਵਿਖੇ ਪੜ੍ਹਾਈ ਕਰ ਰਹੀ ਹੈ। ਪ੍ਰਮਾਤਮਾ ਕਰੇ ਉਹ ਹਮੇਸ਼ਾਂ ਸਿਹਤਯਾਬੀ ਅਤੇ ਪਰਿਵਾਰਕ ਖੁਸ਼ੀਆਂ ਮਾਣਦੇ ਰਹਿਣ।

# ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਵਸਾਏ ਸ਼ਹਿਰ ਚਲੋ ਚੱਲੀਏ ਸ਼੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ

(ਸਫਾ 34 ਦੀ ਬਾਕੀ)

ਕੈਮਰਾ ਕ੍ਰਿਤ ਹੋ ਜਾਂਦਾ ਹੈ। ਨਿੱਕੀ ਨਿੱਕੀ ਕਿਣ-ਮਿਣ ਫਿਰ ਸ਼ੁਰੂ ਹੋ ਗਈ, ਕਿਸੇ ਜਮਲੇ ਦੀ ਤੂੰਬੀ ਦੀ ਤਰਜ਼ ਵਰਗੀ। ਮੱਧਮ ਪਰ ਰਿਦਮ ਵਿੱਚ ।ਇਦਾਂ ਦੀ ਬਾਰਿਸ਼ ਮਜਾ ਵੀ ਦਿੰਦੀ ਹੈ। ਗਰਮੀ ਤੋਂ ਕੁਝ ਰਾਹਤ ਮਹਿਸੂਸ ਹੋਈ। ਇੱਕ ਅਭਿਨੰਦਨ ਅਭਿਵਾਦਨ ਦਾ ਸੰਦੇਸ਼ ਦਿੰਦੀ ਹੋਈ ।ਸਭ ਕੁਝ ਚੰਗਾ ਚੰਗਾ ਲੱਗ ਰਿਹਾ ਸੀ। ਜੰਨਤ ਤੋਂ ਵੀ ਉੱਪਰ। ਅਸੀਂ ਖੱਬੇ ਪਾਸਿ ੰ ਘੁੰਮ ਕੇ ਸ਼੍ਰੀ ਦਰਬਾਰ ਸਾਹਿਬ ਦੇ ਮੁੱਖ ਦੁਆਰ ਤੇ ਪਹੁੰਚ ਗਏ ਜਿਵੇਂ ਕੋਈ ਸਦੀਆਂ ਤੋਂ ਵਿਛੜੀ ਮੰਜ਼ਿਲ ਮਿਲ ਗਈ ਹੋਵੇ। ਅਧੂਰੇ ਚਾਵਾਂ ਨੂੰ ਜਿਵੇਂ ਸੰਪੂਰਨਤਾ ਦੇ ਖੰਭ ਲੱਗੇ ਗਏ ਹੋਣ। ਸੱਜੇ ਪਾਸੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਸਥਾਨ ਹੈ। ਇਸ ਨੂੰ ਦੇਖ ਕੇ ਦਰਸ਼ਨ ਕਰਕੇ ਮਨ ਦੀ ਤ੍ਰਿਪਤੀ ਪੂਰਨਤਾ ਵਿੱਚ ਬਦਲ ਗਈ। ਝੁਕ-ਝੁਕ ਮੱਥਾ ਟੇਕਿਆ। ਪੰਡੋਤ ਬੰਦਨਾ ਵਿੱਚ ਕੈਮਰਾ ਕ੍ਰਿਤ ਕੀਤਾ। ਵੱਖ ਵੱਖ ਫੋਟੋਆਂ ਯਾਦ ਵਿੱਚ ਸੰਭਾਲਣ ਲਈ ਸ਼੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦਹਲੀਜ਼ ਨੂੰ ਪੰਡੋਤ ਬੰਦਨਾ ਕਰਦੇ ਹੋਏ ਅੰਦਰ ਪ੍ਰਵੇਸ਼ ਕੀਤਾ। ਪ੍ਰਾਚੀਨ ਸਮੇਂ ਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੋਭਨੀਏਂ ਸਥਾਨ ਇੱਥੇ ਫਿਰ ਮੱਥਾ ਟੇਕਿਆ। ਅੱਖ ਭਰ ਭਰ ਗਹੁ ਨਾਲ ਰੀਝ ਨਾਲ, ਤ੍ਰਿਪਤੀ ਨਾਲ, ਇੱਕ ਲਲਕ ਇੱਕ ਸੰਪੂਰਨ ਹੋਈ ਜਗਿਆਸਾ ਨਾਲ, ਰੱਜ ਰੱਜ ਦਰਸ਼ਨ ਕੀਤੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਚੱਲ ਰਹੇ ਸੀ, ਸੱਜੇ ਪਾਸੇ ਕੀਰਤਨੀਏ ਜੱਥਾ ਭਾਈ ਸਾਹਿਬ ਕੀਰਤਨ ਕਰ ਰਹੇ ਸਨ, ਨਾਲ ਗੋਲਕ ਸੀ ਜਿਸ ਵਿੱਚ ਸ਼ਰਧਾ ਮੁਤਾਬਕ ਦਸਵੰਧ ਦਿੱਤਾ ਜਾ ਰਿਹਾ ਸੀ। ਮੇਰੀ ਪਤਨੀ ਬਲਬੀਰ ਕੌਰ ਇਕ ਰੁਮਾਲਾ ਸਾਹਿਬ ਅੰਮ੍ਰਿਤਸਰ ਤੋਂ ਲੈ ਕੇ ਆਈ ਸੀ। ਮੈਂ ਉੱਥੇ ਇੱਕ ਸਿੰਘ ਸਾ-ਹਬਾਨ ਨੂੰ ਪੁੱਛਿਆ ਕਿ ਰੁਮਾਲਾ ਸਾਹਿਬ ਕਿੱਥੇ ਸ਼ੋਭਨੀਆ ਕਰਦੇ ਹਨ। ਉਹਨਾਂ ਕਿਹਾ ਕਿ ਖੱਬੇ ਪਾਸੇ ਚੌਂਕੀ ਦੇ ਨਾਲ ਉੱਪਰ ਰੱਖ ਦੇਵੋ ਉੱਥੇ ਪਹਿਲਾਂ ਵੀ ਕਈ ਰੁਮਾਲੇ ਪਏ ਸਨ। ਇੱਥੇ ਵੀ ਵੱਖ-ਵੱਖ ਕੋਨਿਆਂ ਤੋਂ ਤਸਵੀਰਾਂ ਕ੍ਰਿਤ ਕੀਤੀਆਂ। ਮਨ ਦੀ ਰੀਝ ਜਿਵੇਂ ਅਧਿਆਤਮਕ ਹੋ ਗਈ ਹੋਵੇ, ਤ੍ਰਿਪਤ ਸਕੂਨ ਹੋ ਗਈ ਹੋਵੇ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ 'ਚੋਂ ਪਿੱਛੇ ਦੀ ਬਾਹਰ ਨਿਕਲਦੇ ਸਾਰ ਹੀ ਖੱਬੇ ਪਾਸੇ ਪ੍ਰਾਚੀਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਸ਼ੋਭਨੀਏ ਅਸਥਾਨ ਹੈ ਜੋ ਰੁਮਾਲਿਆਂ ਨਾਲ ਢੱਕਿਆ ਹੋਇਆ ਹੈ। ਅੱਖਾਂ ਨੇ ਮਨ ਦਿਲ ਰੂਹ ਨੇ ਭਰ-ਭਰ ਕੇ ਦਰਸ਼ਨ ਕੀਤੇ, ਸਾਰੀ ਇਕਾਗਰਤਾ ਰੂਹ ਨੂੰ ਆਨੰਦਿਤ ਕਰ ਗਈ, ਜਿਵੇਂ ਭਟਕਦੇ ਰਾਹੀ ਨੂੰ ਮੰਜ਼ਿਲ ਮਿਲ ਗਈ ਹੋਵੇ। ਇਸ ਦੇ ਨਾਲ ਹੀ ਸੁੱਕਾ ਪ੍ਰਸ਼ਾਦ ਚਾਰ ਚਾਰ ਪੈਕਟਾਂ ਵਿੱਚ ਸਭ ਨੂੰ ਮਿਲਦਾ ਹੈ। ਨਾਲ ਕੜਾਹ ਵੰਡਿਆ ਜਾਂਦਾ ਹੈ। ਅਸੀਂ ਪਰਿਕਰਮਾ ਕਰਕੇ ਫਿਰ ਮੁੱਖ ਦੁਆਰ 'ਤੇ ਆ ਗਏ। ਇਸ ਦੇ ਪਿਛਲੇ ਪਾਸੇ ਪ੍ਰਾਚੀਨ ਸ਼ਿਲਪ ਦੀਆਂ ਪੌੜੀਆਂ ਹਨ, ਉਹ ਪਰ ਛੱਤ ਵੱਲ ਨੂੰ ਜਾਂਦੀਆਂ ਹਨ। ਇਹ ਪੌੜੀਆਂ ਲਗਭਗ 47 ਦੇ ਕਰੀਬ ਹਨ। ਇਹ ਸਥਾਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਹੀ ਬਣਿਆ ਹੋਇਆ ਹੈ ਪਰ ਇਸ ਨੂੰ ਸਾਜ ਸੱਜਾ ਨਾਲ ਸਵਾਰਿਆ ਗਿਆ ਹੈ। ਪੌੜੀਆਂ ਚੜਦੇ ਉੱਪਰਲੀ ਛੱਤ ਨੂੰ ਤਾਲਾ ਲੱਗਿਆ ਹੋਇਆ ਸੀ, ਅਸੀਂ ਵਾਪਸ ਆ ਗਏ ਇੱਥੇ ਬਾਕੀ ਹੋਰ ਕਈ ਕਮਰੇ ਹਨ। ਇਸ ਸਥਾਨ ਦੇ ਬਾਹਰ ਨਾਲ ਹੀ ਪ੍ਰਾਚੀਨ ਢਿੱਡਾਂ ਵਾਲਾ ਖੂਹ ਹੈ ਅਤੇ ਪ੍ਰਾਚੀਨ ਸੱਭਿਆਚਾਰਕ ਚੀਜ਼ਾਂ ਦੇਖਣ ਨੂੰ ਮਿਲਦੀਆਂ ਹਨ।

ਬਾਰਿਸ਼ ਫਿਰ ਸ਼ੁਰੂ ਹੋ ਗਈ ਇੱਕਦਮ ਫਰਾਟੇਦਾਰ ਬਾਰਿਸ਼ ਜਿਵੇਂ ਮਾਹੀਆ ਗਾਉਣ ਵੇਲੇ ਢੋਲ ਵੱਜਦਾ ਹੈ, ਪੂਰੇ ਡਗੇ ਵੱਜ ਰਹੇ ਸੀ ਜਿਵੇਂ ਕੋਈ ਉੱਚੀ ਉੱਚੀ ਬੋਲੀਆਂ ਪਾ ਰਿਹਾ ਹੋਵੇ ਅਸੀਂ ਸਭ ਨੇ ਯੋਜਨਾ ਬਣਾ ਲਈ ਕਿ ਪਹਿਲਾਂ ਲੰਗਰ ਛੱਕ ਲਿਆ ਜਾਵੇ ਫਿਰ ਮਾਰਕੀਟ ਵਿੱਚ ਚਲਾਂਗੇ। ਇਸ ਸਾਰੇ ਗਲਿਆਰੇ ਤੋਂ ਤੁਸੀਂ ਬਾਹਰ ਨਹੀਂ ਜਾ ਸਕਦੇ, ਤਾਰਾਂਦਾਰ ਜਾਲੀ ਲਗਾ ਕੇ ਚਾਰੋਂ ਤਰਫੋਂ ਰਸਤਾ ਬੰਦ ਕੀਤਾ ਹੋਇਆ ਹੈ ਪਰ ਦੂਰ ਦੇ, ਨਜ਼ਦੀਕ ਦੇ ਪਿੰਡ ਨਜ਼ਰ ਆਉਂਦੇ ਹਨ। ਅਸੀਂ ਲੰਗਰ ਹਾਲ ਵਿੱਚ ਚਲੇ ਗਏ। ਵਾਹ ਭਾਈ ਵਾਹ ਖੂਬਸੂਰਤ ਦਿਖ ਵਾਲੀ ਇਮਾਰਤ ਸਵੱਛ ਸਾਫ। ਅਸੀਂ ਲੰਗਰ ਹਾਲ ਵਿਖੇ ਲਗਭਗ ਦੋ ਵਜੇ ਦੁਪਹਿਰ ਦੇ ਕਰੀਬ ਪਹੁੰਚੇ, ਲੰਗਰ ਹਾਲ ਦੇ ਨਾਲ ਹੀ ਸਾਫ ਸੁਥਰਾ ਚਮਕਦਾ ਰਸੋਈ ਘਰ ਹੈ ਇੱਕਦਮ ਸਫਾਈ। ਆਧੁਨਿਕ ਢੰਗ ਦੀਆਂ ਰਸੋਈ ਪਕਵਾਨ ਮਸ਼ੀਨਾਂ। ਰਸੋਈ ਦੇ ਨਾਲ ਮੁਸਲਮਾਨ ਭੈਣਾਂ ਪ੍ਰਸ਼ਾਦੇ ਪਕਾ ਰਹੀਆਂ ਸਨ ਉੱਥੇ ਕੁਝ ਸਿੱਖ ਬੀਬੀਆਂ ਵੀ ਲੰਗਰ ਪਕਾਉਣ ਲੱਗੀਆਂ ਪਈਆਂ। ਇਸ ਲੰਗਰ ਹਾਲ ਵਿੱਚ ਲਗਭਗ 550 ਦੇ ਕਰੀਬ ਸੰਗਤ ਬੈਠ ਸਕਦੀ ਹੈ। ਲੰਗਰ ਹਾਲ ਵਿੱਚ ਗਰਮਾ ਗਰਮ ਕੜੀ ਪਕੌੜਾ ਕੜੀ ਦੇ ਉੱਪਰ ਪਕੌੜੇ ਜ਼ਿਆਦਾ ਤੈਰਦੇ ਨਜ਼ਰ ਆ ਰਹੇ ਸੀ। ਸਵਾਦਿਸ਼ਟ ਨਿਊਟਰੀ, ਸਬਜ਼ੀਆਂ, ਮਿੱਠੇ ਚਾਵਲ, ਦਹੀਂ, ਚਾਹ ਆਦਿ ਲੱਜਤਦਾਰ ਲੰਗਰ। ਸਾਂਝੀਵਾਲਤਾ ਦੀ ਇੱਕ ਮਿਸਾਲ। ਬਾਬੇ ਨਾਨਕ ਦਾ ਲੰਗਰ। ਹਾਲ ਦੇ ਮੁੱਖ ਸੇਵਾਦਾਰ ਜਨਾਬ ਲੱਭੂ ਰਾਮ ਜੋ ਹਿੰਦੂ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਤੇ ਪਾਕਿਸਤਾਨ ਵਿੱਚ ਵੀ ਰਹਿੰਦੇ ਹਨ। ਲੰਗਰ ਹਾਲ ਵਿੱਚ ਅਮੂਮਨ, ਸਿੱਖ ਅਤੇ ਹਿੰਦੂ ਪਰਿਵਾਰਾਂ ਦੇ ਸ਼ਰਧਾਲੂ ਹੀ ਵੇਖਣ ਨੂੰ ਮਿਲੇ ਪਰ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਸੇਵਾ ਕਰਦੇ ਹਨ। ਮੁਸਲਮਾਨ ਭਾਈਚਾਰੇ ਦੇ ਵੀ ਕਾਫੀ ਲੋਕ ਦਰਸ਼ਨ ਕਰਨ ਲਈ ਆਏ ਹੋਏ ਸੀ ਜੋ ਲੰਗਰ ਹਾਲ ਵਿੱਚ ਮੌਜੂਦ ਸਨ। ਸਾਨੂੰ ਪਾਕਿਸਤਾਨ ਲਾਹੌਰ ਤੋਂ ਮਿਲਣ ਲਈ ਸਾਡੇ ਪਰਮ ਦੋਸਤ ਜਨਾਬ ਨੂਰ ਅਹਿਮਦ ਜੱਟ ਅਤੇ ਉਨਾਂ ਦੇ ਸਾਥੀਆਂ ਨੇ ਆਉਣਾ ਸੀ, ਉਹਨਾਂ ਦਾ ਬਾਰ-ਬਾਰ ਫੋਨ ਆ ਰਿਹਾ ਸੀ ਕਿ ਆ ਰਹੇ ਹਾਂ। ਬਾਰਿਸ਼ ਸਵੇਰ ਤੋਂ ਹੀ ਗੁਣਗੁਣਾ ਰਹੀ ਸੀ। ਇੱਥੋਂ ਲਾਹੌਰ ਕਾਫੀ ਦੂਰ ਪੈਂਦਾ ਹੈ। ਅਸੀਂ ਉਹਨਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸੀ। ਸਾਡਾ ਪ੍ਰੋਗਰਾਮ ਸੀ ਕਿ ਲੰਗਰ ਸਾਰੇ ਇਕੱਠੇ ਹੀ ਖਾਈਏ ਪਰ ਉਹ ਲੇਟ ਹੋ ਗਏ ਦੋਵੇਂ ਪਾਸੇ ਚੈਕਿੰਗ ਬਹੁਤ ਜਿਆਦਾ ਹੈ, ਖੈਰ ਉਹ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਆ ਗਏ ਸਨ। ਜਨਾਬ ਨੂਰ ਅਹਿਮਦ ਜੱਟਾਂ ਹੋਰਾਂ ਨੇ ਉੱਥੇ ਪਹੁੰਚ ਕੇ ਸਾਡੀਆਂ ਤਸਵੀਰਾਂ ਮੋਬਾਈਲ 'ਚੋਂ ਪੁਲਿਸ ਅਧਿਕਾਰੀਆਂ ਅਤੇ ਲੋਕਾਂ ਨੂੰ ਦੱਸ ਦਿੱਤੀਆਂ ਕਿ ਜੇਕਰ ਅਸੀਂ ਮਿਲੀਏ ਤਾਂ ਸੂਚਿਤ ਕਰ ਦੇਣ। ਅਸੀਂ ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਨਿਸ਼ਚਿਤ ਸਮੇਂ ਵਿੱਚ ਵਾਪਸ ਜਾਣਾ ਸੀ ਤੁਸੀਂ ਜ਼ਿਆਦਾ ਦੇਰ ਤੱਕ ਇੱਥੇ ਨਹੀਂ ਰਹਿ ਸਕਦੇ। ਅਸੀਂ ਲੰਗਰ ਹਾਲ 'ਚ ਉਹਨਾਂ ਦੀ ਉਡੀਕ ਕਰਨ ਤੋਂ ਬਾਅਦ ਮਾਰਕੀਟ ਵਿੱਚ ਆ ਗਏ। ਮਾਰਕੀਟ ਲੰਗਰ ਹਾਲ ਤੋਂ ਥੋੜੀ ਦੂਰ ਹੈ। ਮਾਰਕੀਟ ਵਿੱਚ ਜਾ ਕੇ ਮੈਂ ਕਿਸੇ ਪਾਕਿਸਤਾਨੀ ਸੱਜਣ ਦੇ ਫੋਨ ਤੋਂ ਨੂਰ ਅਹਿਮਦ ਜੱਟ ਨੂੰ ਫੋਨ ਮਿਲਾਇਆ। ਉਹਨਾਂ ਕਿਹਾ ਕਿ ਅਸੀਂ ਗੁਰਦੁਆਰਾ ਸਾਹਿਬ ਆ ਚੁੱਕੇ ਹਾਂ। ਅਸੀਂ ਉਹਨਾਂ ਨੂੰ ਦੱਸ ਦਿੱਤਾ ਕਿ ਅਸੀਂ ਮਾਰਕੀਟ ਵਿੱਚ ਹਾਂ। ਸ਼ਾਮ ਦੇ ਲਗਭਗ ਚਾਰ ਵੱਜ ਚੁੱਕੇ ਸੀ, ਸਮਾਂ ਕਾਫੀ ਹੋ ਚੁੱਕਾ ਸੀ। ਮੁਲਾਕਾਤ ਅਤੇ ਦਰਸ਼ਨ ਕਰਨ ਦਾ ਸਮਾਂ ਲਗਭਗ ਸਮਾਪਤ ਹੋਣ ਦੇ ਕਗਾਰ 'ਤੇ ਸੀ। ਅਸੀਂ ਜਲਦੀ ਜਲਦੀ ਉੱਥੋਂ ਖਰੀਦੋ ਫਰੋਖ਼ਤ ਕਰਨ ਲੱਗੇ, ਖਾਣ ਪੀਣ ਦੀਆਂ ਦੁਕਾਨਾਂ, ਕੱਪੜੇ ਦੀਆਂ ਦੁਕਾਨਾਂ ਮਨਿਆਰੀ ਅਤੇ ਚੱਪਲ ਮਾਰਕੀਟ ਵਗੈਰਾ ਸੀ। ਦੁਕਾਨਾਂ ਥੋੜੀਆਂ ਹੀ ਸਨ। ਮੈਂ ਉੱਥੋਂ ਚਾਰ ਜੋੜੇ ਪਸੋਰੀ ਚੱਪਲਾਂ ਲੈ ਲਈਆਂ। ਇੱਕ ਚਪਲ ਲਗਭਗ 2500 ਪਾਕਿਸਤਾਨੀ ਕਰੰਸੀ ਦੇ ਹਿਸਾਬ ਨਾਲ। ਪਤਨੀ ਨੇ ਕੁਝ ਪਸੰਦੀਦਾ ਕੱਪੜੇ ਖਰੀਦ ਲਏ। ਇਨੇ ਚਿਰ ਨੂੰ ਜਨਾਬ ਨੂਰ ਅਹਿਮਦ ਜੱਟ ਅਤੇ ਸਾਥੀ ਦੂਰੋਂ ਨਜ਼ਰ ਆ ਗਏ। ਦੂਰੋਂ ਦੌੜ ਕੇ ਇੱਕ ਦੂਸਰੇ ਨੂੰ ਤਪਾਕ ਨਾਲ ਲਪਕ ਤੇ ਲਲਕ ਨਾਲ ਘੁੱਟ ਕੇ ਜੱਫੀ ਪਾ ਕੇ ਮਿਲੇ ਜਿਵੇਂ ਚਿਰਾਂ ਬਾਅਦ ਵਿਛੜੇ ਭਰਾ ਮਿਲੇ ਹੋਣ। ਪੰਜਾਬ ਤੇ ਪੰਜਾਬੀਅਤ ਦੀ ਘੁਟਵੀਂ ਜੱਫੀ ਜੋ ਕਦੀ ਲਹਿ ਨਹੀ ਸਕਦੀ। ਘੁਟ ਘੁਟ ਕੇ ਗਲਵੱਕੜੀਆਂ ਪਾਈਆਂ। ਆਲੇ ਦੁਆਲੇ ਦੇ ਸਾਰੇ ਲੋਕੀ ਸਾਡੇ ਵੱਲ ਵੇਖ ਵੇਖ ਖੁਸ਼ ਹੋ ਰਹੇ ਸੀ। ਸਾਡੀਆਂ ਫੋਟੋਆਂ ਖਿੱਚ ਰਹੇ ਸੀ, ਕਈਆਂ ਨੇ ਸਾਡੇ ਗਰੁੱਪ ਨਾਲ ਫੋਟੋਆਂ ਖਿੱਚਵਾਈਆਂ। ਨੂਰ ਨੇ ਜਲਦੀ ਜਲਦੀ ਗੁਲਾਬ ਦੇ ਫੁੱਲ ਵਾਲੇ ਕੁਝ ਹਾਰ ਕੱਢੇ ਸਾਡੇ ਸਾਰਿਆਂ ਨੇ ਗਲ ਵਿੱਚ ਹਾਰ ਪਾ ਕੇ ਦਿਲ ਚੁੰਬਵਾਂ ਨਿੱਘਾ ਸਾਂਝ ਭਰਪੂਰ ਸਵਾਗਤ ਕੀਤਾ। 'ਜੀ ਆਇਆਂ' ਵਿੱਚ ਘੁੱਲ ਗਈ ਸਾਂਝੀਵਾਲਤਾ ਦੇ ਰਿਸ਼ਤਿਆਂ ਦੀ ਮਿੱਟੀ ਮਿੱਠੀ ਸੁਗੰਧ। ਵੀਡੀ ਬਣਾਈਆਂ ਗਈਆਂ ਦੋਵੇਂ ਪੰਜਾਬ ਦੇ ਵੀਰ ਮਿਲੇ ਇੱਕ ਖੂਬਸੂਰਤ ਮਿਲਣੀ ਜੰਨਤ ਵਰਗਾ ਪਿਆਰ, ਮੋਹ, ਸਤਿਕਾਰ, ਉਮੰਗ, ਤਰੰਗ, ਇਕ ਲਲਕ ਅਸਮਾਨ ਨੂੰ ਛੂ ਗਏ। ਸਭ ਹੱਦਾਂ ਬੰਨੇ ਸਰਹੱਦਾਂ ਉੱਡ ਪੁੱਡ ਗਈਆਂ, ਸਿਰਫ ਇਨਸਾਨੀ ਕਦਰਾਂ ਕੀਮਤਾਂ ਦੀ ਇੱਕ ਮਿਸਾਲ ਬਾਬੇ ਨਾਨਕ ਦੀ ਬਾਣੀ ਦੀ ਇੱਕ ਮਿਸਾਲ। ਇਹ ਮਿਲਣੀ ਇੱਕ ਯਾਦਗਾਰੀ ਮਿਲਣੀ ਸੀ। ਦੂਜੇ ਹੋਰ ਲੋਕ ਵੀ ਮਿਲਣੀ ਦੇ ਮੌਕੇ ਤਸਵੀਰਾਂ ਵਿੱਚ ਖਿੱਚ ਰਹੇ ਸੀ। ਸਾਰਾ ਦ੍ਰਿਸ਼ ਇੱਕ ਨਿੱਘੀ ਖੁਸ਼ਬੂ ਵਿੱਚ ਤੈਰਨ ਲੱਗਾ। ਜਨਾਬ ਨੂਰ ਅਹਿਮਦ ਜੱਟ ਕਹਿਣ ਲੱਗੇ ਕਿ ਆ ਅਸੀਂ ਸਾਰੇ ਚਾਹ ਵਗੈਰਾ ਪੀਂਦੇ ਹਾਂ ਪਰ ਮੈਂ ਉਹਨਾਂ ਨੂੰ ਕਿਹਾ ਕਿ 5 ਵਜੇ ਚੁੱਕੇ ਹਨ। ਸਮਾਂ ਬਹੁਤ ਹੋ ਚੁੱਕਿਆ ਹੈ ਅਸੀਂ ਪੁਲਿਸ ਮਹਿਕਮੇ ਦੇ ਕਰਮਚਾਰੀਆਂ ਕੋਲੋਂ ਇਜਾਜ਼ਤ ਲੈ ਕੇ ਜਲਦੀ ਜਲਦੀ ਇੱਕ ਬਰਾਮਟੇ ਵਿੱਚ ਕਵੀ ਦਰਬਾਰ ਕੀਤਾ। ਆਪਸ ਵਿੱਚ ਗੱਲਾਂ ਬਾਤਾਂ ਮਾਰੀਆਂ। ਇਸ ਤੋਂ ਬਾਅਦ ਮੈਂ ਜਲਦੀ ਜਲਦੀ ਆਪਣੇ ਬੈਗ 'ਚੋਂ ਇੱਕ ਕਨੇਡੀਅਨ ਘੜੀ, ਸੈਂਟ ਅਤੇ ਕੱਪੜੇ ਕੱਢ ਕੇ ਨੂਰ ਸਾਹਿਬ ਨੂੰ ਬੜੇ ਇਤਮੀਨਾਨ ਨਾਲ ਨਮਨ ਕਿਰਿਆ ਵਿੱਚ ਸਤਿਕਾਰ ਨਾਲ ਉਹਨਾਂ ਨੂੰ ਦੇ ਦਿੱਤੇ। ਉਹਨਾਂ ਮੇਰਾ ਕਈ ਵਾਰ ਸ਼ੁਕਰੀਆ ਅਦਾ ਕੀਤਾ। ਨੂਰ ਸਾਹਿਬ ਨੇ ਦੋ ਕਿਲੋ ਮਠਿਆਈ ਦਾ ਡੱਬਾ, ਚਾਰ ਜੋੜੇ ਪਸੌਰੀ ਚੱਪਲਾਂ ਮੈਨੂੰ ਦੇ ਦਿੱਤੀਆਂ। ਸਮਾਂ ਬਹੁਤ ਹੋ ਚੁੱਕਾ ਸੀ ਵਾਪਸ ਜਾਣ ਲਈ। ਫਿਰ ਉਸੇ ਪਹਿਲੇ ਢੰਗ ਤਰੀਕੇ ਨਾਲ ਚੈਕਿੰਗ ਨਾਲ ਵਾਪਸ ਜਾਣਾ ਹੁੰਦਾ ਹੈ। ਅਸੀਂ ਫਿਰ ਜਲਦੀ ਜਲਦੀ ਆਪਸ ਵਿੱਚ ਮਿਲੇ ਗਲਵਕੜੀਆਂ ਪਾਈਆਂ। ਖੁਸ਼ੀ ਦੇ ਖੂਬਸੂਰਤ ਪਲਾਂ ਦੀ ਖੁਸ਼ਬੂ ਹਵਾ ਵਿੱਚ ਤੈਰਨ ਲੱਗੀ। ਸਾਂਝੀ ਵਾਲਤਾ ਵਿੱਚ ਘੁੱਲ ਘੁੱਲ ਕੇ ਫਿਰ ਦੁਬਾਰਾ ਜਲਦੀ ਮਿਲਣ ਦਾ ਦਾਅਵਾ ਕਰਕੇ ਹੱਥ ਮਿਲਾਉਂਦੇ ਹੋਏ ਇੱਕ ਦੂਸਰੇ ਤੋਂ ਜੁਦਾ ਹੋ ਗਏ। ਸੱਤ ਕਿਲੋ ਭਾਰ ਇੱਕ ਵਿਅਕਤੀ ਲਿਜਾ ਸਕਦਾ ਹੈ ਕਾਊਂਟਰ 'ਤੇ ਬੱਸ ਲੱਗੀ ਹੋਈ ਸੀ। ਚੈਕਿੰਗ ਕਰਵਾ ਕੇ ਬੱਸ ਵਿੱਚ ਬੈਠ ਗਏ। ਪੰਜ ਕਿਲੋਮੀਟਰ ਦਾ ਸਫਰ ਤੈਅ ਕਰਦੇ ਹੋਏ ਅਸੀਂ ਪਾਕਿਸਤਾਨ ਦੀ ਚੈਕਿੰਗ ਵਿਭਾਗ ਵਿੱਚ ਆ ਗਏ। ਇੱਥੇ ਤਸੱਲੀ ਨਾਲ ਚੈਕਿੰਗ ਹੁੰਦੀ ਹੈ। ਪਾਕਿਸਤਾਨ ਦੇ ਅਧਿਕਾਰੀਆਂ ਨੇ ਸਭ ਤੋਂ ਪਹਿਲਾਂ ਗਲੇ ਵਿੱਚ ਪਏ ਸ਼ਨਾਖਤੀ ਕਾਰਡ ਉਤਾਰੇ। ਇਸ ਤੋਂ ਬਾਅਦ ਸਾਰੀ ਚੈਕਿੰਗ ਹੋਈ। ਕੋਈ ਵੀ ਵਿਅਕਤੀ ਯਾਤਰੀ ਪਾਕਿਸਤਾਨ ਦੀ ਕਰੰਸੀ ਨਾਲ ਨਹੀਂ ਲਿਜਾ ਸਕਦਾ ਇਸ ਉੱਪਰ ਸਖਤ ਪਾਬੰਦੀ ਹੈ। ਸਾਡੇ ਸਾਥੀ ਪਾਲ ਗੁਰਦਾਸਪੁਰੀ ਨੇ ਗ਼ਲਤੀ ਨਾਲ ਚੇਤਾ ਭੁਲਾ ਕੇ ਪਾਕਿਸਤਾਨ ਦੀ ਕਰੰਸੀ ਨਾਲ ਲੈ ਆਏ। ਕੁੱਝ ਨੋਟ ਬਟੂਏ ਵਿੱਚ ਸੀ ਕੁਝ ਕਮੀਜ਼ ਦੀ ਜੇਬ ਵਿੱਚ। ਚੈਕਿੰਗ ਦੌਰਾਨ ਉਹ ਕੰਪਿਊਟਰ ਵਿੱਚ ਨਜ਼ਰ ਆ ਗਏ। ਪਾਲ ਨੂੰ ਫੜ ਕੇ ਇੱਕ ਪਾਸੇ ਲੈ ਗਏ ਤੇ ਸਖਤ ਨੋਟਿਸ ਲਿਆ। ਕਾਫੀ ਪੁੱਛ ਪੜਤਾਲ ਤੋਂ ਬਾਅਦ ਉਹਨਾਂ ਅਧਿਕਾਰੀਆਂ ਨੇ ਪਾਲ ਤੋਂ ਪਾਕਿਸਤਾਨ ਕਰੰਸੀ ਲੈ ਕੇ ਪਾੜ ਦਿੱਤੀ ਅਤੇ ਕੂੜੇਦਾਨ ਵਿੱਚ ਸੁੱਟ ਦਿੱਤੀ। ਸਾਡਾ ਦੋਸਤ ਐਡਵੋਕੇਟ ਰਾਜਪਾਲ ਸਿੰਘ 200 ਡਾਲਰ ਜਮਾਂ ਕਰਵਾ ਕੇ ਪਰਚੀ (ਰਸੀਦ) ਲਈ ਸੀ ਉਹ ਗੁੰਮ ਕਰ ਬੈਠੇ। ਫਿਰ ਉੱਥੇ ਪੰਗਾ ਖੜਾ ਹੋ ਗਿਆ, ਖ਼ੈਰ,ਉਹਨਾਂ ਕੋਲ ਕੰਪਿਊਟਰ ਵਿੱਚ ਸਬੂਤ ਸੀ। ਉਹਨਾਂ ਚੈੱਕ ਕਰ ਲਿਆ ਪਰ ਸਖ਼ਤ ਵਾਰਨਿੰਗ ਦਿੱਤੀ।

ਫਿਰ ਅਸੀਂ ਬੱਸ 'ਚ ਬੈਠ ਕੇ ਭਾਰਤ ਪਹੁੰਚ ਗਏ। ਪਾਕਿ ਸੀਮਾ ਉੱਪਰ ਆ ਗਏ। ਪਹਿਲੇ ਤਰੀਕੇ ਨਾਲ ਹੀ ਅਸੀਂ ਮੁੜ ਵਾਪਸ ਭਾਰਤੀ ਚੈਕਿੰਗ ਵਿਭਾਗ ਵਿੱਚ ਦਾਖ਼ਲ ਹੋ ਗਏ ਜਾਨੀ ਕਿ ਡੇਰਾ ਬਾਬਾ ਨਾਨਕ ਕੋਰੀਡੋਰ। ਇੱਥੇ ਫਿਰ ਪੂਰੀ ਚੈਕਿੰਗ ਹੋਈ। ਪਤਨੀ ਅਤੇ ਮੇਰੇ ਕੋਲ ਇੱਕ-ਇੱਕ ਬੈਗ ਸੀ। ਪਤਨੀ ਕੋਲ ਦੋ ਕਿਲੋ ਮਠਿਆਈ ਦਾ ਡੱਬਾ ਸੀ ਜੋ ਨੂਰ ਸਾਹਿਬ ਨੇ ਦਿੱਤਾ ਸੀ। ਇੱਥੇ ਇੱਕ ਮਹਿਲਾ ਕਰਮਚਾਰੀ ਨੇ ਸਾਨੂੰ ਰੋਕ ਲਿਆ ਅਤੇ ਸਾਡੇ ਬੈਗਾਂ ਦੀ ਤਸੱਲੀ ਨਾਲ ਤਲਾਸ਼ੀ ਲਈ। ਮਹਿਲਾ ਕਰਮਚਾਰੀ ਨੇ ਕਿਹਾ ਕਿ ਤੁਸੀਂ ਮਠਿਆਈ ਲੈ ਕੇ ਆਏ ਹੋ, ਇਸ ਨੂੰ ਨਾਲ ਲਿਜਾਨ ਦੀ ਇਜਾਜ਼ਤ ਨਹੀਂ। ਅਸੀਂ ਕਿਹਾ ਕਿ ਪਾਕਿਸਤਾਨ ਦੇ ਸਾਡੇ ਦੋਸਤ ਨੇ ਗਿਫਟ ਦੇ ਰੂਪ ਵਿੱਚ ਦਿੱਤੀ ਹੈ। ਮਹਿਲਾ ਕਰਮਚਾਰੀ ਨੇ ਕਿਹਾ ਕਿ ਇਸ ਡੱਬੇ ਨੂੰ ਖੋਲ੍ਹ ਕੇ ਇਸ ਵਿੱਚੋਂ ਥੋੜੀ ਮਠਿਆਈ ਖਾ , ਅਸਾਂ ਥੋੜੀ ਮਠਿਆਈ ਖਾਦੀ ਫਿਰ ਉਹਨਾਂ ਸਾਨੂੰ ਸਖ਼ਤ ਹਦਾਇਤਾਂ ਦੇ ਕੇ ਜਾਣ ਦਿੱਤਾ। ਅਸੀਂ ਸਭ ਖੁਸ਼ੀ ਦੇ ਮੂੜ ਵਿੱਚ ਸਾਂ, ਡੇਰਾ ਬਾਬਾ ਨਾਨਕ ਦੇ ਕੋਰੀਡੋਰ ਦੇ ਬਾਹਰ ਅਸੀਂ ਰਾਜ ਗੁਰਦਾਸਪੁਰੀ ਅਤੇ ਪਾਲ ਗੁਰਦਾਸਪੁਰੀ ਦੀਆਂ ਪੁਸਤਕਾਂ ਦਾ ਵੀ ਵਿਮੋਚਨ ਕੀਤਾ। ਅਸਾਂ ਸਭ ਨੇ ਸਲਾਹ ਕੀਤੀ ਕਿ ਹੁਣ ਆਏ ਹੋਏ ਹਾਂ ਕਿ ਡੇਰਾ ਬਾਬਾ ਨਾਨਕ ਦੇ ਸਾਰੇ ਗੁਰਦੁਆਰੇ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਚੱਲੀਏ। ਅਸੀਂ ਗੱਡੀਆਂ ਵਿੱਚ ਬੈਠ ਕੇ ਚੋਲ੍ਹਾ ਸਾਹਿਬ ਗੁਰਦੁਆਰਾ ਆ ਗਏ। ਇੱਥੇ ਚੋਲ੍ਹਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕੀਤੇ। ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਸਲੀ ਚੋਲ੍ਹਾ ਸਾਹਿਬ ਅਤੇ ਬੀਬੀ ਨਾਨਕੀ ਦਾ ਹੱਥ ਨਾਲ ਕੱਢਿਆ ਰੁਮਾਲ ਸ਼ੀਸ਼ੇ ਵਿੱਚ ਮੜਾ ਕੇ ਰੱਖਿਆ ਹੋਇਆ ਹੈ। ਇਸ ਦੇ ਅਸੀਂ ਦਰਸ਼ਨ ਕੀਤੇ, ਫੋਟੋਆਂ ਲਈਆਂ ਜੋ ਇੱਥੇ ਧਾਰਮਿਕ ਸਥਾਨਾਂ ਦੇ ਗੁਰਦੁਆਰੇ ਵੇਖਣਯੋਗ ਹਨ। ਇਸ ਪ੍ਰਕਾਰ ਹਨ ਪਿੰਡ ਪੱਖੋਕੇ ਗੁਰੂ ਨਾਨਕ ਦੇਵ ਜੀ ਦੇ ਸਹੁਰਿਆਂ ਦਾ ਪਿੰਡ ਤੇ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਭਤੀਜੇ ਨੂੰ ਭਰਾ ਲਕਸ਼ਮੀ ਚੰਦ ਤੋਂ ਲੈ ਲਿਆ ਸੀ, ਇਹ ਲੰਬੀ ਕਥਾ ਹੈ। ਮੇਨ ਬਾਜ਼ਾਰ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਜਿੱਥੇ ਜੀਤੇ ਰੰਧਾਵੇ ਦਾ ਖੂਹ ਹੈ। ਇੱਥੇ ਗੁਰੂ ਨਾਨਕ ਦੇਵ ਜੀ ਵੀ ਠਹਿਰੇ ਸਨ। ਗੁਰਦੁਆਰਾ ਮੰਡੀ ਸਾਹਿਬ ਗੁਰਦੁਆਰਾ ਭੂਰੀ ਵਾਲੇ ਸੰਤਾਂ ਦਾ ਗੁਰਦੁਆਰਾ ਬਾਬਾ ਰਾਜਿੰਦਰ ਸਿੰਘ ਤੇ ਬਾਬਾ ਬਲਬੀਰ ਸਿੰਘ ਬੇਦੀ, ਗੁਰਦੁਆਰਾ ਟਾਹਲੀ ਸਾਹਿਬ, ਗੁਰਦੁਆਰਾ ਬਾਬਾ ਕਿਰਪਾ ਦਾਸ, ਗੁਰਦੁਆਰਾ ਰਾਮਗੜੀਆ, ਗੁਰਦੁਆਰਾ ਬਾਬਾ ਮੰਗਲ ਰਾਮ, ਬਾਬਾ ਕਿਰਪਾ ਰਾਮ, ਸਥਾਨ ਬਾਬਾ ਲਾਡੋ ਜੀ। ਇਹ ਯਾਤਰਾ ਇੱਕ ਯਾਦਗਾਰੀ ਯਾਤਰਾ ਹੋ ਨਿਬੜੀ। ਤੁਸੀਂ ਵੀ ਜਾ , ਸ਼੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) 15 ਦਿਨਾਂ ਬਾਅਦ ਤੁਸੀਂ ਫਿਰ ਦੁਬਾਰਾ ਜਾ ਸਕਦੇ ਹੋ।

# ਨਿਊਯਾਰਕ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ ਗਿਆ




ਸਕੱਤਰ ਬਲਵਿੰਦਰ ਭੌਰਾ



ਭਾਰਤੀ ਸਫ਼ਾਰਤਖ਼ਾਨੇ ਤੋਂ ਪ੍ਰਗਿਆ ਸਿੰਘ




ਕਮਿਸ਼ਨਰ ਇਮਾਨੂਅਲ ਕਾਸਟਰੋ
ਕਮਿਸ਼ਨਰ ਅਫੇਅਰ ਆਫ਼ਿਸ ਸਿਟੀ ਮੇਅਰ




ਚੇਅਰਮੈਨ ਜਸਵਿੰਦਰ ਸਿੰਘ ਬਿੱਲਾ



ਪ੍ਰਧਾਨ ਪਰਮਜੀਤ ਕਮਾਮ



ਵਾਈਸ ਪ੍ਰਧਾਨ ਪਰਮਜੀਤ ਫਿਲੌਰ



ਸਾਬਕਾ ਪ੍ਰਧਾਨ ਬਲਬੀਰ ਚੰਦ ਚੁੰਬਰ



ਸਾਬਕਾ ਪ੍ਰਧਾਨ ਅਸ਼ੋਕ ਕੁਮਾਰ ਮਾਹੀ



ਸਾਬਕਾ ਪ੍ਰਧਾਨ ਨਿਰਮਲ ਸਿੰਘ



ਮਾਸਟਰ ਮਹਿੰਦਰ ਸਿੰਘ



ਸਾਬਕਾ ਹੈੱਡ ਗ੍ਰੰਥੀ ਦਰਸ਼ਨ ਸਿੰਘ



ਸਾਂਝੀਵਾਲਤਾ ਦੇ ਪ੍ਰਤੀਕ ਪ੍ਰਧਾਨ ਪਰਮਜੀਤ ਕਮਾਮ ਅਤੇ ਚੇਅਰਮੈਨ ਜਸਵਿੰਦਰ ਸਿੰਘ ਬਿੱਲਾ



**ਨਿਊਯਾਰਕ (ਬਲਵਿੰਦਰ ਭੌਰਾ)** ਬੀਤੀ 16 ਫ਼ਰਵਰੀ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਨਿਊਯਾਰਕ ਵਿਖੇ ਬੜੇ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਕਹਿਰ ਦੀ ਠੰਢ ਤੇ ਭਾਰੀ ਬਾਰਿਸ਼ ਹੋਣ ਦੇ ਬਾਵਜੂਦ ਵੀ ਗੁਰੂ ਦੇ ਪਿਆਰ ਵਿੱਚ ਰੰਗੀਆਂ ਸੰਗਤਾਂ ਨੇ ਰਿਕਾਰਡ ਤੋੜ ਹਾਜ਼ਰੀ ਭਰੀ ।ਮੌਸਮ ਦੀ ਖ਼ਰਾਬੀ ਨੂੰ ਵੇਖਦਿਆਂ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਪੁਖਤਾ ਇੰਤਜ਼ਾਮ ਕੀਤੇ ਗਏ ਸਨ ਤੇ ਖਾਸ ਤੌਰ ਗੱਡੀਆਂ ਤੱਕ ਜਾਣ ਲਈ ਮੁਫ਼ਤ ਛੱਤਰੀਆਂ ਦੀ ਸੇਵਾ ਵੀ ਉਪਲੱਬਧ ਕਰਵਾਈ ਗਈ ਸੀ। ਪ੍ਰਬੰਧਕਾਂ ਵੱਲੋਂ ਇਸ ਵਾਰ ਗੁਰੂ ਘਰ ਨੂੰ ਨਿਵੇਕਲੀ ਸਜਾਵਟ ਕਰਕੇ ਸਮਾਗਮ ਨੂੰ ਦਰਸ਼ਨੀ ਬਣਾ ਦਿੱਤਾ। ਗੁਰਪੁਰਬ ਨੂੰ ਮਨਾਉਂਦਿਆਂ 3 ਫ਼ਰਵਰੀ ਤੋਂ ਗਿਆਰਾਂ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ ਸੀ ਅਤੇ ਗਿਆਰਾਂ ਫ਼ਰਵਰੀ ਰਾਤ ਦੇ ਕੀਰਤਨ ਦੀਵਾਨ ਸਜਾਏ ਗਏ ਉਪਰੰਤ 12:01 ਰਾਤ ਆਗਮਨ ਪੁਰਬ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਰੋਜ਼ਾਨਾ ਸ਼ਾਮ ਸਵੇਰੇ ਕੀਰਤਨ ਦਰਬਾਰ ਸਜਾਏ ਗਏ ਤੇ ਸੰਗਤਾਂ ਵੱਲੋਂ ਹਾਜਰੀਆਂ ਭਰੀਆਂ ਗਈਆਂ। 16 ਫ਼ਰਵਰੀ ਨੂੰ ਸਵੇਰੇ 9:00 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਨਵੇਂ ਪੁਸ਼ਾਕੇ ਪਹਿਨਾਏ ਗਏ ਤੇ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਕੀਰਤਨ ਦਰਬਾਰ ਆਰੰਭ ਕੀਤੇ ਗਏ। ਪ੍ਰੋਗਰਾਮ ਦੀ ਆਰੰਭਤਾ ਇੱਕ ਛੋਟੇ ਬੱਚੇ ਗੁਨਵੰਸ਼ ਸਿੰਘ ਨੇ ਇੱਕ ਸ਼ਬਦ ਗਾਇਨ ਕਰਕੇ ਕੀਤੀ ਉਪਰੰਤ ਪੰਥ ਪ੍ਰਸਿੱਧ ਕੀਰਤਨੀ ਜਥਿਆਂ ਜਿਨ੍ਹਾਂ 'ਚ ਭਾਈ ਸਤਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਚਰਨ ਸਿੰਘ ਖ਼ਾਲਸਾ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ,ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ, ਭਾਈ ਮਹਾਵੀਰ ਸਿੰਘ ਦਾ ਜੱਥਾ, ਸੁਖਵਿੰਦਰ ਸਿੰਘ ਜਲੰਧਰ ਵਾਲੇ,ਤੇ ਪ੍ਰਸਿੱਧ ਢਾਡੀ ਜੱਥਾ ਭਾਈ ਮੋਹਣ ਸਿੰਘ ਬਡਾਣਾ, ਗੁਰੂ ਘਰ ਦਾ ਜੱਥਾ ਭਾਈ ਦਿਲਬਾਗ ਸਿੰਘ, ਰੂਪ ਸਿੰਘ, ਸਰਬਜੀਤ ਸਿੰਘ ਜੀ ਸਮੂਹ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਅਤੇ ਗੁਰੂ ਜੀ ਦੀਆਂ ਮਨੁੱਖਤਾ ਲਈ ਕੀਤੀਆਂ ਪ੍ਰੇਰਨਾਵਾਂ ਤੇ ਉਪਦੇਸ਼ ਸਾਂਝੇ ਕੀਤੇ ਗਏ। ਇਹਨਾਂ ਤੋਂ ਇਲਾਵਾ ਬੀਬੀ ਸੁਰਿੰਦਰ ਕੌਰ ਤੇ ਬੀਬੀ ਯੋਮੇਸ਼ ਸ਼ਰਮਾ ਨੇ ਵੀ ਇੱਕ ਇੱਕ ਸ਼ਬਦ ਨਾਲ ਹਾਜ਼ਰੀ ਲਗਵਾਈ। ਇਸ ਮੌਕੇ ਨਿਊਯਾਰਕ ਸਿਟੀ ਪ੍ਰਸ਼ਾਸਨ ਵੱਲੋਂ ਮੇਅਰ ਆਫਿਸ ਤੋਂ "ਇਮਾਨੂਅਲ ਕਾਸਟਰੋ ਕਮਿਸ਼ਨਰ ਕਮਿਊਨਿਟੀ ਅਫੇਅਰ, ਭਾਰਤੀ ਸਫ਼ਾਰਤਖ਼ਾਨੇ ਤੋਂ ਪ੍ਰਗਿਆ ਸਿੰਘ, ਉੱਘੇ ਬਿਜਨੈਸਮੈਨ ਜਸਵਿੰਦਰ ਸਿੰਘ ਜੌਹਲ ਅਤੇ ਦੀਪਕ ਭਾਰਤਵਾਜ ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ ਦੇ ਸਾਬਕਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਨੇ ਵੀ ਵਿਸ਼ੇਸ਼ ਤੌਰ ਤੇ ਸੰਗਤਾਂ ਨਾਲ ਵਧਾਈ ਸੰਦੇਸ਼ ਸਾਂਝੇ ਕੀਤੇ ।ਇਨ੍ਹਾਂ ਤੋਂ ਇਲਾਵਾ ਸਾਬਕਾ ਪ੍ਰਧਾਨ ਅਤੇ ਡਾਕਟਰ ਬੀ.ਆਰ ਅੰਬੇਦਕਰ ਕਲੱਬ ਯੂ।ਐਸ।ਏ ਦੇ ਮੌਜੂਦਾ ਪ੍ਰਧਾਨ ਸ੍ਰੀ ਅਸ਼ੋਕ ਕੁਮਾਰ ਮਾਹੀ, ਸਾਬਕਾ ਪ੍ਰਧਾਨ ਨਿਰਮਲ ਸਿੰਘ , ਸਾਬਕਾ ਪ੍ਰਧਾਨ ਬਲਬੀਰ ਚੰਦ ਚੁੰਬਰ ਨੇ ਵਧਾਈ ਸੰਦੇਸ਼ ਦਿੰਦੇ ਹੋਏ ਕਿਹਾ ਕਿ ਇਹ ਮੰਚ ਨੂੰ ਬਣਾਉਣ ਤੇ ਸਜਾਉਣ ਲਈ ਸਾਰੇ ਸਮਾਜ ਨੂੰ ਬੜੇ ਯਤਨ ਕਰਨੇ ਪਏ ਹਨ ਜਿਥੋਂ ਅਸੀਂ ਆਪਣੇ ਸਮਾਜ ਦੇ ਵਿਕਾਸ ਤੇ ਵਿਚਾਰਾਂ ਦਾ ਖੁਲ ਕੇ ਪ੍ਰਚਾਰ ਕਰ ਸਕਦੇ ਹਾਂ ,ਉਪਰੰਤ ਗੁਰੂ ਘਰ ਦੇ ਸਾਬਕਾ ਹੈਡ ਗ੍ਰੰਥੀ ਭਾਈ ਦਰਸ਼ਨ ਸਿੰਘ ਨੇ ਵੀ ਵਿਸ਼ੇਸ਼ ਤੌਰ ਤੇ ਵਧਾਈ ਦਿੱਤੀ। ਗੁਰੂ ਘਰ ਦੇ ਪ੍ਰਧਾਨ ਸ੍ਰੀ ਪਰਮਜੀਤ ਕਮਾਮ ਨੇ ਜਿਥੇ ਸੰਗਤਾਂ ਨੂੰ ਵਧਾਈ ਦਿੱਤੀ ਉਥੇ ਆਉਣ ਵਾਲੇ ਸਮੇਂ ਵਿੱਚ ਸੰਗਤਾਂ ਲਈ ਵਧੀਆ ਪ੍ਰਬੰਧ ਕੀਤੇ ਜਾਣ ਸਬੰਧੀ ਮੌਸਮ ਦੀ ਖਰਾਬੀ ਨੂੰ ਦੇਖਦਿਆਂ ਭਵਿੱਖ ਵਿੱਚ ਗੁਰਪੁਰਬ ਮਾਰਚ ਮਹੀਨੇ ਵਿੱਚ ਮਨਾਇਆ ਜਾਵੇਗਾ। ਨਵੀਂ ਕਮੇਟੀ ਦੀ ਚੋਣ ਵੀ ਗੁਰਪੁਰਬ ਮਨਾਉਣ ਤੋਂ ਬਾਅਦ ਹੀ ਕਰੀ ਜਾਇਆ ਕਰੇਗੀ, ਅਤੇ ਗੁਰੂ ਰਵਿਦਾਸ ਜੀ ਦੇ 650ਵੇਂ ਵਿਸ਼ੇਸ਼ ਦਿਹਾੜੇ ਨੂੰ ਮਨਾਉਣ ਲਈ ਹੁਣ ਤੋਂ ਹੀ ਤਿਆਰੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਵਿਸ਼ੇਸ਼ ਤੌਰ ਤੇ ਗੀਤਕਾਰਾਂ ਤੇ ਕੌਲ ਬਰਾਦਰ ਮਿਊਜ਼ਿਕ ਤੇ ਏ।ਆਰ ਮਿਊਜ਼ਿਕ ਕੰਪਨੀ ਦਾ ਧੰਨਵਾਦ ਕੀਤਾ ਜਿਨ੍ਹਾਂ ਗੁਰੂ ਦੇ ਗੀਤਾਂ ਨੂੰ ਗੁਰਪੁਰਬ ਤੇ ਰੀਲੀਜ ਕੀਤਾ। ਇਸ ਤੋਂ ਬਾਅਦ ਗੁਰੂ ਘਰ ਦੇ ਚੇਅਰਮੈਨ ਸ੍ਰੀ ਜਸਵਿੰਦਰ ਸਿੰਘ ਬਿੱਲਾ ਨੇ ਵੀ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਮਾਗਮ ਕਰਾਉਣ ਦਾ ਲਾਹਾ ਤਾਂ ਹੀ ਹੋਵੇਗਾ ਜੇ ਅਸੀਂ ਗੁਰੂ ਸਾਹਿਬ ਦੇ ਬੇਗਮਪੁਰਾ ਦੇ ਸੰਕਲਪ ਨੂੰ ਆਪਣੇ ਨਿੱਜੀ ਵਰਤਾਰੇ ਵਿੱਚ ਵੀ ਅਮਲੀ ਰੂਪ ਦਈਏ। ਇਸ ਮੌਕੇ ਭਾਈਚਾਰੇ ਦੇ ਉੱਘੇ ਕਾਰੋਬਾਰੀ ਅਤੇ ਗੁਰੂ ਘਰ ਦੇ ਅਨਿਨ ਸੇਵਕ ਸ੍ਰ ਭਜਨ ਸਿੰਘ ਸਹੋਤਾ ਤੇ ਸਮੂਹ ਪਰਿਵਾਰ ਵੱਲੋਂ ਗੁਰੂ ਘਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਈ ਇੱਕ ਨਵੀਂ ਮਰਸਡੀ ਗੱਡੀ ਭੇਟ ਕਰਨ ਦਾ ਐਲਾਨ ਵੀ ਕੀਤਾ ਹੈ। ਇਸ ਮੌਕੇ ਮੀਡੀਏ ਤੋਂ ਗਲੋਬਲ ਪੰਜਾਬ ਟੀ.ਵੀ. ਤੇ ਸਾਂਝਾ ਪੰਜਾਬ ਦੀ ਟੀਮ ਵੱਲੋਂ ਵਿਸ਼ੇਸ਼ ਕਵਰੇਜ ਕੀਤੀ ਗਈ । ਗੁਰੂ ਘਰ ਦੇ ਯੂਟਿਊਬ ਚੈਨਲ ਤੋਂ ਲਾਈਵ ਲਈ ਵੀਡੀਓ ਗ੍ਰਾਫੀ ਤੇ ਫੋਟੋਗ੍ਰਾਫੀ ਦੀ ਸੇਵਾ ਗਰੀਸ਼ ਕੁਮਾਰ ਤੇ ਤਵਿੰਦਰ ਹੈਪੀ ਨੇ ਪੂਰੀ ਤਨਦੇਹੀ ਨਾਲ ਨਿਭਾਈ। ਗੁਰੂ ਘਰ ਦੇ ਲੰਗਰਾਂ ਤੋਂ ਇਲਾਵਾ ਵੱਖ ਵੱਖ-ਵੱਖ ਸੰਸਥਾਵਾਂ ਤੇ ਕਾਰੋਬਾਰੀ ਵੀਰਾਂ ਤੇ ਪਰਿਵਾਰਾਂ ਵੱਲੋਂ ਵਿਸ਼ੇਸ਼ ਸੁਆਦਲੇ ਪਕਵਾਨ ਲੰਗਰ ਦੇ ਰੂਪ ਵਿੱਚ ਵਰਤਾਏ ਗਏ ਜਿਨ੍ਹਾਂ 'ਚ ਪੀਜ਼ਾ, ਵੈਜ਼ੀ ਬਰਗਰ, ਤਾਜ਼ੀ ਰਸ ਦਾ ਬੇਲਣਾਂ, ਤਾਜ਼ੀਆਂ ਜਲੇਬੀਆਂ, ਗਰਮ ਕੌਫ਼ੀ, ਗਰਮ ਕੇਸਰ ਵਾਲਾ ਦੁੱਧ, ਤਾਜ਼ਾ ਜੂਸ, ਫਰੂਟ ਚਾਟ, ਛੋਲੇ ਭਟੂਰੇ, ਛੋਲੇ ਟਿਕੀਆਂ, ਮਾਹਲ ਪੂੜੀਆਂ ਆਦਿ ਲੰਗਰਾਂ ਦਾ ਸੰਗਤਾਂ ਨੇ ਖ਼ੂਬ ਆਨੰਦ ਮਾਣਿਆ। ਜਿੱਥੇ ਸਮੂੰਚੀ ਪ੍ਰਬੰਧਕ ਕਮੇਟੀ ਤੇ ਟਰੱਸਟ ਕਮੇਟੀ ਨੇ ਪੂਰੀ ਜ਼ਿੰਮੇਵਾਰੀ ਨਾਲ ਸੇਵਾ ਨਿਭਾਈ ਹੈ ਉਥੇ ਗੁਰੂ ਘਰ ਦੇ ਗ੍ਰੰਥੀ ਸਿੰਘਾਂ ਬਾਬਾ ਬ੍ਰਹਮ ਦਾਸ, ਭਾਈ ਰੂਪ ਸਿੰਘ, ਭਾਈ ਦਿਲਬਾਗ ਸਿੰਘ ਅਤੇ ਭਾਈ ਸਰਬਜੀਤ ਸਿੰਘ ਨੇ ਪੂਰੀ ਤਨਦੇਹੀ ਨਾਲ ਸੇਵਾ ਕੀਤੀ ਹੈ। ਸਮੂਹ ਸੰਗਤ ਤੇ ਉਨ੍ਹਾਂ ਪਰਿਵਾਰਾਂ ਤੇ ਵੀਰਾਂ ਦਾ ਵੀ ਧੰਨਵਾਦ ਜਿਨ੍ਹਾਂ ਦਿਨ ਰਾਤ ਇਕ ਕਰ ਕੇ ਸੇਵਾ ਕੀਤੀ ।ਪ੍ਰਬੰਧਕਾਂ ਵੱਲੋਂ ਆਪਣਾ ਬਜ਼ਾਰ ਕੈਸ਼ ਐਂਡ ਕੈਰੀ ਅਤੇ ਡਾਂ ਬੀ।ਆਰ ਅੰਬੇਦਕਰ ਕਲੱਬ ਯੂ.ਐਸ. ਏ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਗੁਰੂ ਘਰ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਮਾਇਆ ਭੇਟਾ ਕੀਤੀ ।ਅੰਤ ਵਿੱਚ ਗੁਰੂ ਘਰ ਦੇ ਮੀਤ ਪ੍ਰਧਾਨ ਸ੍ਰੀ ਪਰਮਜੀਤ ਫਿਲੌਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਜੁਆਇੰਟ ਸਕੱਤਰ ਸ੍ਰੀ ਬਲਵਿੰਦਰ ਭੌਰਾ ਨੇ ਜ਼ੁੰਮੇਵਾਰੀ ਨਾਲ ਨਿਭਾਈ ।

# ਨਿਊਯਾਰਕ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ ਗਿਆ


ਗੁਰੂ ਘਰ ਦੇ ਪ੍ਰਧਾਨ ਪਰਮਜੀਤ ਕਮਾਮ ਅਤੇ ਬਾਕੀ ਪ੍ਰਬੰਧਕ ਰੁਮਾਲਾ ਸਾਹਿਬ ਭੇਟ ਕਰਦੇ ਹੋਏ


ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਅਰਦਾਸ ਵਿੱਚ ਸ਼ਾਮਲ ਸੰਗਤਾਂ


ਨਿਸ਼ਾਨ ਸਾਹਿਬ ਨੂੰ ਨਵੇਂ ਪੁਸ਼ਾਕੇ ਪਹਿਨਾਉਣ ਤੋਂ ਬਾਅਦ


ਸਿਰੋਪਾਓ ਦੀ ਬਖ਼ਸ਼ਿਸ਼ ਭੇਟਾ


ਈ ਹਰਚਰਨ ਸਿੰਘ ਖ਼ਾਲਸਾ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ


ਭਾਈ ਸੁਖਵਿੰਦਰ ਸਿੰਘ ਜਲੰਧਰ ਵਾਲੇ


ਛੋਟਾ ਬੱਚਾ ਗੁਨਵੰਸ਼ ਸਿੰਘ ਸ਼ਬਦ ਗਾਇਨ ਕਰਦਾ ਹੋਇਆ


ਸਿਰੋਪਾਓ ਦੀ ਬਖ਼ਸ਼ਿਸ਼ ਭੇਟਾ


ਸਿਰੋਪਾਓ ਦੀ ਬਖ਼ਸ਼ਿਸ਼ ਭੇਟਾ


ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ


ਢਾਡੀ ਜਥਾ ਮੋਹਣ ਸਿੰਘ ਬਡਾਣਾ ਵਾਲੇ


ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ


ਭਾਈ ਮਹਾਵੀਰ ਸਿੰਘ ਦਾ ਜੱਥਾ


ਗੁਰੂ ਘਰ ਦਾ ਜੱਥਾ ਭਾਈ ਦਿਲਬਾਗ ਸਿੰਘ ਜੀ


ਗੁਰੂ ਘਰ ਦੇ ਗ੍ਰੰਥੀ ਸਿੰਘ

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


ਪ੍ਰਧਾਨ ਪਰਮਜੀਤ ਕਮਾਮ ਤੇ ਜਨਰਲ ਸੈਕਟਰੀ ਚਰਨਜੀਤ ਸਿੰਘ ਝੱਲੀ



# ਨਿਊਯਾਰਕ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ ਗਿਆ














# ਨਿਊਯਾਰਕ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ ਗਿਆ
























ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਪਾਲੀ ਮਾਂਗਟ-ਬਾਲੀਵੁੱਡ ਫਿਲਮਾਂ ਵੀ ਪਰ ਵੱਡੀ ਬ੍ਰੇਕ?

ਅਜੇ ਦੇਵਗਨ, ਸਲਮਾਨ ਖਾਨ ਨਾਲ ਫ਼ਿਲਮਾਂ ਵੀ ਕੀਤੀਆਂ ਹਨ ਤੇ ਹੁਣੇ ਜਾਨ ਅਬ੍ਰਾਹਮ ਨਾਲ "ਡਿਪਲੋਮੈਟ"ਪਾਲੀ ਮਾਂਗਟ




ਦੀ ਫ਼ਿਲਮ ਆਈ ਹੈ ਪਰ ਇਸ ਦੇ ਬਾਵਜੂਦ ਗਿੱਪੀ ਗਰੇਵਾਲ, ਐਮੀ ਵਿੱਰਕ, ਕਾਰਜ ਗਿੱਲ ਦੀਆਂ ਫ਼ਿਲਮਾਂ ਉਸ ਨੂੰ ਕਿਉਂ ਨਹੀਂ? ਪਾਲੀ ਮਾਂਗਟ ਨੇ ਦੇਵ ਖਰੋੜ ਨਾਲ "ਰੁਪਿੰਦਰ ਗਾਂਧੀ" ਵੱਡੇ ਕਿਰਦਾਰ ਨਾਲ ਕੀਤੀ ਪਰ ਫਿਰ ਵੀ ਉਹ ਨਵੇਂ ਨਿਰਮਾਤਾ ਤੇ ਨਿਰਦੇਸ਼ਕਾਂ ਦੀਆਂ ਫ਼ਿਲਮਾਂ ਤੇ ਕਰ ਰਹੇ ਹਨ। ਹੁਣੇ "ਕਬੂਤਰਬਾਜ਼" ਆਈ ਤੇ "ਮਿੱਠਾ ਜ਼ਹਿਰ" ਆ ਰਹੀ ਹੈ। ਪਾਲੀ ਡੀਲ ਡੌਲ ਤੇ ਐਕਟਰ ਚੋਟੀ ਦਾ ਹੈ। ਵੱਡੇ ਬੈਨਰ ਉਸ ਨੂੰ ਮੌਕਾ ਜ਼ਰੂਰ ਦੇਣ ਤਾਂ ਉਹ ਚੋਟੀ ਦਾ ਵਿਲੇਨ ਬਣ ਸਕਦਾ ਹੈ। ਪਾਲੀ ਦਾ ਸੁਭਾਅ ਵੀ ਚੰਗਾ ਹੈ ਤੇ ਖਾਸ ਮੰਗ ਵੀ ਨਹੀਂ, ਇਸ ਲਈ ਵੱਡੇ ਬੈਨਰ ਜ਼ਰੂਰ ਪਾਲੀ ਮਾਂਗਟ ਨੂੰ ਮੌਕਾ ਦੇਣ।

### ਪ੍ਰਭਜੋਤ ਰੰਧਾਵਾ-ਇਸ ਸਾਲ ਸਟਾਰ ਐਕਟ੍ਰੈਸ ਬਣੇਗੀ



ਗੋਲ ਚਿਹਰਾ ਤੇ ਚਮਕਦੀਆਂ ਅੱਖਾਂ ਪ੍ਰਭਜੋਤ ਰੰਧਾਵਾ ਦੀ ਪਿਆਰੀ ਦਿੱਖ ਦਾ ਪ੍ਰਤੀਕ ਹਨ ਤੇ ਪ੍ਰਭ ਇੰਟਰਨੈਟ ਤੇ ਦਿਨ ਬ ਦਿਨ ਛਾਅ ਰਹੀ ਹੈ। ਪ੍ਰਭਜੋਤ ਰੰਧਾਵਾ ਪਤਲੀ ਪਤੰਗ ਜੱਟੀ ਲੱਗਦੀ ਹੈ ਤੇ ਭਗਵੰਤ ਕੰਗ ਦੇ ਨਿਰਦੇਸ਼ਨ ਨੇ ਉਸ ਨੂੰ ਚਰਚਿਤ ਅਭਿਨੇਤਰੀ ਬਣਾ ਦਿੱਤਾ ਹੈ। "ਉੱਜੜੇ ਖ਼ੂਹ ਦਾ ਪਾਣੀ" ਵਿੱਚ ਉਸ ਦਾ ਕੰਮ ਲਾਜਵਾਬ ਰਿਹਾ ਤੇ ਹੁਣ ਉਹ "ਕੇਰਮ ਬੋਰਡ" ਦੀ ਵੀ ਇੱਕ ਤਰਾਂ ਨਾਲ ਨਾਇਕਾ ਹੈ। ਉਹ ਆਖਦੀ ਹੈ ਕਿ ਭਗਵੰਤ ਕੰਗ ਬਹੁਤ ਹੀ ਸੁਲਝੇ ਫਿਲਮਕਾਰ ਨੇ ਤੇ ਉਸ ਦੇ ਫ਼ਿਲਮੀ ਕੈਰੀਅਰ ਨੂੰ ਸੰਵਾਰਨ ਵਿੱਚ ਉਹਨਾਂ ਦਾ ਅਥਾਹ ਯੋਗਦਾਨ ਹੈ। ਪ੍ਰਭਜੋਤ ਰੰਧਾਵਾ ਇਸ ਸਾਲ ਵੱਡੀਆਂ ਪੰਜਾਬੀ ਫ਼ਿਲਮਾਂ ਵਿੱਚ ਵੀ ਨਜ਼ਰ ਆਏਗੀ ਉਸ ਦਾ ਕੰਮ ਦੇਖ ਕਿਹਾ ਜਾ ਸਕਦਾ ਹੈ।

### ਰਾਮ ਭੋਗਪੁਰ-ਭਾਰਤੀ ਅੱਛੀ ਐਕਟ੍ਰੈਸ, ਫ਼ਿਲਮ ਕਰਾਂਗੇ

ਇਸ ਵਕਤ ਰਾਮ ਭੋਗਪੁਰ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਸ਼ਹਿਨਸ਼ਾਹ ਹਨ ਰਾਮ ਭੋਗਪੁਰ। ਹਰੇਕ ਧਰਮ ਦੇ ਉਤਸਵ ਮੌਕੇ ਭਗਤੀ ਤੇ



ਧਾਰਮਿਕ ਗੀਤ ਪੇਸ਼ ਕਰਨ ਵਾਲੇ ਰਾਮ ਖ਼ੁਦ ਅੱਛੇ ਅਦਾਕਾਰ ਵੀ ਰਹੇ ਹਨ ਤੇ ਭਾਰਤੀ ਸਿੰਘ ਦੀ ਕਮੇਡੀ ਉਹਨਾਂ ਨੂੰ ਪ੍ਰਭਾਵਿਤ ਕਰਦੀ ਹੈ। ਰਾਮ ਜਿੱਥੇ ਅਨੁਰਾਧਾ ਪੌਡਵਾਲ, ਸੁਰੇਸ਼ ਵਾਦੇਕਰ, ਸਾਧਨਾ ਸਰਗਮ ਬਾਲੀਵੁੱਡ ਤੇ ਫਿਰੋਜ਼ ਖਾਨ, ਮਨਜੀਤ ਪੱਪੂ ਪਾਲੀਵੁੱਡ ਦੇ ਟਰੈਕ ਪੇਸ਼ ਕਰਦੇ ਨੇ ਉਥੇ ਉਹਨਾਂ ਕਿਹਾ ਕਿ ਸਮਾਂ ਆਉਣ ਤੇ ਉਹ ਆਪਣੇ ਫਿਲਮ ਪੱਤੇ ਵੀ ਖੋਹਲ ਦੇਣਗੇ। ਰਾਮ ਕੋਲ ਬੰਨੀ ਸ਼ਰਮਾ, ਸੁੱਖ ਵਾਲੀਆ, ਮਨੀਸ਼ ਸ਼ਰਮਾ ਤੇ ਬਾਬਾ ਕਮਲ ਇੱਕ ਵਧੀਆ ਫ਼ਿਲਮੀ ਟੀਮ ਵੀ ਹੈ । ਇਸ ਵੇਲੇ "ਡਮਰੂ" ਉਹਨਾਂ ਦਾ ਨਵਾਂ ਪੇਸ਼ ਟਰੈਕ ਹੈ।

### ਸਿੰਮੀਪ੍ਰੀਤ ਕੌਰ- ਨੌਜਵਾਨ ਨਿਰਦੇਸ਼ਕ ਕਰੇਗੀ ਫ਼ਿਲਮਾਂ

ਸਿੰਮੀ ਪ੍ਰੀਤ ਕੌਰ ਦੇ ਉਤਸ਼ਾਹ ਨੂੰ ਸਲਾਮ ਕਹਿਣਾ ਬਣਦਾ ਹੈ ਤੇ ਸਿੰਮੀ ਪ੍ਰੀਤ ਨੂੰ ਕੈਮਰੇ ਨਾਲ ਬਚਪਨ ਤੋਂ ਪਿਆਰ ਉਸ ਨੂੰ ਡਾਇਰੈਕਟਰ ਬਣਾ ਗਿਆ ਹੈ। ਜਿੱਥੇ ਉਹ ਵੀਡਿਓ ਐਲਬਮ ਗਾਣੇ ਡਾਇਰੈਕਟ ਕਰ ਰਹੀ ਹੈ ਉੱਥੇ ਪੰਜਾਬੀ ਫ਼ਿਲਮਾਂ ਸਬੰਧੀ ਵੀ ਤਜ਼ਰਬੇ ਹਾਸਿਲ ਕਰ ਰਹੀ ਹੈ। ਸਿੰਮੀ ਹਰੇਕ ਨਵੀਂ ਪੰਜਾਬੀ ਫ਼ਿਲਮ ਦੇਖਦੀ ਹੈ ਤੇ ਤਾਜ ਜਿਹੇ ਫਿਲਮ ਨਿਰਦੇਸ਼ਕ ਉਸ ਲਈ ਮਾਰਗ ਦਰਸ਼ਕ ਹਨ। ਸਿੰਮੀ ਅੱਛੀ ਲੇਖਕ ਵੀ ਹੈ ਤੇ ਉਸ ਦੀ ਭਾਸ਼ਾ ਵਿੱਚ ਠੰਡਕ ਤੇ ਸਾਹਿਤ ਦੋਵੇਂ ਹੁੰਦੇ ਹਨ। ਸਿੰਮੀ ਪ੍ਰੀਤ ਕੌਰ ਇੱਕ ਦਿਨ



ਪੰਜਾਬੀ ਫ਼ਿਲਮਾਂ ਵੀ ਡਾਇਰੈਕਟ ਕਰੇਗੀ ਤੇ ਲਘੂ ਫ਼ਿਲਮਾਂ ਤੋਂ ਓ ਟੀ ਤੇ ਫ਼ਿਰ ਸਿਨੇਮਾ ਲਈ ਫ਼ਿਲਮਾਂ ਡਾਇਰੈਕਟ ਕਰ ਕਿ ਪਾਲੀਵੁੱਡ ਦੀ ਕਾਮਯਾਬ ਨਾਰੀ ਨਿਰਦੇਸ਼ਕ ਬਣੇਗੀ।

### ਬਿੱਟੂ ਮਾਨ- ਇਸ ਸਾਲ ਵਾਅਦਾ ਵੱਡੇ ਪ੍ਰੋਜੈਕਟਾਂ ਦਾ

ਬਿੱਟੂ ਮਾਨ ਬਹੁਤ ਮਿਹਨਤੀ ਲੜਕਾ ਹੈ ਤੇ ਸੈਟ ਤੇ ਡਾਇਰੈਕਟਰ



ਬਣ ਉਹ ਖੁਦ ਸਪੋਟ ਬੁਆਏ ਵਾਲੇ ਕੰਮ ਕਰ ਕੰਮ ਵਿੱਚ ਤੇਜ਼ੀ ਲਿਆਉਣ ਲਈ ਪ੍ਰਸਿੱਧ ਹਨ। ਬਿੱਟੂ ਮਾਨ ਦਾ ਸੁਖਵਿੰਦਰ ਪੰਛੀ ਲਈ ਨਿਰਦੇਸ਼ਤ ਗਾਣਾ "ਯਾਰ ਕਮੀਣੇ" ਵਧੀਆ ਚਰਚਾ ਪ੍ਰਾਪਤ ਕਰ ਗਿਆ। ਬਿੱਟੂ ਮਾਨ ਨੇ "ਰਾਣੋ" ਓ ਟੀ ਲਈ ਬਣਾ ਰਲੀਜ਼ ਕੀਤੀ। "ਰਾਣੋ 2" ਵੀ ਬਿੱਟੂ ਮਾਨ ਦੀ ਆ ਚੁੱਕੀ ਹੈ।ਇਸ ਸਾਲ ਬਿੱਟੂ ਮਾਨ ਵੱਡੇ ਕਲਾਕਾਰਾਂ ਦੇ ਵੀਡਿਓ ਐਲਬਮ ਗਾਣੇ ਲਿਆ ਸਕਦੇ ਹਨ ਤੇ ਕਿਸੇ ਵੱਡੀ ਫਿਲਮ ਨੂੰ ਵੀ ਕਰਨਗੇ। ਮਹਿਕ ਸ਼ਰਮਾ ਤੇ ਪੂਜਾ ਕੌਸ਼ਲ ਨੂੰ ਅੰਬਰਾਂ ਤੇ ਉਹਨਾਂ ਲਿਆਂਦਾ ਹੈ।

### ਅਮਰ ਨਿਮਾਣਾ- ਕੰਮ ਲਈ ਵੀ ਨਿਮਾਣਾ ਬਣ ਕਾਮਯਾਬੀ ਵੱਲ

ਅਮਰ ਨਿਮਾਣਾ ਵੈਸੇ ਹਰਫਨ ਮੌਲਾ ਹਨ। ਗੀਤਕਾਰ ਬਣ ਉਹ



ਫ਼ਿਲਮਾਂ ਤੱਕ ਪਹੁੰਚੇ ਹਨ ਤੇ ਗਾਇਕ ਬਣ ਉਹਨਾਂ ਕਈ ਸ਼ੋ ਲਾਏ ਹਨ। ਅਮਰ ਨਿਮਾਣਾ ਚੋਟੀ ਦੇ ਐਡੀਟਰ ਵੀ ਹਨ ਤੇ ਵੀਡਿਓ ਐਲਬਮ ਨਿਰਦੇਸ਼ਕ ਵੀ ਹਨ। ਅਮਰ ਨਿਮਾਣਾ ਇਸ ਵੇਲੇ ਸਹਿਜ ਤੇ ਪਰੀ ਨੂੰ ਸੰਗੀਤ ਬਜ਼ਾਰ ਲਿਆ ਰਹੇ ਹਨ । ਅਮਰ ਨਿਮਾਣਾ ਦਾ ਮਕਸਦ ਵੱਡੀਆਂ ਫ਼ਿਲਮਾਂ ਕਰਨਾ ਹੈ ਤੇ ਜਲਦੀ ਹੀ ਅਮਰ ਨਿਮਾਣਾ ਵੱਲੋਂ ਇਸ ਦੀ ਅਧਿਕਾਰਤ ਰਲੀਜ਼ ਆਏਗੀ।

## ਸਾਹਿਤ, ਮਨੋਰੰਜਨ ਤੇ ਵਪਾਰਕ ਪੰਜਾਬੀ ਵੈੱਬ ਸੀਰੀਜ਼ ਦਾ ਕਾਮਯਾਬ ਨਿਰਦੇਸ਼ਕ ਹੈ ਭਗਵੰਤ ਕੰਗ




ਪੰਜਾਬੀ ਵੈੱਬ ਫ਼ਿਲਮਾਂ ਤੇ ਵੈੱਬ ਸੀਰੀਜ਼ ਖੇਤਰ ਦਾ ਰਾਜਾ ਹੈ ਡਾਇਰੈਕਟਰ ਭਗਵੰਤ ਕੰਗ ਤੇ ਕਦੇ ਕਦੇ ਉਸ ਦੇ ਕੰਮ ਵਿੱਚ ਸ਼ਿਆਮ ਬੇਨੇਗਲ ਤੇ ਕਦੇ ਗੋਬਿੰਦ ਨਿਹਲਾਨੀ ਦੀ ਝਲਕ ਪੈਂਦੀ ਹੈ। ਪੰਜਾਬੀ ਫ਼ਿਲਮਜ਼ ਦੇ ਲੇਖਕ ਤੋਂ ਸ਼ੁਰੂ ਹੋਏ ਭਗਵੰਤ ਕੰਗ ਦੀ ਹੈ ਹਰ ਵਿਸ਼ੇ ਤੇ ਪਕੜ ਤੇ ਉਹ ਸ਼ਾਨਦਾਰ ਫਿਲਮ ਐਡੀਟਰ ਵੀ ਹੈ। ਭਗਵੰਤ ਕੰਗ ਦੇ ਨਿਰਦੇਸ਼ਕ ਬਣ ਵਿਚਰਨ ਵਿੱਚ ਇਹ ਵੀ ਖਾਸ ਗੱਲ ਹੈ ਕਿ ਉਹ ਕਾਮੁਕ ਸਬਜੈਕਟ ਤੇ ਇੰਜ ਸੀਰੀਜ਼ ਦਿਖਾ ਜਾਂਦਾ ਹੈ ਜਿਵੇਂ ਇਹ ਸੱਚ ਹੋਏ ਤੇ ਮਜ਼ਬੂਰੀ ਹੋਏ। ਉਸ ਲਈ ਭਾਸ਼ਾ ਅਰਥ ਨਹੀਂ ਰੱਖਦੀ ਤੇ ਉਸ ਨੇ ਹਿੰਦੀ ਫ਼ਿਲਮਾਂ ਤੇ ਸੀਰੀਜ਼ ਵੀ ਕਾਮਯਾਬੀ ਨਾਲ ਬਣਾ ਕਿ ਇਹਨਾਂ ਨੂੰ ਹਿੱਟ ਕੀਤਾ ਹੈ।ਖਾਸ ਗੱਲ ਇਹ ਕਿ ਉਹ ਪੰਜਾਬੀ ਸਾਹਿਤ ਨੂੰ ਪਰਦੇ ਤੇ



ਉਭਾਰ ਰਿਹਾ ਹੈ। ਸਾਹਿਤਕ ਨਾਵਲ ਤੇ ਮਨੋਰੰਜਕ ਫ਼ਿਲਮ ਕਿਵੇਂ ਬਣੇ, ਸੀਰੀਜ਼ ਪ੍ਰਤੀ ਖਿੱਚ ਕਿਵੇਂ ਹੋਏ ਭਗਵੰਤ ਕੰਗ ਬਾਖ਼ੂਬੀ ਕਰਦਾ ਹੈ। ਭਗਵੰਤ ਕੰਗ ਦਾ ਕੰਮ ਬੋਲਦਾ ਹੈ। ਟੀਵੀ ਸੀਰੀਜ਼ "ਰਖੇਲ" ਤੇ "ਬਦਲਾ" ਤੇ "ਚਰਿਤ੍ਰਹੀਣ" ਵੀਡਿਊ ਇਸ ਕਦਰ ਉਸ ਡਾਇਰੈਕਟ ਕੀਤੇ ਕਿ ਵਾਰ ਵਾਰ ਦੇਖਣ ਨੂੰ ਦਿਲ ਕਰਨ ਵਾਲੀ ਗੱਲ ਹੈ। "ਸ਼ਾਇਦ ਦਿਨ ਚੜ੍ਹ ਜਾਂਦਾ" "ਲਾਡਲੀ" ਹੋਰ ਕੀ ਕਰੀਏ" ਤੇ "ਉਦਾਸ ਪਿੰਡ ਦੀ ਕਵਿਤਾ" ਸਬਜੈਕਟ" ਵਿੱਚ ਕੰਗ ਦਾ ਦਿਮਾਗ ਇਸ ਕਦਰ ਚਲਿਆ ਕਿ ਇਹ ਸਾਹਿਤਕ ਵੀ ਲੱਗੇ ਤੇ ਵਪਾਰਕ ਵੀ ਤੇ ਕੰਮ ਉਹੀ ਜਿਹੜਾ ਮੁਨਾਫ਼ੇ ਦਾ ਹੋਏ। "ਨੰਗੇਜ਼" ਸਫ਼ਲ ਤੇ "ਉੱਜੜੇ ਖੂਹ ਦਾ ਪਾਣੀ" ਕਰ ਉਸ ਦਿਖਾ ਦਿੱਤਾ ਕਿ ਪੰਜਾਬੀ ਸਾਹਿਤ ਦਮਦਾਰ ਹੈ। "ਅਣਖ" "ਖਾੜਕੂਵਾਦ" ਕੰਗ ਨੂੰ ਗੰਭੀਰ ਤੇ ਪੂਰਾ ਵਪਾਰਕ ਡਾਇਰੈਕਟਰ ਦਾ ਮਿਸ਼ਰਨ ਪੇਸ਼ ਕਰਦੇ ਪ੍ਰੋਜੈਕਟ ਰਹੇ ਹਨ। ਭਗਵੰਤ ਕੰਗ ਕੋਲ ਬਹੁਤ ਕੰਮ ਹੈ, ਤਕਨੀਕ ਤੇ ਸਾਧਨ ਹਨ। ਪਰਮਜੀਤ ਸਿੰਘ ਨਾਗਰਾ ਜਿਹੇ ਸਿਆਣੇ ਨਿਰਮਾਤਾ ਹਨ। ਤੇ ਹਾਂ ਜਗਤਾਰ ਬੈਨੀਪਾਲ ਹੋਏ, ਧੀਰਾ ਮਾਨ ਜਾਂ ਜਸਮੀਨ ਬਰਨਾਲਾ ਤੇ ਐਂਜਲੀਨਾ ਰਾਜਪੂਤ ਉਸ ਨੇ ਉਹਨਾਂ ਦਾ ਭਵਿੱਖ ਬਣਾ ਦਿੱਤਾ ਹੈ। ਜਸਵਿੰਦਰ ਪੰਜਾਬੀ ਤੋਂ ਬਲਦੇਵ ਸਿੰਘ ਸੜਕਨਾਮਾ ਤੱਕ ਉਸ ਦੀ ਨਿਰਦੇਸ਼ਨ ਕਲਾ ਦੇ ਕਾਇਲ ਹਨ। ਹੋਰ ਵੀ ਵੈੱਬ ਸੀਰੀਜ਼ ਬਹੁਤ ਹਨ ਤੇ ਇਸ ਸਮੇਂ "ਬਲਦੇ ਦਰਿਆ" ਉੱਜੜੇ ਦੇ ਦਾ ਪਾਣੀ" ਬਾਅਦ "ਮੁਰਗਾਬੀਆਂ" ਦੀ ਚਰਚਾ ਹੈ। ਦੋ ਸਾਲ ਤੱਕ ਭਗਵੰਤ ਕੰਗ ਪੰਜਾਬੀ ਓ ਟੀ ਟੀ ਦਾ ਸ਼ਹਿਨਸ਼ਾਹ ਨਿਰਦੇਸ਼ਕ ਹੋਏਗਾ। ਚਾਹੇ ਸ ਦਾ "ਫ਼ਿਲਮੀ ਅੱਡਾ" ਚੈਨਲ ਕਾਮਯਾਬ ਹੈ ਫਿਰ ਵੀ ਚੌਪਾਲ ਟੀਵੀ, ਕੇਬਲ ਵੰਨ ਹੀ ਨਹੀਂ ਐਮਾਜ਼ੋਨ ਤੇ ਨੈਟ ਫਲਿਕਸ ਤੇ ਕੰਗ ਦੀ ਚਰਚਾ ਹੋਊ। ਕੰਮ ਬਹੁਤ ਹਨ,ਵਿਸ਼ਾ ਵਸਤੂ ਬਹੁਤ ਹੈ, ਵਪਾਰਕ, ਸਾਹਿਤਕ ਤੇ ਮਨੋਰੰਜਕ ਭਗਵੰਤ ਕੰਗ ਨਾਮ ਤੋ ਸੁਨਾ ਹੋਗਾ ਤੇ ਗੱਲ ਜਾ ਮੁੱਕੇਗੀ।

**ਪੇਸ਼ਕਸ਼- ਅੰਮ੍ਰਿਤ ਪਵਾਰ**

## ਪਤੀ-ਪਤਨੀ ਨੇ ਨਹਿਰ 'ਚ ਛਾਲ ਮਾਰ ਕੇ ਕੀਤੀ ਖ਼ੁਦਕੁਸ਼ੀ, ਅਦਾਲਤ 'ਚ ਚੱਲਦੇ ਕੇਸ ਕਾਰਨ ਦੋਵੇਂ ਸਨ ਪਰੇਸ਼ਾਨ

**ਸ੍ਰੀ ਮਾਛੀਵਾੜਾ ਸਾਹਿਬ-** ਸੋਮਵਾਰ ਨੂੰ ਪਿੰਡ ਗੜੀ ਕਿਨਾਰੇ ਸਰਹਿੰਦ ਨਹਿਰ 'ਚ ਨੇੜਲੇ ਪਿੰਡ ਹੇਡੋਂ ਦੇ ਨਿਵਾਸੀ ਜਸਵੰਤ ਸਿੰਘ (38) ਸਾਲ ਤੇ ਉਸ ਦੀ ਪਤਨੀ ਨੇਹਾ ਰਾਣੀ ਨੇ ਨਹਿਰ 'ਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। ਜਾਣਕਾਰੀ ਅਨੁਸਾਰ ਕਿਸੇ ਵਿਅਕਤੀ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਇੱਕ ਕਾਰ ਸਰਹਿੰਦ ਨਹਿਰ ਕਿਨਾਰੇ ਸੁਨਸਾਨ ਹਾਲਤ 'ਚ ਖੜੀ ਹੈ। ਸੂਚਨਾ ਮਿਲਦੇ ਹੀ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ 'ਤੇ ਦੇਖਿਆ ਕਿ ਕਾਰ ਦੇ ਨੇੜੇ



ਚੱਪਲਾਂ ਤੇ ਮੋਬਾਈਲ ਫੋਨ ਪਿਆ ਸੀ। ਇਸ ਦੌਰਾਨ ਪਰਿਵਾਰਕ ਮੈਂਬਰ ਵੀ ਇਨਾਂ ਦੋਵਾਂ ਨੂੰ ਤਲਾਸ਼ ਕਰਦੇ ਹੋਏ ਮੌਕੇ 'ਤੇ ਪਹੁੰਚ ਗਏ। ਜਸਵੰਤ ਸਿੰਘ ਦੇ ਭਰਾ ਗੁਰਜੰਟ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਤੇ ਭਰਜਾਈ ਸੋਮਵਾਰ ਕਰੀਬ 3:30 ਵਜੇ ਘਰੋਂ ਕਾਰ 'ਚ ਨਿਕਲੇ ਤੇ ਜਿਨ੍ਹਾਂ ਨੇ ਕੁਝ ਸਮੇਂ ਬਾਅਦ ਜਾ ਕੇ ਸਰਹਿੰਦ ਨਹਿਰ 'ਚ ਜਾ ਕੇ ਛਾਲ ਮਾਰ ਦਿੱਤੀ। ਗੁਰਜੰਟ ਸਿੰਘ ਨੇ ਦੱਸਿਆ ਕਿ ਪਿੰਡ ਦੇ ਦੋ ਤਿੰਨ ਵਿਅਕਤੀ ਉਸ ਦੇ ਭਰਾ ਤੇ ਭਰਜਾਈ ਨੂੰ ਪਰੇਸ਼ਾਨ ਕਰਦੇ ਸਨ ਕਿਉਂਕਿ ਉਨ੍ਹਾਂ ਕੋਲ ਕੁਝ ਇਤਰਾਜ਼ਯੋਗ ਵੀਡੀ ਸਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਉਸ ਦੇ ਭਰਾ-ਭਰਜਾਈ ਦਾ ਦੂਜੀ ਧਿਰ ਨਾਲ ਅਦਾਲਤ ਵਿਚ ਕੇਸ ਚੱਲਦਾ ਸੀ। ਪਿੰਡ ਦੇ ਵਿਅਕਤੀ ਉਸ ਦੇ ਭਰਾ ਤੇ ਭਰਜਾਈ 'ਤੇ ਦਬਾਅ ਪਾਉਂਦੇ ਸਨ ਕਿ ਉਹ ਕੇਸ ਵਾਪਸ ਲੈ ਲੈਣ ਨਹੀਂ ਤਾਂ ਇਹ ਵੀਡੀ ਸ਼ੋਸ਼ਲ ਮੀਡੀਆ 'ਤੇ ਵਾਇਰਲ ਕਰ ਦੇਣਗੇ, ਜਿਸ ਕਾਰਨ ਉਹ ਪਰੇਸ਼ਾਨ ਰਹਿੰਦੇ ਸਨ। ਗੁਰਜੰਟ ਸਿੰਘ ਨੇ ਕਿਹਾ ਕਿ ਆਤਮ ਹੱਤਿਆ ਦਾ ਕਾਰਨ ਉਕਤ ਵਿਅਕਤੀ ਹਨ। ਮੰਗਲਵਾਰ ਬਾਅਦ ਦੁਪਹਿਰ ਨਹਿਰ ਵਿਚੋਂ ਗੋਤਾਖੋਰਾਂ ਨੇ ਪਤਨੀ ਨੇਹਾ ਰਾਣੀ ਦੀ ਲਾਸ਼ ਬਰਾਮਦ ਕਰ ਲਈ ਜਿਸ ਨੂੰ ਪੁਲਿਸ ਨੇ ਪੋਸਟਮਾਰਟਮ ਲਈ ਭਿਜਵਾ ਦਿੱਤਾ ਜਦਕਿ ਉਸ ਦੇ ਪਤੀ ਜਸਵੰਤ ਸਿੰਘ ਦੀ ਨਹਿਰ 'ਚੋਂ ਤਲਾਸ਼ ਕੀਤੀ ਜਾ ਰਹੀ ਹੈ। ਪਰਿਵਾਰਕ ਮੈਂਬਰਾਂ ਵੱਲੋਂ ਪੁਲਿਸ ਕੋਲ ਬਿਆਨ ਦਰਜ ਕਰਵਾਏ ਜਾ ਰਹੇ ਹਨ। ਮ੍ਰਿਤਕ ਪਤੀ-ਪਤਨੀ ਆਪਣੇ ਪਿੱਛੇ ਤਿੰਨ ਬੱਚੇ ਛੱਡ ਗਏ। ਮ੍ਰਿਤਕ ਜਸਵੰਤ ਸਿੰਘ ਕਿੱਤੇ ਵਜੋਂ ਟੈਕਸੀ ਚਾਲਕ ਸੀ ਤੇ ਬਹੁਤ ਹੀ ਸਾਊ ਸੁਭਾਅ ਦਾ ਮਾਲਕ ਸੀ।